@Qpatrika   @qaumipatrika punjabi   instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 17 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 17 ਅਗਸਤ 2024, 1 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 281, qpatrika@gmail.com ਫੋਨ : 9971359517 www.qaumipatrika.org


## ਹੋ ਗਿਆ ਜੰਮੂ ਕਸ਼ਮੀਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਦਾ ਐਲਾਨ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 16 ਅਗਸਤ। ਚੋਣ ਕਮਿਸ਼ਨ ਵਲੋਂ ਸ਼ੁੱਕਰਵਾਰ ਨੂੰ ਜੰਮੂ ਕਸ਼ਮੀਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਜੰਮੂ ਕਸ਼ਮੀਰ 'ਚ 3 ਪੜਾਵਾਂ 'ਚ ਵੋਟਿੰਗ ਹੋਵੇਗੀ। 18 ਸਤੰਬਰ, 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਾਂ ਪੈਣਗੀਆਂ। ਉੱਥੇ ਹੀ ਹਰਿਆਣਾ 'ਚ 1 ਅਕਤੂਬਰ ਨੂੰ ਵੋਟਾਂ ਪੈਣਗੀਆਂ। 4 ਅਕਤੂਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਜੰਮੂ ਕਸ਼ਮੀਰ 'ਚ 10 ਸਾਲ ਬਾਅਦ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਆਖਰੀ ਵਾਰ ਜੰਮੂ ਕਸ਼ਮੀਰ 'ਚ 2014 'ਚ ਚੋਣਾਂ ਹੋਈਆਂ ਸਨ। ਦਰਅਸਲ ਸੁਪਰੀਮ ਕੋਰਟ ਨੇ 30 ਸਤੰਬਰ 2024 ਤੱਕ ਜੰਮੂ ਕਸ਼ਮੀਰ 'ਚ ਚੋਣਾਂ ਕਰਵਾਉਣ ਦਾ ਆਦੇਸ਼ ਦਿੱਤਾ ਸੀ। ਜੰਮੂ ਕਸ਼ਮੀਰ ਤੋਂ ਧਾਰਾ 370 ਹਟਣ ਤੋਂ ਬਾਅਦ ਇਹ ਪਹਿਲੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ। ਜੰਮੂ ਕਸ਼ਮੀਰ ਤੋਂ 5 ਅਗਸਤ 2019 ਨੂੰ ਧਾਰਾ 370 ਹਟਾ ਦਿੱਤੀ ਗਈ ਸੀ। 90 ਸੀਟਾਂ ਵਾਲੀ ਹਰਿਆਣਾ ਵਿਧਾਨ ਸਭਾ ਦਾ ਕਾਰਜਕਾਲ 3 ਨਵੰਬਰ ਨੂੰ ਖਤਮ ਹੋ ਰਿਹਾ ਹੈ। ਭਾਰਤੀ ਚੋਣ ਕਮਿਸਨ ਵਲੋਂ ਅੱਜ ਵਿਧਾਨ ਸਭਾ ਚੋਣਾਂ ਦੀਆਂ ਤਰੀਖਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹਾਲ ਹੀ 'ਚ ਚੋਣ ਕਮਿਸਨ ਨੇ ਜੰਮੂ-ਕਸਮੀਰ ਅਤੇ ਹਰਿਆਣਾ ਦਾ ਦੌਰਾ ਕੀਤਾ ਸੀ। ਮਹਾਰਾਸਟਰ ਅਤੇ ਝਾਰਖੰਡ ਵਿੱਚ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਹਾਲਾਂਕਿ ਚੋਣ ਕਮਿਸਨ ਦੀ ਟੀਮ ਨੇ ਅਜੇ ਤੱਕ ਮਹਾਰਾਸਟਰ ਅਤੇ ਝਾਰਖੰਡ ਦਾ ਦੌਰਾ ਨਹੀਂ ਕੀਤਾ। ਦੱਸ ਦੇਈਏ ਕਿ ਜੰਮੂ ਕਸ਼ਮੀਰ 'ਚ 3 ਪੜਾਵਾਂ 'ਚ ਵੋਟਿੰਗ ਹੋਵੇਗੀ। 18 ਸਤੰਬਰ, 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਾਂ ਪੈਣਗੀਆਂ। ਉੱਥੇ ਹੀ ਹਰਿਆਣਾ 'ਚ 1 ਅਕਤੂਬਰ ਨੂੰ ਵੋਟਾਂ ਪੈਣਗੀਆਂ। 4 ਅਕਤੂਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਕਿਹਾ ਕਿ ਜੰਮੂ-ਕਸਮੀਰ ਵਿੱਚ 90 ਵਿਧਾਨ ਸਭਾ ਹਲਕੇ ਹਨ, ਜਿਨ੍ਹਾਂ ਵਿੱਚ 74 ਜਨਰਲ, 9 ਐੱਸਟੀ ਅਤੇ 7 ਐੱਸਸੀ ਰਾਖਵੀਆਂ ਸੀਟਾਂ ਹਨ। ਕੁੱਲ 87.09 ਲੱਖ ਵੋਟਰ ਹਨ, ਜਿਨ੍ਹਾਂ ਵਿੱਚੋਂ 44.46 ਲੱਖ ਪੁਰਸ, 44.62 ਲੱਖ ਔਰਤਾਂ ਅਤੇ 169 ਟਰਾਂਸਜੈਂਡਰ ਹਨ। ਵੋਟਰਾਂ ਵਿੱਚ 82,590 ਅਪਾਹਜ ਵਿਅਕਤੀ, 73,943 ਬਜੁਰਗ ਨਾਗਰਿਕ, 2,660 ਸਤਾਬਦੀ ਅਤੇ 76,092 ਸੇਵਾ ਵੋਟਰ ਸਾਮਲ ਹਨ। ਉਨ੍ਹਾਂ ਕਿਹਾ, ਪਹਿਲੀ ਵਾਰ ਵੋਟਰਾਂ ਦੀ ਗਿਣਤੀ 3.71 ਲੱਖ ਹੈ। ਉਨ੍ਹਾਂ ਅੱਗੇ ਕਿਹਾ ਕਿ ਜੰਮੂ-ਕਸਮੀਰ ਦੇ ਲੋਕ ਤਸਵੀਰ ਬਦਲਣਾ ਚਾਹੁੰਦੇ ਹਨ। ਚੋਣਾਂ ਲਈ ਹਰ ਕੋਈ ਉਤਾਵਲਾ ਹੈ। ਟੀਮ ਨੇ ਜੰਮੂ ਕਸਮੀਰ ਅਤੇ ਹਰਿਆਣਾ ਦਾ ਵੀ ਦੌਰਾ ਕੀਤਾ। ਅਸੀਂ ਮੌਸਮ ਦੇ ਸੁਧਰਨ ਦੀ ਉਡੀਕ ਕਰ ਰਹੇ ਸੀ। 2018 ਵਿੱਚ ਸਰਕਾਰ ਭੰਗ ਹੋਣ ਤੋਂ ਬਾਅਦ ਜੰਮੂ-ਕਸਮੀਰ ਵਿੱਚ ਚੋਣਾਂ ਨਹੀਂ ਹੋਈਆਂ। ਪਿਛਲੀ ਵਾਰ ਇੱਥੇ ਵਿਧਾਨ ਸਭਾ ਚੋਣਾਂ 2014 ਵਿੱਚ ਹੋਈਆਂ ਸਨ, ਜਿਸ ਵਿੱਚ ਭਾਜਪਾ ਅਤੇ ਪੀਪਲਜ ਡੈਮੋਕਰੇਟਿਕ ਪਾਰਟੀ (ਪੀਡੀਪੀ) ਨੇ ਗਠਜੋੜ ਕੀਤਾ ਸੀ। ਹਾਲਾਂਕਿ, ਭਾਜਪਾ ਨੇ ਬਾਅਦ ਵਿੱਚ ਗਠਜੋੜ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਅਤੇ ਸਰਕਾਰ 2018 ਵਿੱਚ ਡਿੱਗ ਗਈ। ਇਸ ਦੌਰਾਨ ਜੰਮੂ-ਕਸਮੀਰ ਦੀ ਰਾਜਨੀਤੀ ਵਿੱਚ ਕਈ ਅਹਿਮ ਬਦਲਾਅ ਹੋਏ ਹਨ। ਭਾਰਤ ਦੇ ਚੋਣ ਕਮਿਸਨ ਨੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਦਾ ਐਲਾਨ ਕਰ ਦਿੱਤਾ, ਜਿਸ ਨਾਲ ਸੂਬੇ ਵਿੱਚ ਚੋਣ ਜਾਬਤਾ ਲਾਗੂ ਹੋ ਗਿਆ ਹੈ। ਇਸ ਵਾਰ 2.01 ਕਰੋੜ ਵੋਟਰ ਹਰਿਆਣਾ ਵਿੱਚ ਸਰਕਾਰ ਬਣਾਉਣ ਲਈ ਵੋਟ ਪਾਉਣਗੇ। ਹਰਿਆਣਾ ਵਿੱਚ 95 ਲੱਖ ਮਹਿਲਾ ਵੋਟਰ ਹਨ, ਜਦਕਿ 1.06 ਕਰੋੜ ਪੁਰਸ ਵੋਟਰ ਹਨ। ਵਿਧਾਨ ਸਭਾ 2024 ਲਈ ਕੁੱਲ 20629 ਬੂਥ ਬਣਾਏ ਜਾਣਗੇ, ਜਿਸ ਵਿੱਚ 735 ਨਵੇਂ ਬੂਥ ਬਣਾਏ ਗਏ ਹਨ। ਹਰਿਆਣਾ ਵਿਧਾਨ ਸਭਾ ਦਾ ਕਾਰਜਕਾਲ 2 ਨਵੰਬਰ ਤੱਕ ਹੈ। ਇਸ ਤੋਂ ਪਹਿਲਾਂ ਹਰਿਆਣਾ ਵਿੱਚ ਨਵੀਂ ਸਰਕਾਰ ਬਣ ਜਾਣੀ ਹੈ।



### ਸੁਖਬੀਰ ਸਿੰਘ ਬਾਦਲ ਦਾ ਈਸੜੂ 'ਚ ਸ਼ਕਤੀ ਪ੍ਰਦਰਸ਼ਨ, ਬਾਗੀ ਧੜੇ 'ਤੇ ਬੋਲਿਆ ਵੱਡਾ ਹਮਲਾ

ਲੁਧਿਆਣਾ 16 ਅਗਸਤ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਈਸੜੂ ਵਿਖੇ ਸ਼ਹੀਦ ਕਰਨੈਲ ਸਿੰਘ ਦੀ ਬਰਸੀ ਮੌਕੇ ਰੱਖੇ ਸਮਾਗਮ ਵਿਚ ਸ਼ਿਰਕਤ ਕਰਨ ਪਹੁੰਚੇ। ਇਸ ਮੌਕੇ ਜਿੱਥੇ ਕਰਨੈਲ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਕਈ ਅਹਿਮ ਗੱਲਾਂ ਦਾ ਜਿ਼ਕਰ ਕੀਤਾ ਅਤੇ ਕੇਂਦਰ ਸਰਕਾਰ ਸਮੇਤ ਕਾਂਗਰਸ 'ਤੇ ਵੀ ਸ਼ਬਦੀ ਹਮਲੇ ਕੀਤੇ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜਲ੍ਹਿਆਂਵਾਲਾ ਬਾਗ ਦਾ ਜਿ਼ਕਰ ਕਰਦੇ ਹੋਏ ਕਿਹਾ ਕਿ ਜਲ੍ਹਿਆਂਵਾਲਾ ਬਾਗ ਕਤਲਕਾਂਡ ਵਿਚ 1300 ਲੋਕਾਂ ਨੂੰ ਸ਼ਹੀਦ ਕੀਤਾ ਗਿਆ, ਜਿਸ ਵਿਚ 800 ਸਿੱਖ ਸ਼ਾਮਲ ਸਨ। ਕੇਂਦਰ ਸਰਕਾਰ 'ਤੇ ਹਮਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਆਪਣੀ ਆਬਾਦੀ ਡੇਢ ਫੀਸਦੀ ਹੈ ਅਤੇ ਦੇਸ਼ ਨੂੰ ਆਜਾਦ ਕਰਵਾਉਣ ਲਈ 95 ਫੀਸਦੀ ਕੁਰਬਾਨੀਆਂ ਸਾਡੀ ਕੌਮ ਨੇ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਮੈਂ ਪਾਰਲੀਮੈਂਟ ਵਿਚ ਵੀ ਇਹ ਮੁੱਦਾ ਚੁੱਕਿਆ ਸੀ, ਮੈਂ ਕਿਹਾ ਸੀ ਕਿ ਤੁਸੀਂ ਦੇਸ਼ ਦੀ ਆਜਾਦੀ ਦੀ



ਗੱਲ ਕਰਦੇ ਹੋ ਪਰ ਜਿਹੜੀ ਕੌਮ ਨੇ ਦੇਸ਼ ਨੂੰ ਆਜਾਦ ਕਰਵਾ ਕੇ ਇੰਨੀ ਤਰੱਕੀ ਵਿਚ ਲਿਆਂਦਾ ਹੈ, ਉਹ ਸਿੱਖ ਕੌਮ ਹੈ ਅਤੇ ਤੁਸੀਂ ਉਨ੍ਹਾਂ ਨਾਲ ਕਿੰਨਾ ਵਿਤਕਰਾ ਕਰ ਰਹੇ ਹੋ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ, ਜਿਸ ਦਾ ਅੱਜ ਤੱਕ ਇਨਸਾਫ ਨਹੀਂ ਮਿਲ ਸਕਿਆ। 1984 ਦੇ ਕਤਲੇਆਮ ਕੀਤੇ ਗਏ, ਉਸ ਦਾ ਵੀ ਕੋਈ ਇਨਸਾਫ ਨਹੀਂ ਮਿਲਣ ਦਿੱਤਾ ਹੈ। ਪਾਰਟੀ ਵਿਚੋਂ ਬਾਗੀ ਹੋਏ ਆਗੂਆਂ ਨੂੰ ਲੈ ਕੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪਾਰਟੀ 103 ਸਾਲਾ ਪੁਰਾਣੀ ਪਾਰਟੀ ਹੈ। ਅੱਜ ਆਪਣੀ ਪਾਰਟੀ ਅਤੇ ਕੌਮ 'ਤੇ ਹਮਲੇ ਹੋ ਰਹੇ ਹਨ। ਕਈ ਪਾਰਟੀ ਵਿਚ ਇਹੋ ਜਿਹੇ ਗੱਦਾਰ ਹਨ, ਜੋ ਚੇਅਰਮੈਨੀਆਂ ਕਰਕੇ ਵਿੱਕ ਗਏ ਹਨ ਅਤੇ ਉਨ੍ਹਾਂ ਦਾ ਨਿਸ਼ਾਨਾ ਆਪਣੀ ਕੌਮ ਨੂੰ ਕਮਜੋਰ ਕਰਨਾ ਹੈ। ਅੱਜਕੱਲ੍ਹ ਗੁਰੂ ਘਰਾਂ 'ਤੇ ਵੀ ਕਬਜੇ ਹੋਣੇ ਸ਼ੁਰੂ ਹੋ ਗਏ ਹਨ। ਉਹ ਇਨ੍ਹਾਂ ਖਿ਼ਲਾਫ ਲੜਨ ਦੀ ਬਜਾਏ ਆਪਣੇ ਦੁਸ਼ਮਣਾਂ ਦਾ ਸਾਥ ਦੇ ਰਹੇ ਹਨ। ਤਖਤ ਹਜੂਰ ਸਾਹਿਬ ਦਾ ਜਿੱਥੇ ਲੋਕ ਦੂਰੋ-ਦੂਰੋ ਨਤਮਸਤਕ ਹੋਣ ਲਈ ਆਉਂਦੇ ਹਨ।

### ਜੰਮੂ-ਕਸ਼ਮੀਰ 'ਚ ਬਸਪਾ ਇਕੱਲਿਆਂ ਹੀ ਲੜੇਗੀ ਵਿਧਾਨ ਸਭਾ ਚੋਣਾਂ: ਮਾਇਆਵਤੀ

ਲਖਨਊ 16 ਅਗਸਤ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਅਤੇ ਉੱਤਰ ਪ੍ਰਦੇਸ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਸੁੱਕਰਵਾਰ ਨੂੰ ਜੰਮੂ-ਕਸਮੀਰ 'ਚ ਵਿਧਾਨ ਸਭਾ ਚੋਣਾਂ ਦੇ ਐਲਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਬਸਪਾ ਇਹ ਚੋਣ ਇਕੱਲੇ ਲੜੇਗੀ। ਬਸਪਾ ਮੁਖੀ ਮਾਇਆਵਤੀ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਮੰਚ ਐਕਸ 'ਤੇ ਇਕ ਪੋਸਟ ਵਿਚ ਕਿਹਾ,'ਲੋਕਤੰਤਰ ਵਿਚ ਚੋਣਾਂ ਦੀ ਅਹਿਮ ਭੂਮਿਕਾ, ਜਿਸ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੈ।' ਉਨ੍ਹਾਂ ਕਿਹਾ ਕਿ ਲੰਬੇ ਇੰਤਜਾਰ ਤੋਂ ਬਾਅਦ ਪਾਰਟੀ ਅੱਜ ਜੰਮੂ-ਕਸਮੀਰ ਵਿੱਚ ਵਿਧਾਨ ਸਭਾ ਚੋਣਾਂ ਦੀ ਤਰੀਖ ਦੇ ਐਲਾਨ ਦਾ



ਸੁਆਗਤ ਕਰਦੀ ਹੈ ਤਾਂ ਜੋ ਸੰਵਿਧਾਨ ਅਨੁਸਾਰ ਉੱਥੇ ਸਿਆਸੀ ਅਤੇ ਜਮਹੂਰੀ ਗਤੀਵਿਧੀਆਂ ਤੇਜ ਹੋ ਸਕਣ। ਉਨ੍ਹਾਂ ਕਿਹਾ ਕਿ ਬਸਪਾ ਇਹ ਚੋਣ ਇਕੱਲਿਆਂ ਹੀ ਲੜੇਗੀ। ਇੱਕ ਪੋਸਟ ਵਿੱਚ ਬਸਪਾ ਮੁਖੀ ਨੇ ਹਰਿਆਣਾ ਵਿੱਚ ਇੱਕ ਪੜਾਅ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਸਵਾਗਤ ਕਰਦੇ ਕਿਹਾ, "ਉਥੇ ਬਸਪਾ ਦਾ ਇੰਡੀਅਨ ਨੈਸਨਲ ਲੋਕ ਦਲ ਨਾਲ ਮਜਬੂਤ ਗਠਜੋੜ ਪਹਿਲਾਂ ਹੀ ਜਮੀਨ 'ਤੇ ਸਰਗਰਮ ਹੈ।" ਉਹਨਾਂ ਨੇ ਕਿਹਾ ਕਿ ਬਸਪਾ ਦਾ ਸੰਕਲਪ ਪੂਰੀ ਦਮਦਾਰੀ ਦੇ ਨਾਲ ਇਹ ਚੋਣਾਂ ਲੜ ਕੇ ਆਪਣੀ ਗੱਠਜੋੜ ਦੀ ਸਰਕਾਰ ਬਣਾਉਣ ਦਾ ਹੈ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਸੁੱਕਰਵਾਰ ਨੂੰ ਕਿਹਾ ਕਿ ਜੰਮੂ-ਕਸਮੀਰ 'ਚ ਵਿਧਾਨ ਸਭਾ ਚੋਣਾਂ 18 ਸਤੰਬਰ ਤੋਂ 1 ਅਕਤੂਬਰ ਦਰਮਿਆਨ ਤਿੰਨ ਪੜਾਵਾਂ 'ਚ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 4 ਅਕਤੂਬਰ ਨੂੰ ਹੋਵੇਗੀ। ਸਾਲ 2019 'ਚ ਧਾਰਾ 370 ਦੀਆਂ ਜਿ਼ਆਦਾਤਰ ਵਿਵਸਥਾਵਾਂ ਨੂੰ ਖਤਮ ਕਰਨ ਤੋਂ ਬਾਅਦ ਪਹਿਲੀ ਵਾਰ ਜੰਮੂ-ਕਸਮੀਰ 'ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਕਮਿਸਨ ਨੇ ਇਹ ਵੀ ਐਲਾਨ ਕੀਤਾ ਕਿ ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ ਲਈ 1 ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 4 ਅਕਤੂਬਰ ਨੂੰ ਹੋਵੇਗੀ।

### ਮੁਸਲਿਮ ਪੱਖ ਦੇ ਵਕੀਲ ਦੀ ਇਸ ਵਜ੍ਹਾ ਕਾਰਨ ਗਿਆਨਵਾਪੀ ਮਸਜਿਦ ਮਾਮਲੇ 'ਚ ਸੁਣਵਾਈ ਟਲੀ

ਪ੍ਰਯਾਗਰਾਜ 16 ਅਗਸਤ। ਇਲਾਹਾਬਾਦ ਹਾਈ ਕੋਰਟ 'ਚ ਗਿਆਨਵਾਪੀ ਮਸਜਿਦ ਨਾਲ ਜੁੜੇ ਮਾਮਲੇ ਦੀ ਸੁਣਵਾਈ ਮੁਸਲਿਮ ਪੱਖ ਦੇ ਵਕੀਲ ਦੇ ਬੀਮਾਰ ਹੋਣ ਕਾਰਨ ਨਹੀਂ ਹੋ ਸਕੀ, ਜਿਸ ਤੋਂ ਬਾਅਦ ਅਦਾਲਤ ਨੇ ਸੁਣਵਾਈ 21 ਅਗਸਤ ਤੱਕ ਮੁਲਤਵੀ ਕਰ ਦਿੱਤੀ। ਅਦਾਲਤ ਨੇ ਵਾਰਾਣਸੀ ਦੇ ਜਿ਼ਲ੍ਹਾ ਜੱਜ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮੁੜ ਵਿਚਾਰ ਪਟੀਸਨ 'ਤੇ 9 ਜੁਲਾਈ 2024 ਨੂੰ ਗਿਆਨਵਾਪੀ ਮਸਜਿਦ ਦੀ ਪ੍ਰਬੰਧ ਕਮੇਟੀ ਨੂੰ ਜਵਾਬੀ ਹਲਫਨਾਮਾ ਦਾਇਰ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਸੀ। ਵਾਰਾਣਸੀ ਦੇ ਜਿ਼ਲ੍ਹਾ ਜੱਜ ਨੇ ਭਾਰਤੀ ਪੁਰਾਤੱਤਵ ਸਰਵੇਖਣ () ਨੂੰ ਗਿਆਨਵਾਪੀ ਮਸਜਿਦ ਦੇ ਅੰਦਰ ਸਿ਼ਵਲਿੰਗ ਨੂੰ ਛੱਡ ਕੇ ਬਾਕੀ ਵਜੂਖਾਨਾ ਖੇਤਰ ਦਾ ਸਰਵੇਖਣ ਕਰਨ ਦਾ ਨਿਰਦੇਸ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਬੁੱਧਵਾਰ ਨੂੰ ਮੁਸਲਿਮ ਪੱਖ ਦੇ ਵਕੀਲ ਵੱਲੋਂ ਬੀਮਾਰੀ ਦੀ ਪਰਚੀ ਭੇਜ ਕੇ ਇਸ ਮਾਮਲੇ ਦੀ ਸੁਣਵਾਈ ਟਾਲਣ ਦੀ ਬੇਨਤੀ ਕੀਤੀ ਗਈ ਸੀ, ਜਿਸ 'ਤੇ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ ਤਰੀਕ 21 ਅਗਸਤ ਤੈਅ ਕੀਤੀ ਹੈ। ਜਸਟਿਸ ਰੋਹਿਤ ਰੰਜਨ ਅਗਰਵਾਲ ਨੇ ਇਹ ਹੁਕਮ ਵਾਰਾਣਸੀ ਦੀ ਅਦਾਲਤ ਵਿਚ ਸਿ਼ੰਗਾਰ ਗੌਰੀ ਪੂਜਾ ਵਿਵਾਦ ਵਿਚ ਸਾਮਲ ਮੁਕੱਦਮੇਬਾਜਾਂ ਵਿਚੋਂ ਇਕ ਰਾਖੀ ਸਿੰਘ ਵੱਲੋਂ ਦਾਇਰ ਮੁੜ ਵਿਚਾਰ ਪਟੀਸਨ 'ਤੇ ਦਿੱਤਾ। ਰਾਖੀ ਸਿੰਘ ਮੁਤਾਬਕ ਮੁਸਲਿਮ ਪੱਖ ਵੱਲੋਂ ਅਜੇ ਤੱਕ ਕੋਈ ਜਵਾਬੀ ਹਲਫਨਾਮਾ ਦਾਇਰ ਨਹੀਂ ਕੀਤਾ ਗਿਆ ਹੈ। ਰਾਖੀ ਸਿੰਘ ਨੇ ਆਪਣੀ ਰਿਵੀਜਨ ਪਟੀਸਨ ਵਿਚ ਦਲੀਲ ਦਿੱਤੀ ਕਿ ਵਜੂਖਾਨਾ ਖੇਤਰ ਦਾ ਸਰਵੇਖਣ ਨਿਆਂ ਦੇ ਹਿੱਤ ਵਿਚ ਜਰੂਰੀ ਸੀ ਕਿਉਂਕਿ ਇਸ ਨਾਲ ਅਦਾਲਤ ਨੂੰ ਫੈਸਲਾ ਲੈਣ ਵਿਚ ਮਦਦ ਮਿਲੇਗੀ। ਵਾਰਾਣਸੀ ਦੇ ਜਿ਼ਲ੍ਹਾ ਜੱਜ ਨੇ 21 ਅਕਤੂਬਰ ਦੇ ਆਪਣੇ ਆਦੇਸ ਵਿਚ ਵਜੂਖਾਨਾ ਖੇਤਰ ਦੇ ਸਰਵੇਖਣ ਦਾ ਆਦੇਸ ਦੇਣ ਵਿਚ ਅਸਫਲ ਰਿਹਾ। ਹਿੰਦੂ ਪੱਖ ਵੱਲੋਂ ਅਦਾਲਤ ਵਿਚ ਪੇਸ ਹੋਏ ਵਕੀਲ ਸੌਰਭ ਤਿਵਾੜੀ ਅਤੇ ਅਮਿਤਾਭ ਤ੍ਰਿਵੇਦੀ ਨੇ ਦਲੀਲ ਦਿੱਤੀ ਕਿ ਸਾਰੀ ਜਾਇਦਾਦ ਦੇ ਧਾਰਮਿਕ ਚਰਿੱਤਰ ਨੂੰ ਨਿਰਧਾਰਤ ਕਰਨ ਲਈ ਵਲੋਂ ਵਜੂਖਾਨਾ ਦਾ ਸਰਵੇਖਣ ਕਰਵਾਉਣਾ ਜਰੂਰੀ ਹੈ।

## ਕੋਲਕਾਤਾ ਰੇਪ-ਕਤਲ ਮਾਮਲੇ ਤੋਂ ਬਾਅਦ ਹਰਿਆਣਾ ਸਰਕਾਰ ਨੇ ਹਸਪਤਾਲਾਂ ਨੂੰ ਜਾਰੀ ਕੀਤੀ ਐਡਵਾਈਜਰੀ

**ਏਜੰਸੀਆਂ**

ਨੈਸਨਲ ਡੈਸਕ 16 ਅਗਸਤ। ਕੋਲਕਾਤਾ ਦੇ ਮੈਡੀਕਲ ਕਾਲਜ ਵਿੱਚ ਇੱਕ ਸਿਖਿਆਰਥੀ ਡਾਕਟਰ ਨਾਲ ਬਲਾਤਕਾਰ ਅਤੇ ਕਤਲ ਤੋਂ ਬਾਅਦ ਹਰਿਆਣਾ ਸਰਕਾਰ ਵੱਲੋਂ ਹਸਪਤਾਲਾਂ ਨੂੰ ਐਡਵਾਈਜਰੀ ਜਾਰੀ ਕੀਤੀ ਗਈ ਹੈ। ਇਸ ਵਿੱਚ ਸੂਬੇ ਦੇ ਸਾਰੇ ਮੈਡੀਕਲ ਕਾਲਜਾਂ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਕਾਲਜਾਂ ਵਿੱਚ ਸੁਰੱਖਿਆ ਨੂੰ ਲੈ ਕੇ ਦਿਸਾ-ਨਿਰਦੇਸ ਦਿੱਤੇ ਗਏ ਹਨ। ਡਾਕਟਰ ਸੁਮਿਤਾ ਮਿਸਰਾ, ਵਧੀਕ ਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨੇ ਮੈਡੀਕਲ ਕਾਲਜਾਂ ਨੂੰ ਆਪਣੇ ਨਜਦੀਕੀ ਪੁਲਸ ਸਟੇਸਨ, ਐੱਸਐੱਚਓ ਅਤੇ ਡੀਐੱਸਪੀ ਨਾਲ ਨਜਦੀਕੀ ਸੰਪਰਕ ਬਣਾਈ ਰੱਖਣ ਦੇ ਨਿਰਦੇਸ ਦਿੱਤੇ ਹਨ। ਆਦੇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਸਾਰੇ ਹੋਸਟਲਾਂ ਦੇ ਬਾਹਰ, ਮੁੱਖ ਗੇਟਾਂ, ਸੜਕਾਂ, ਚੌਕਾਂ, ਵੱਖ-ਵੱਖ ਹਸਪਤਾਲਾਂ/ਕਾਲਜ ਬਲਾਕਾਂ ਵਿੱਚ ਅਤੇ ਕੈਂਪਸ ਦੀ ਹਰ ਮੰਜਿ਼ਲ 'ਤੇ ਸੀਸੀਟੀਵੀ ਲਗਾਏ ਜਾਣੇ ਚਾਹੀਦੇ ਹਨ। ਸੁਰੱਖਿਆ ਦੇ ਮੱਦੇਨਜਰ ਕਾਲਜ ਕੈਂਪਸ ਵਿੱਚ ਜਿੱਥੇ ਵੀ ਸੀਸੀਟੀਵੀ ਅਤੇ ਟਰਾਂਸਪੋਰਟ ਦੀ ਲੋੜ ਹੈ, ਉਸ ਨੂੰ ਤੁਰੰਤ ਪੂਰਾ ਕੀਤਾ ਜਾਵੇ। 48 ਘੰਟਿਆਂ ਦੇ ਅੰਦਰ ਅਨੁਪਾਲਣਾ ਦੀ ਇਕ ਰਿਪੋਰਟ ਹੈੱਡਕੁਆਰਟਰ ਨੂੰ ਭੇਜੀ ਜਾਵੇ। ਮੈਡੀਕਲ ਸਿੱਖਿਆ ਅਤੇ ਖੋਜ





ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ: ਸੁਮਿਤਾ ਮਿਸਰਾ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ। ਇਸ ਤਹਿਤ ਸਾਰੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਇੱਕ ਪੁਲਸ ਚੌਕੀ ਹੋਣੀ ਚਾਹੀਦੀ ਹੈ, ਜੋ 24 ਘੰਟੇ ਖੁੱਲ੍ਹੀ ਰਹਿੰਦੀ ਹੈ। ਇਸ ਵਿੱਚ ਘੱਟੋ-ਘੱਟ ਇੱਕ ਮਹਿਲਾ ਪੁਲਿਸ ਮੁਲਾਜਮ ਤਾਇਨਾਤ ਕੀਤੀ ਜਾਵੇ। ਸਾਰੇ ਹੋਸਟਲਾਂ, ਗੇਟਾਂ 'ਤੇ, ਸੜਕਾਂ 'ਤੇ ਸੀਸੀਟੀਵੀ ਕੈਮਰੇ ਲਗਾਏ ਜਾਣੇ ਚਾਹੀਦੇ ਹਨ ਅਤੇ ਸੀਸੀਟੀਵੀ ਦੀ 24 ਘੰਟੇ ਨਿਗਰਾਨੀ ਹੋਣੀ ਚਾਹੀਦੀ ਹੈ ਅਤੇ ਨਿਯਮਤ ਸੁਰੱਖਿਆ ਗਸਤ ਹੋਣੀ ਚਾਹੀਦੀ ਹੈ। ਕਲਕੱਤਾ ਵਿੱਚ ਡਾਕਟਰ ਨਾਲ ਦੋ ਘਟਨਾ ਵਾਰਕੀ ਹੈ, ਉਸ ਨੂੰ ਧਿਆਨ ਵਿੱਚ ਰੱਖਦੇ ਮੈਂ ਕੁਝ ਫੈਸਲੇ ਲਏ ਅਤੇ ਦਿਸਾ-ਨਿਰਦੇਸ ਦਿੱਤੇ। ਹਰਿਆਣਾ ਵਿਚ ਜਿੰਨੇ ਵੀ ਮੈਡੀਕਲ ਕਾਲਜ ਹਨ, ਉਥੇ ਸੀਸੀਟੀਵੀ ਕੈਮਰੇ ਲਗਾਉਣਾ ਲਾਜਮੀ ਕਰ ਦਿੱਤਾ ਗਿਆ ਹੈ। ਡਾਕਟਰਾਂ, ਵਿਦਿਆਰਥੀਆਂ, ਨਰਸਾਂ ਖਾਸ ਕਰਕੇ ਔਰਤਾਂ ਲਈ ਸੁਰੱਖਿਅਤ, ਭੈਅ ਰਹਿਤ ਅਤੇ ਸਨਮਾਨਜਨਕ ਮਾਹੌਲ ਸਿਰਜਣ ਲਈ ਇਹ ਦਿਸਾ-ਨਿਰਦੇਸ ਜਲਦੀ ਤੋਂ ਜਲਦੀ ਲਾਗੂ ਕੀਤੇ ਜਾਣਗੇ: ਡਾ: ਸੁਮਿਤਾ ਮਿਸਰਾ, ਵਧੀਕ ਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ।

## ਸਿੱਖ ਵਿਰੋਧੀ ਦੰਗੇ : ਟਾਈਟਲਰ ਖਿਲਾਫ ਦੋਸ਼ ਤੈਅ ਕਰਨ ਨੂੰ ਲੈ ਕੇ 30 ਨੂੰ ਫੈਸਲਾ ਸੁਣਾ ਸਕਦੀ ਹੈ ਅਦਾਲਤ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 16 ਅਗਸਤ। 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਪੁਲ ਬੰਗਸ ਗੁਰਦੁਆਰਾ ਹਿੰਸਾ ਮਾਮਲੇ ਵਿੱਚ ਮੁਲਜਮ ਜਗਦੀਸ ਟਾਈਟਲਰ ਖਿ਼ਲਾਫ ਦੋਸ ਆਇਦ ਕਰਨ ਬਾਰੇ ਫੈਸਲਾ 30 ਅਗਸਤ ਨੂੰ ਲਿਆ ਜਾਵੇਗਾ। ਸੀਬੀਆਈ ਨੇ ਇਸ ਮਾਮਲੇ ਵਿੱਚ ਟਾਈਟਲਰ ਖਿ਼ਲਾਫ ਆਈਪੀਸੀ ਧਾਰਾਵਾਂ 147, 109 ਅਤੇ 302 ਤਹਿਤ ਦਿੱਲੀ ਦੀ ਰੌਜ ਐਵੇਨਿਊ ਅਦਾਲਤ ਵਿੱਚ ਚਾਰਜਸੀਟ ਦਾਖਲ ਕੀਤੀ ਹੈ। ਸੀਬੀਆਈ ਮੁਤਾਬਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ ਨੂੰ ਉਨ੍ਹਾਂ ਦੇ ਸਰਕਾਰੀ ਰਿਹਾਇਸ 'ਤੇ ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਕਾਂਗਰਸ ਨੇਤਾ ਅਤੇ ਗਾਂਧੀ ਪਰਿਵਾਰ ਦੇ ਨਜਦੀਕੀ ਜਗਦੀਸ ਟਾਈਟਲਰ ਨੇ ਕਥਿਤ ਤੌਰ 'ਤੇ ਗੁੱਸੇ ਵਿੱਚ ਆਈ ਭੀੜ ਨੂੰ ਹਿੰਸਾ ਲਈ ਭੜਕਾਇਆ ਸੀ। ਇਸ ਦੌਰਾਨ ਭੀੜ ਨੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਸੀ। ਇਸ ਹਿੰਸਾ ਵਿੱਚ ਤਿੰਨ ਲੋਕ ਮਾਰੇ ਗਏ ਸਨ। ਮਈ 2023 ਵਿੱਚ ਸੀਬੀਆਈ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਜਗਦੀਸ ਟਾਈਟਲਰ ਵਿਰੁੱਧ ਚਾਰਜਸੀਟ ਦਾਇਰ ਕੀਤੀ ਸੀ। ਜਾਂਚ ਏਜੰਸੀ ਨੇ ਉਸ 'ਤੇ ਕਤਲ, ਦੰਗੇ ਅਤੇ ਕੁੱਟਮਾਰ ਦੇ ਦੋਸ ਲਾਏ ਸਨ। ਚਾਰਜਸੀਟ ਵਿਚ ਕਿਹਾ ਗਿਆ ਹੈ ਕਿ



ਕਾਂਗਰਸੀ ਨੇਤਾ ਨੇ ਦੰਗਾਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਉਸਨੇ ਆਪਣੇ ਹਲਕੇ ਵਿਚ ਹੋਈਆਂ ਹੱਤਿਆਵਾਂ ਦੀ ਗਿਣਤੀ ਹੋਰ ਥਾਵਾਂ ਨਾਲ ਤੁਲਨਾ ਕੀਤੀ ਅਤੇ ਆਪਣੇ ਆਦਮੀਆਂ ਨੂੰ ਹੋਰ ਹਮਲੇ ਕਰਨ ਲਈ ਕਿਹਾ। ਚਾਰਜਸੀਟ 'ਚ ਦਰਜ ਇਕ ਚਸਮਦੀਦ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਕਾਂਗਰਸੀ ਨੇਤਾ ਆਪਣੀ ਚਿੱਟੇ ਰੰਗ ਦੀ ਅੰਬੈਸਡਰ ਕਾਰ 'ਚੋਂ ਬਾਹਰ ਨਿਕਲਿਆ ਅਤੇ ਭੀੜ ਨੂੰ ਭੜਕਾਉਣਾ ਸੁਰੂ ਕਰ ਦਿੱਤਾ। ਬਿਆਨ ਮੁਤਾਬਕ ਉਹ (ਟਾਈਟਲਰ) ਕਾਰ ਤੋਂ ਬਾਹਰ ਆਇਆ ਅਤੇ ਪਹਿਲਾਂ ਭੀੜ ਨੂੰ ਭੜਕਾਇਆ ਅਤੇ ਫਿਰ ਉਨ੍ਹਾਂ ਨੂੰ ਦੁਕਾਨਾਂ ਲੁੱਟਣ ਲਈ ਕਿਹਾ। ਇੱਕ ਚਸਮਦੀਦ ਗਵਾਹ ਜਿਸਦੀ ਦੁਕਾਨ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਦੰਗਿਆਂ ਵਿੱਚ ਸਾੜ ਦਿੱਤੀ ਗਈ ਸੀ। ਇਕ ਹੋਰ ਬਿਆਨ ਮੁਤਾਬਕ ਤਤਕਾਲੀ ਸੰਸਦ ਮੈਂਬਰ ਜਗਦੀਸ ਟਾਈਟਲਰ ਨੇ ਦਿੱਲੀ ਦੀ ਆਜਾਦ ਮਾਰਕੀਟ ਸਥਿਤ ਗੁਰਦੁਆਰਾ ਸਾਹਿਬ ਵਿਖੇ ਵੀ ਲੋਕਾਂ ਨੂੰ ਭੜਕਾਇਆ ਸੀ। ਟਾਈਟਲਰ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਗੁਰਦੁਆਰੇ ਦੇ ਸਾਹਮਣੇ ਮੌਜੂਦ ਸਨ। ਪਿਛਲੇ ਸਾਲ ਅਗਸਤ ਵਿਚ ਇੱਕ ਸੈਸਨ ਅਦਾਲਤ ਨੇ ਇਸ ਮਾਮਲੇ ਵਿਚ ਟਾਈਟਲਰ ਨੂੰ ਅਗਾਊਂ ਜਮਾਨਤ ਦਿੱਤੀ ਸੀ। ਅਦਾਲਤ ਨੇ ਟਾਈਟਲਰ 'ਤੇ ਕੁਝ ਸਰਤਾਂ ਵੀ ਲਗਾਈਆਂ ਸਨ

### ਬੰਗਲਾਦੇਸ਼ 'ਚ ਹਿੰਦੂਆਂ ਦੀ ਸੁਰੱਖਿਆ ਲਈ ਕੇਂਦਰ ਸਰਕਾਰ ਚੁੱਕੇ ਸਖਤ ਕਦਮ

ਮੰਗਲੁਰੂ 16 ਅਗਸਤ। ਕਰਨਾਟਕ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਿਨੇਸ ਗੁੰਡੂਰਾਓ ਨੇ ਵੀਰਵਾਰ ਨੂੰ ਬੰਗਲਾਦੇਸ 'ਚ ਘੱਟ ਗਿਣਤੀ ਹਿੰਦੂਆਂ 'ਤੇ ਹੋਏ ਹਮਲਿਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਅੰਤਰਰਾਸਟਰੀ ਪੱਧਰ 'ਤੇ ਕਦਮ ਚੁੱਕਣੇ ਚਾਹੀਦੇ ਹਨ। 78ਵੇਂ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਇੱਥੇ ਝੰਡਾ ਲਹਿਰਾਉਣ ਤੋਂ ਬਾਅਦ ਗੁੰਡੂਰਾਓ ਨੇ ਕਿਹਾ, "ਹਾਲ ਹੀ 'ਚ ਬੰਗਲਾਦੇਸ 'ਚ ਜੋ ਕੁਝ ਵੀ ਹੋਇਆ, ਉਸ ਨੇ ਸਾਨੂੰ ਸਾਰੇ ਭਾਰਤੀਆਂ ਨੂੰ ਬਹੁਤ ਦੁਖੀ ਕੀਤਾ ਹੈ। ਕੇਂਦਰ ਸਰਕਾਰ ਨੂੰ ਬੰਗਲਾਦੇਸ ਵਿੱਚ ਘੱਟ ਗਿਣਤੀ ਹਿੰਦੂਆਂ ਦੀ ਸੁਰੱਖਿਆ ਲਈ ਕੌਮਾਂਤਰੀ ਪੱਧਰ 'ਤੇ ਕਦਮ ਚੁੱਕਣੇ ਚਾਹੀਦੇ ਹਨ। ਦਕਸੀਨਾ ਕੰਨੜ ਜਿ਼ਲ੍ਹੇ ਦੇ ਇੰਚਾਰਜ ਮੰਤਰੀ ਗੁੰਡੂ ਰਾਓ ਨੇ ਕਿਹਾ ਕਿ ਰਾਜ ਸਰਕਾਰ ਦੀਆਂ ਗਾਰੰਟੀ ਸਕੀਮਾਂ ਨੇ ਆਜਾਦ ਭਾਰਤ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਜੋੜਿਆ ਹੈ ਕਿਉਂਕਿ ਇਹ ਸਕੀਮਾਂ ਆਮ ਆਦਮੀ ਦੇ ਜੀਵਨ ਵਿੱਚ ਖੁਸੀਆਂ ਲਿਆਉਣ ਅਤੇ ਘੱਟ ਕਰਨ ਵਿੱਚ ਮਦਦਗਾਰ ਸਾਬਤ ਹੋਈਆਂ ਹਨ। ਉਨ੍ਹਾਂ ਦੀਆਂ ਆਰਥਿਕ ਸਮੱਸਿਆਵਾਂ ਉਨ੍ਹਾਂ ਦਾਅਵਾ ਕੀਤਾ ਕਿ ਰਾਜ ਸਰਕਾਰ ਦੀਆਂ ਸਾਰੀਆਂ ਪੰਜ ਗਰੰਟੀ ਸਕੀਮਾਂ ਨੇ ਦੱਖਣ ਕੰਨੜ ਜਿ਼ਲ੍ਹੇ ਵਿੱਚ ਬੇਮਿਸਾਲ ਸਫਲਤਾ ਹਾਸਲ ਕੀਤੀ ਹੈ।

## ਹਰਿਆਣਾ ਵਿਧਾਨ ਸਭਾ ਚੋਣਾਂ 'ਚ 'ਆਪ' ਨਾਲ ਗਠਜੋੜ ਦੀ ਚਰਚਾ ਨਹੀਂ, ਕਾਂਗਰਸ ਆਪਣੇ ਦਮ 'ਤੇ ਸਮਰੱਥ : ਹੁੱਡਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 16 ਅਗਸਤ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਭੂਪੇਂਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨਾਲ ਗਠਜੋੜ ਦੀ ਕੋਈ ਚਰਚਾ ਨਹੀਂ ਹੈ ਅਤੇ ਕਾਂਗਰਸ ਆਪਣੇ ਦਮ 'ਤੇ ਸਮਰੱਥ ਹੈ। ਉਨ੍ਹਾਂ ਦੀ ਇਸ ਟਿੱਪਣੀ ਤੋਂ ਸੰਕੇਤ ਮਿਲਦਾ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਅਤੇ 'ਆਪ' ਵਿੱਚ ਗੱਠਜੋੜ ਦੀ ਕੋਈ ਗੁੰਜਾਇਸ ਨਹੀਂ ਹੈ। ਹੁੱਡਾ ਨੇ ਇੱਕ ਇੰਟਰਵਿਊ ਵਿੱਚ ਕਿਹਾ,"ਰਾਸਟਰੀ ਪੱਧਰ 'ਤੇ ਸਾਡਾ ਗਠਜੋੜ ਹੈ ਪਰ ਜਿੱਥੋਂ ਤੱਕ ਸੂਬਾਈ ਪੱਧਰ ਦਾ ਸਵਾਲ ਹੈ, ਉੱਥੇ ਕੋਈ ਚਰਚਾ ਨਹੀਂ ਹੋਈ ਹੈ। ਕਾਂਗਰਸ ਆਪਣੇ ਆਪ ਵਿੱਚ ਸਮਰੱਥ ਹੈ।" ਇਸ ਤੋਂ ਪਹਿਲਾਂ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ ਨੇ ਵੀ 4 ਜੁਲਾਈ ਨੂੰ ਕਿਹਾ ਸੀ ਕਿ ਦਿੱਲੀ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨਾਲ ਗਠਜੋੜ ਦੀ ਬਹੁਤੀ ਗੁੰਜਾਇਸ ਨਹੀਂ ਹੈ। ਹਾਲਾਂਕਿ ਮਹਾਰਾਸਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਗਠਜੋੜ 'ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਬਰਕਰਾਰ ਰਹੇਗਾ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ 'ਭਾਰਤ' ਗਠਜੋੜ ਦੇ



ਹਿੱਸੇ ਹਨ। ਲੋਕ ਸਭਾ ਚੋਣਾਂ ਵਿੱਚ ਦਿੱਲੀ ਅਤੇ ਹਰਿਆਣਾ ਵਿੱਚ ਦੋਵੇਂ ਪਾਰਟੀਆਂ ਨੇ ਇਕੱਠੇ ਮਿਲ ਕੇ ਚੋਣ ਲੜੀ ਸੀ ਪਰ ਪੰਜਾਬ ਵਿੱਚ ਦੋਵੇਂ ਵੱਖ-ਵੱਖ ਮੈਦਾਨ ਵਿਚ ਉੱਤਰੇ ਸਨ। ਹੁੱਡਾ ਨੇ ਇਹ ਵੀ ਕਿਹਾ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਫੌਜ ਦੀ ਭਰਤੀ ਦੀ ਅਗਨੀਪੱਥ ਯੋਜਨਾ ਅਤੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਦਾ ਅਸਰ ਵੀ ਵਿਖਾਈ ਦੇਵੇਗਾ। ਉਹਨਾਂ ਨੇ ਕਿਹਾ ਕਿ ਅਗਨੀਪੱਥ ਦਾ ਮੁੱਦਾ ਵੱਡਾ ਹੈ। ਇਸ ਦਾ ਅਸਰ ਲੋਕ ਸਭਾ ਚੋਣਾਂ ਵਿਚ ਵਿਖਾਈ ਦਿੱਤਾ ਅਤੇ ਵਿਧਾਨ ਸਭਾ ਚੋਣਾਂ ਵਿਚ ਅਜਿਹਾ ਹੀ ਰਹੇਗਾ...ਇਸ ਯੋਜਨਾ ਨੂੰ ਵਾਪਸ ਲੈਣਾ ਚਾਹੀਦਾ ਹੈ।" ਸੀਨੀਅਰ ਕਾਂਗਰਸੀ ਆਗੂ ਨੇ ਕਿਹਾ, "ਹਰ ਸਾਲ ਫੌਜ ਵਿੱਚ ਹਰਿਆਣੇ ਦੇ ਪੰਜ ਹਜਾਰ ਨੌਜਵਾਨਾਂ ਨੂੰ ਭਰਤੀ ਕੀਤਾ ਜਾਂਦਾ ਸੀ ਪਰ ਇਸ ਵਾਰ ਢਾਈ ਸੌ ਦੀ ਵੀ ਭਰਤੀ ਨਹੀਂ ਹੋਈ।" ਉਨ੍ਹਾਂ ਕਿਹਾ, "ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੀ ਮੰਗ ਇੱਕ ਜਾਇਜ ਮੰਗ ਹੈ।" ਉਹਨਾਂ ਨੇ ਹਰਿਆਣਾ ਵਿੱਚ ਕਾਂਗਰਸ ਵੱਲੋਂ ਕੀਤੇ ਗਏ ਕੁਝ ਵਾਅਦਿਆਂ ਦਾ ਜਿ਼ਕਰ ਕਰਦਿਆਂ ਕਿਹਾ,"ਹਰਿਆਣਾ ਵਿਚ ਕਾਂਗਰਸ ਦੀ ਸਰਕਾਰ ਬਣੇਗੀ ਤਾਂ ਬੁਢਾਪਾ ਪੈਨਸ਼ਨ ਨੂੰ 6 ਹਜਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇਗਾ, ਪੁਰਾਣੀ ਪੈਨਸ਼ਨ ਯੋਜਨਾ ਲਾਗੂ ਕੀਤੀ ਜਾਵੇਗੀ, ਗੈਸ ਸਿਲੰਡਰ 500 ਰੁਪਏ ਵਿਚ ਦਿੱਤਾ ਜਾਵੇਗਾ, 300 ਯੂਨਿਟ ਤੱਕ ਬਿਜਲੀ ਮੁਫਤ ਦਿੱਤੀ ਜਾਵੇਗੀ, ਠੇਕੇ 'ਤੇ ਰੱਖੇ ਮੁਲਾਜਮਾਂ ਦੀਆਂ ਨੌਕਰੀਆਂ ਸੁਰੱਖਿਅਤ ਕਰਾਂਗੇ, 2 ਲੱਖ ਨੌਜਵਾਨਾਂ ਨੂੰ ਪੱਕੀ ਸਰਕਾਰੀ ਨੌਕਰੀ ਦੇਵੇਗਾ।" ਹਰਿਆਣਾ 'ਚ ਇਸ ਸਾਲ ਅਕਤੂਬਰ-ਨਵੰਬਰ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

### ਕੋਲਕਾਤਾ ਮਾਮਲੇ 'ਚ ਦੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ : ਰਾਹੁਲ

ਨਵੀਂ ਦਿੱਲੀ 16 ਅਗਸਤ। ਕੋਲਕਾਤਾ 'ਚ ਇਕ ਟ੍ਰੇਨੀ ਡਾਕਟਰ ਨਾਲ ਜਬਰ ਜਿਨਾਹ ਅਤੇ ਉਸ ਦੇ ਕਤਲ ਦੇ ਮੁੱਦੇ 'ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਮਹਿਲਾ ਡਾਕਟਰ ਨੂੰ ਇਨਸਾਫ ਦਿਵਾਉਣ ਦੀ ਬਜਾਏ ਦੋਸੀ ਨੂੰ ਬਚਾਉਣ ਦੀ ਕੋਸਿ਼ਸ ਹਸਪਤਾਲ ਅਤੇ ਸਥਾਨਕ ਪ੍ਰਸਾਸਨ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਨੇ ਕਿਹਾ ਕਿ ਕੋਲਕਾਤਾ 'ਚ ਜੂਨੀਅਰ ਡਾਕਟਰ ਨਾਲ ਜਬਰ ਜਿ਼ਨਾਹ ਅਤੇ ਕਤਲ ਦੀ ਘਿਨਾਉਣੀ ਘਟਨਾ ਨਾਲ ਪੂਰਾ ਦੇਸ ਸਦਮੇ 'ਚ ਹੈ। ਉਨ੍ਹਾਂ ਕਿਹਾ ਕਿ ਉਸ ਨਾਲ ਕੀਤੇ ਗਏ ਬੇਰਹਿਮ ਅਤੇ ਅਣਮਨੁੱਖੀ ਕਾਰੇ ਦੇ ਖੁਲਾਸੇ ਨੇ ਡਾਕਟਰ ਭਾਈਚਾਰੇ ਅਤੇ ਔਰਤਾਂ 'ਚ ਅਸੁਰੱਖਿਆ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਰਾਹੁਲ ਗਾਂਧੀ ਨੇ 'ਐਕਸ' 'ਤੇ ਲਿਖਿਆ,"ਕੋਲਕਾਤਾ 'ਚ ਜੂਨੀਅਰ ਡਾਕਟਰ ਨਾਲ ਜਬਰ ਜਿ਼ਨਾਹ ਅਤੇ ਕਤਲ ਦੀ ਘਿਨਾਉਣੀ ਘਟਨਾ ਨਾਲ ਪੂਰਾ ਦੇਸ ਸਦਮੇ 'ਚ ਹੈ। ਉਸ ਨਾਲ ਕੀਤੇ ਗਏ ਬੇਰਹਿਮ ਅਤੇ ਅਣਮਨੁੱਖੀ ਕਾਰਿਆਂ ਦੀ ਪਰਤ ਦਰ ਪਰਤ ਜਿਸ ਤਰ੍ਹਾਂ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ, ਉਸ ਨਾਲ ਡਾਕਟਰੀ ਭਾਈਚਾਰੇ ਅਤੇ ਔਰਤਾਂ ਵਿਚ ਅਸੁਰੱਖਿਆ ਦਾ ਮਾਹੌਲ ਹੈ। ਉਨ੍ਹਾਂ ਕਿਹਾ,"ਪੀੜਤਾ ਨੂੰ ਨਿਆਂ ਦਿਵਾਉਣ ਦੀ ਜਗ੍ਹਾ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹਸਪਤਾਲ ਅਤੇ ਸਥਾਨਕ ਪ੍ਰਸ਼ਾਸਨ 'ਤੇ ਗੰਭੀਰ ਪ੍ਰਸ਼ਨ ਖੜ੍ਹੇ ਕਰਦਾ ਹੈ।" ਰਾਹੁਲ ਨੇ ਕਿਹਾ,"ਇਸ ਘਟਨਾ ਨੇ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ ਕਿ ਜੇਕਰ ਮੈਡੀਕਲ ਕਾਲਜ ਵਰਗੀ ਜਗ੍ਹਾ 'ਤੇ ਡਾਕਟਰ ਸੁਰੱਖਿਅਤ ਨਹੀਂ ਹਨ ਤਾਂ



ਕਿਸ ਭਰੋਸੇ ਮਾਤਾ-ਪਿਤਾ ਆਪਣੀਆਂ ਧੀਆਂ ਨੂੰ ਪੜ੍ਹਨ ਲਈ ਬਾਹਰ ਭੇਜਣ। ਨਿਰਭਿਆ ਕਾਂਡ ਤੋਂ ਬਾਅਦ ਬਣੇ ਸਖਤ ਕਾਨੂੰਨ ਵੀ ਅਜਿਹੇ ਅਪਰਾਧਾਂ ਨੂੰ ਰੋਕਣ ਪਾਉਣ 'ਚ ਅਸਫਲ ਕਿਉਂ ਹਨ।" ਉਨ੍ਹਾਂ ਕਿਹਾ ਕਿ ਹਾਥਰਸ ਤੋਂ ਓਨਾਵ ਅਤੇ ਕਠੂਆ ਤੋਂ ਲੈ ਕੇ ਕੋਲਕਾਤਾ ਤੱਕ ਔਰਤਾਂ ਖਿ਼ਲਾਫ ਲਗਾਤਾਰ ਵਧਦੀਆਂ ਘਟਨਾਵਾਂ 'ਤੇ ਹਰ ਦਲ, ਹਰ ਵਰਗ ਨੂੰ ਮਿਲ ਕੇ ਗੰਭੀਰ ਵਿਚਾਰ-ਵਟਾਂਦਰਾ ਕਰ ਕੇ ਠੋਸ ਉਪਾਅ ਕਰਨੇ ਹੋਣਗੇ।

# ਮਲੋਟ ਪੁਲਸ ਵਲੋਂ ਹਨੀ ਟ੍ਰੈਪ ਦੇ ਧੰਦੇ ਦਾ ਪਰਦਾਫਾਸ਼, ਮਹਿਲਾ ਨੇ ਝਾਂਸੇ 'ਚ ਦੇ ਕੇ ਵਿਅਕਤੀ ਨੂੰ ਫਸਾਇਆ

ਮਲੋਟ 16 ਅਗਸਤ। ਮਲੋਟ ਅੰਦਰ ਹਨੀ ਟ੍ਰੈਪ ਚਲਾ ਰਹੀਆਂ ਕਈਆਂ ਔਰਤਾਂ ਦੇ ਗਿਰੋਹਾਂ ਵੱਲੋਂ ਭੋਲੇ ਭਾਲੇ ਵਿਅਕਤੀਆਂ ਨੂੰ ਗੱਲਾਂ ਵਿਚ ਲਾ ਕੇ ਘਰ ਬੁਲਾਉਣ ਪਿੱਛੋਂ ਛੇੜਛਾੜ ਸਮੇਤ ਹੋਰ ਗੰਭੀਰ ਦੋਸ਼ ਲਾ ਕੇ ਲੋਕਾਂ ਨਾਲ ਠੱਗੀ ਮਾਰਨ ਦਾ ਮਾਮਲੇ ਅਕਸਰ ਚਰਚਾ ਵਿਚ ਰਹਿੰਦੇ ਹਨ ਪਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਕਪਤਾਨ ਭਾਗੀਰਥ ਸਿੰਘ ਮੀਨਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਲੋਟ ਅੰਦਰ ਨਵੇਂ ਉਪ ਪੁਲਸ ਕਪਤਾਨ ਪਵਨਜੀਤ ਸਿੰਘ ਦੀਆਂ ਹਦਾਇਤਾਂ 'ਤੇ ਮਾੜੇ ਅਨਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਤਾਜਾ ਮਾਮਲਾ ਮਲੋਟ ਸ਼ਹਿਰ ਦਾ ਹੈ, ਜਿਥੇ ਇਕ ਔਰਤ ਸ਼ਰੀਫ ਵਿਅਕਤੀ ਨੂੰ ਲਿਫਟ ਲੈਣ ਦੇ ਬਹਾਨੇ ਘਰ ਲੈ ਗਈ ਅਤੇ ਜਿਥੇ ਇਕ ਹੋਰ ਔਰਤ ਹਾਜਰ ਸੀ ਅਤੇ ਦੋਵਾਂ ਵੱਲੋਂ ਉਸ ਵਿਰੁੱਧ ਜਬਰੀ ਛੇੜਛਾੜ ਸਮੇਤ ਦੋਸ਼ਾਂ ਦੀਆਂ ਧਮਕੀਆਂ ਦੇ ਕੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ ਗਏ। ਇਸ ਮਾਮਲੇ ਦੀ ਸ਼ਿਕਾਇਤ ਤੋਂ ਬਾਅਦ ਸਿਟੀ ਮਲੋਟ ਪੁਲਸ ਨੇ ਉਕਤ ਮਹਿਲਾ ਅਤੇ ਉਸ ਦੇ ਸਾਥੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਸਿਟੀ ਮਲੋਟ ਪੁਲਸ ਨੇ ਇਸ ਸਬੰਧੀ ਦਿੱਤੀ ਜਾਣਕਾਰੀ ਅਨੁਸਾਰ ਮੱਲਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਡੱਬਵਾਲੀ ਮਲਕੋ ਕੀ ਨੇ ਪੁਲਸ ਨੂੰ ਦਰਜ ਬਿਆਨਾਂ ਵਿਚ ਕਿਹਾ ਕਿ ਉਹ ਕੱਲ 3 ਵਜੇ ਦੇ ਕਰੀਬ ਆਪਣੇ ਘਰੇਲੂ ਕੰਮ ਲਈ ਮੋਟਰਸਾਈਕਲ 'ਤੇ ਮਲੋਟ ਸ਼ਹਿਰ ਨੂੰ ਆ ਰਿਹਾ ਸੀ ਕਿ ਟਰੱਕ ਯੂਨੀਅਨ ਨੇੜੇ ਬੱਤੀਆਂ ਵਾਲੇ ਕੱਟ 'ਤੇ ਇਕ ਔਰਤ



ਨੇ ਉਸ ਨੂੰ ਕਿਹਾ ਕਿ ਮੇਰੇ ਪੇਟ ਵਿਚ ਦਰਦ ਹੋ ਰਿਹਾ ਹੈ, ਇਸ ਲਈ ਮੈਨੂੰ ਬੱਸ ਸਟੈਂਡ ਨੇੜੇ ਛੱਡ ਦਿੱਤਾ ਜਾਵੇ। ਮੁਦਈ ਨੇ ਔਰਤ ਦੀ ਮਦਦ ਲਈ ਉਸਨੂੰ ਲਿਫਟ ਦੇ ਦਿੱਤੀ ਅਤੇ ਉਹ ਬੱਸ ਸਟੈਂਡ ਨੇੜੇ ਆਪਣੇ ਘਰ ਲੈ ਗਈ । ਜਿਥੇ ਘਰ ਵਿਚ ਇਕ ਔਰਤ ਹੋਰ ਵੀ ਮੌਜੂਦ ਸੀ ਤੇ ਮੁਦਈ ਤੋਂ ਉਸ ਦੇ ਮੋਟਰਸਾਈਕਲ ਦੀ ਚਾਬੀ ਖੋਹ ਲਈ। ਉਕਤ ਔਰਤਾਂ ਨੇ ਧਮਕੀ ਦਿੱਤੀ ਕਿ ਜਾਂ ਤਾਂ ਉਨ੍ਹਾਂ ਨੂੰ 10 ਹਜਾਰ ਰੁਪਏ ਦੇ ਦਿਓ ਨਹੀਂ ਤਾਂ ਉਸ ਵਿਰੁੱਧ ਘਰ ਅੰਦਰ ਦਾਖਲ ਹੋ ਕੇ ਛੇੜਛਾੜ ਦਾ ਮੁਕੱਦਮਾ ਦਰਜ ਕਰਾਉਣਗੀਆਂ। ਮੁਦਈ ਅਨੁਸਾਰ ਉਹ ਡਰ ਗਿਆ ਅਤੇ ਉਸ ਕੋਲ ਪੈਸੇ ਨਹੀਂ ਸਨ ਜਿਸ ਕਰਕੇ ਔਰਤਾਂ ਨੇ ਉਸ ਦਾ ਮੋਟਰਸਾਈਕਲ ਆਪਣੇ ਕਬਜੇ ਵਿਚ ਲੈ ਲਿਆ ਅਤੇ ਕਿਹਾ ਕਿ ਪੈਸੇ ਦੇ ਕੇ ਮੋਟਰਸਾਈਕਲ ਲੈ ਜਾਈਂ। ਸ਼ਿਕਾਇਤ ਕਰਤਾ ਅਨੁਸਾਰ ਉਹ ਆਪਣੀ ਇੱਜਤ ਕਰਕੇ ਡਰ ਗਿਆ ਅਤੇ ਬਾਅਦ ਵਿਚ ਉਸ ਨੇ ਇਹ ਗੱਲ ਆਪਣੇ ਭਤੀਜੇ ਨਾਲ ਸਾਂਝੀ ਕੀਤੀ ਜਿਨ੍ਹਾਂ ਨੇ ਪੜਤਾਲ ਕੀਤੀ ਕਿ ਲਿਫਟ ਲੈਣ ਵਾਲੀ ਔਰਤ ਵਿਅਕਤੀ ਨੂੰ ਜਿਸ ਘਰ ਵਿਚ ਲੈ ਕੇ ਗਈ ਸੀ, ਉਸ ਘਰ ਦੀ ਮਾਲਕਣ ਦਾ ਨਾਮ ਊਸ਼ਾ ਪਤਨੀ ਸ਼ਸ਼ੀ ਕੁਮਾਰ ਨੇੜੇ ਟਾਵਰ ਅਮਨ ਨਗਰ ਹੈ ਜਦਕਿ ਦੂਸਰੀ ਔਰਤ ਇਸ ਮਹਿਲਾ ਦੀ ਸਹਿਯੋਗੀ ਹੈ। ਮੁਦਈ ਨੇ ਮਾਮਲੇ ਦੀ ਸਿਟੀ ਮਲੋਟ ਪੁਲਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਸਿਟੀ ਮਲੋਟ ਪੁਲਸ ਨੇ ਊਸ਼ਾ ਪਤਨੀ ਸ਼ਸ਼ੀ ਕੁਮਾਰ ਅਤੇ ਇਕ ਨਾਮਲੂਮ ਔਰਤ ਵਿਰੁੱਧ ਮਾਮਲਾ ਦਰਜ ਕਰ ਕੇ ਊਸ਼ਾ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਉਸਦੀ ਸਹਿਯੋਗੀ ਮਹਿਲਾ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮਲੋਟ ਵਿਖੇ ਹਨੀ ਟ੍ਰੈਪ ਦਾ ਧੰਦਾ ਲੰਬੇ ਸਮੇਂ ਤੋਂ ਚਲ ਰਿਹਾ ਹੈ। ਕੁਝ ਮਹੀਨੇ ਪਹਿਲਾਂ ਇਕ ਮਹਿਲਾ ਵੱਲੋਂ ਵਪਾਰੀ ਨੂੰ ਹੋਟਲ ਵਿਚ ਸੱਦਣ ਤੋਂ ਬਾਅਦ ਝੂਠੇ ਕੇਸ ਵਿਚ ਫਸਾਉਣ ਦੀ ਧਮਕੀ ਦੇ ਕੇ ਮੋਟੀ ਰਕਮ ਵਸੂਲੀ ਗਈ ਸੀ, ਜਿਸ ਦਾ ਰਾਜੀਨਾਮਾ ਕਰਾਉਣ ਵਿਚ ਇਕ ਧਾਰਮਿਕ ਸੰਸਥਾ ਨਾਲ ਜੁੜੇ ਵਿਅਕਤੀ ਦੀ ਮੁੱਖ ਭੂਮਿਕਾ ਰਹੀ ਸੀ। ਇਹ ਮਾਮਲਾ ਲੰਬਾ ਸਮਾਂ ਚਰਚਾ ਵਿਚ ਰਿਹਾ।

## ਫਿਲੌਰ ਵਿਖੇ ਕਿੰਨਰ ਨੇ ਕੀਤੀ ਖੁਦਕੁਸ਼ੀ, ਕਮਰੇ ਵਿਚੋਂ ਇਸ ਹਾਲ 'ਚ ਮਿਲੀ ਲਾਸ਼

ਜਲੰਧਰ/ਫਿਲੌਰ 29 ਮਾਰਚ। ਜਲੰਧਰ ਦੇ ਫਿਲੌਰ 'ਚ ਇਕ ਕਿੰਨਰ ਨੇ ਘਰ 'ਚ ਫਾਹਾ ਲੈ ਕੇ ਖੁਦਕੁਸੀ ਕਰ ਲਈ। ਕਿੰਨਰ ਦੀ ਪਛਾਣ ਇੰਦਰਾ ਕਾਲੋਨੀ ਫਿਲੌਰ ਦੀ ਰਹਿਣ ਵਾਲੀ ਹਸੀਨਾ ਮਹੰਤ ਵਜੋਂ ਹੋਈ ਹੈ। ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਭੇਜ ਦਿੱਤਾ ਹੈ।ਫਿਲਹਾਲ ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਪਿੰਡ ਦੇ ਸਰਪੰਚ ਜਗਤਾਰ ਚੰਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਕਾਲੋਨੀ ਵਿਚੋਂ ਕਿਸੇ ਨੇ ਫੋਨ ਕਰਕੇ



ਦੱਸਿਆ ਕਿ ਹਸੀਨਾ ਮਹੰਤ ਨੇ ਫਾਹਾ ਲੈ ਲਿਆ ਹੈ। ਜਦੋਂ ਉਹ ਈਮ ਹਸੀਨਾ ਮਹੰਤ ਦੇ ਘਰ ਪੁੱਜੇ ਤਾਂ ਵੇਖਿਆ ਕਿ ਉਸ ਦੇ ਕਮਰੇ ਦਾ ਅੰਦਰੋਂ ਦਰਵਾਜਾ ਬੰਦ ਸੀ। ਬੜੀ ਜੱਦੋ-ਜਹਿਦ ਨਾਲ ਦਰਵਾਜਾ ਖੋਲ੍ਹਿਆ ਤਾਂ ਵੇਖੀਆਂ ਹਸੀਨਾ ਮਹੰਤ ਨੇ ਪੱਖੇ ਨਾਲ ਫਾਹਾ ਲਿਆ ਹੋਇਆ ਸੀ, ਜਿਸ ਦੀ ਜਾਣਕਾਰੀ ਥਾਣਾ ਫਿਲੌਰ ਵਿਖੇ ਦਿੱਤੀ। ਥਾਣਾ ਫਿਲੌਰ ਦੇ ਏ. ਐੱਸ. ਆਈ. ਜੈ ਗੋਪਾਲ ਪੁਲਸ ਪਾਰਟੀ ਨਾਲ ਘਟਨਾ ਸਥਾਨ 'ਤੇ ਪੁੱਜੇ ਅਤੇ ਹਸੀਨਾ ਮਹੰਤ ਦੀ ਲਟਕਦੀ ਲਾਸ ਨੂੰ ਹੇਠਾਂ ਉਤਾਰੀਆਂ ਅਤੇ ਕਬਜੇ ਵਿੱਚ ਲੈ ਕੈ ਐਂਬੂਲੈਂਸ ਰਾਹੀਂ ਫਿਲੌਰ ਦੇ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਉਸ ਦੇ ਨਾਲ ਰਹਿੰਦੇ ਉਸ ਦੇ ਭਤੀਜਾ-ਭਤੀਜੀ ਅਨੁਰਾਗ ਅਤੇ ਜੋਤੀ ਤੋਂ ਪੁੱਛਗਿੱਛ ਸੁਰੂ ਕਰ ਦਿੱਤੀ। ਏ. ਐੱਸ. ਆਈ. ਜੈ ਗੋਪਾਲ ਨੇ ਕਿਹਾ ਮਾਮਲੇ ਦੀ ਪੂਰੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ, ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

## ਸਿਵਲ ਹਸਪਤਾਲ 'ਚ ਇਲਾਜ ਲਈ ਜਾਣ ਵਾਲੇ ਮਰੀਜਾਂ ਲਈ ਅਹਿਮ ਖਬਰ, ਹੋਵੇਗੀ ਖੱਜਲ-ਖੁਆਰੀ

ਜਲੰਧਰ 16 ਅਗਸਤ। ਕੋਲਕਾਤਾ ਵਿਖੇ ਸਰਕਾਰੀ ਹਸਪਤਾਲ 'ਚ ਇਕ ਮਹਿਲਾ ਡਾਕਟਰ ਨਾਲ ਜਬਰ-ਜ਼ਿਨਾਹ ਅਤੇ ਕਤਲ ਦੀ ਵਾਪਰੀ ਭਿਆਨਕ ਘਟਨਾ ਨੂੰ ਲੈ ਕੇ ਦੇਸ ਭਰ ਦੇ ਡਾਕਟਰਾਂ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਇਸ ਦੇ ਵਿਰੋਧ ਵਿਚ ਅੱਜ ਦੇਸ਼ ਭਰ ਦੇ ਡਾਕਟਰਾਂ ਵੱਲੋਂ ਹੜਤਾਲ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਹਸਪਤਾਲਾਂ ਵਿਚ ਓ. ਪੀ. ਡੀ. ਸੇਵਾਵਾਂ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ ਅਤੇ ਸਿਰਫ ਐਮਰਜੈਂਸੀ ਸੇਵਾਵਾਂ ਹੀ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਤਹਿਤ ਜਲੰਧਰ ਦੇ ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਪੀ. ਸੀ. ਐੱਮ. ਐੱਸ. ਏ. ਦੇ ਸੂਬਾ ਪ੍ਰਧਾਨ ਅਖਿਲ ਸਰਨ ਦੇ ਸੱਦੇ ਤੇ ਓ.ਪੀ.ਡੀ. ਸੇਵਾਵਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਡਾਕਟਰਾਂ ਵੱਲੋਂ ਇਸ ਘਟਨਾ ਨੂੰ ਲੈ ਕੇ ਰੋਸ ਮਾਰਚ ਵੀ ਕੱਢਿਆ ਗਿਆ ਜਦਕਿ ਸਿਵਲ ਹਸਪਤਾਲ ਵਿਚ ਸਿਰਫ ਐਮਰਜੈਂਸੀ ਸੇਵਾਵਾਂ ਬਹਾਲ ਹਨ। ਇਸ ਦੌਰਾਨ ਸਿਵਲ ਹਸਪਤਾਲ ਵਿਚ ਇਲਾਜ ਕਰਵਾਉਣ ਆਉਣ ਵਾਲੇ ਮਰੀਜਾਂ ਨੂੰ ਵੀ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਟਰੇਨ ਦੀ ਲਪੇਟ 'ਚ ਆਉਣ ਕਾਰਨ ਇੱਕ ਆਦਮੀ ਦੀ ਹੋਈ ਮੌਤ

ਜੈਤੋ 16 ਅਗਸਤ। ਅੱਜ ਸਵੇਰੇ 05:15 ਵਜੇ ਚੜ੍ਹਦੀਕਲਾ ਵੈੱਲਫੇਅਰ ਸੇਵਾ ਸੁਸਾਇਟੀ ਜੈਤੋ ਦੇ ਪ੍ਰਧਾਨ ਮੀਤ ਸਿੰਘ ਮੀਤਾ ਨੂੰ, ਜੈਤੋ ਰੇਲਵੇ ਚੌਕੀ ਦੇ ਇੰਚਾਰਜ ਗੁਰਮੀਤ ਸਿੰਘ, ਨੇ ਫੋਨ ਕਰਕੇ ਸੂਚਨਾ ਦਿੱਤੀ ਕਿ ਕੋਟਕਪੂਰਾ ਰੋਡ ਤੇ ਨਹਿਰ ਦੇ ਪੁਲ ਉੱਤੇ ਕੋਲ ਟਰੇਨ ਦੀ ਲਪੇਟ 'ਚ ਆ ਜਾਣ ਕਾਰਨ ਇੱਕ ਆਦਮੀ ਦੀ ਮੌਤ ਹੋ ਗਈ ਹੈ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਚੜ੍ਹਦੀਕਲਾ ਵੈੱਲਫੇਅਰ ਸੇਵਾ ਸੁਸਾਇਟੀ ਜੈਤੋ ਦੇ ਸੇਵਾਦਾਰ ਮੀਤ ਸਿੰਘ ਮੀਤਾ ਆਪਣੀ ਟੀਮ ਮੈਂਬਰਾ ਗੋਰਾ, ਬੱਬੂ ਮਾਲੜਾ, ਲਖਵੀਰ ਸਿੰਘ ਚੰਦਭਾਨ, ਨੂੰ ਨਾਲ ਲੈਕੇ ਤੁਰੰਤ ਹੀ ਘਟਨਾ ਵਾਲੀ ਥਾਂ ਉੱਤੇ ਪਹੁੰਚ ਗਏ। ਉਨ੍ਹਾਂ ਵੱਲੋਂ ਇਸ ਆਦਮੀ ਦੀ ਡੈਡ ਬਾਡੀ ਨੂੰ ਰੇਲਵੇ ਲਾਈਨਾ 'ਚੋਂ ਹਟਾਇਆ ਗਿਆ। ਉਸ ਕੋਲੋਂ ਕੋਈ ਵੀ ਪਹਿਚਾਣ ਪੱਤਰ ਨਹੀਂ ਮਿਲਿਆ। ਮ੍ਰਿਤਕ ਵਿਅਕਤੀ ਦੀ ਪਹਿਚਾਣ ਨਾ ਹੋਣ ਕਾਰਨ ਲਾਸ ਨੂੰ ਰੇਲਵੇ ਚੌਂਕੀਂ ਇੰਚਾਰਜ ਸਰਦਾਰ ਗੁਰਮੀਤ ਸਿੰਘ, ਏ. ਐੱਸ. ਆਈ. ਸਰਦਾਰ ਹਰਜੀਤ ਸਿੰਘ, ਰੇਲਵੇ ਪੁਲਸ ਕਰਮਚਾਰੀ ਗੁਰਤੇਜ ਸਿੰਘ ਦੀ ਨਿਗਰਾਨੀ ਹੇਠ 'ਚ ਸਿਵਲ ਹਸਪਤਾਲ ਜੈਤੋ ਵਿੱਖੇ 72 ਘੰਟਿਆਂ ਲਈ ਮੋਰਚਰੀ ਵਿੱਚ ਰੱਖ ਦਿੱਤਾ ਗਿਆ ਹੈ।

## ਬਾਬਾ ਵਡਬਾਗ ਸਿੰਘ ਜਾ ਰਹੀ ਸੰਗਤ ਹੋਈ ਹਾਦਸੇ ਦਾ ਸ਼ਿਕਾਰ, ਪਲਾਂ 'ਚ ਮਚਿਆ ਚੀਕ-ਚਿਹਾੜਾ

ਦਸੂਹਾ 16 ਅਗਸਤ। ਅੱਜ ਸਵੇਰੇ ਦਸੂਹਾ-ਹਾਜੀਪੁਰ ਰੋਡ 'ਤੇ ਪਿੰਡ ਸਰੀਂਹਪੁਰ ਮੋੜ ਵਿਖੇ ਤਰਨਤਾਰਨ ਤੋਂ ਬਾਬਾ ਵਡਭਾਗ ਸਿੰਘ ਵਿਖੇ ਇਕ ਟੈਂਪੂ 'ਚ ਜਾ ਰਹੀ ਸੰਗਤ ਜਦ ਉਕਤ ਸਥਾਨ 'ਤੇ ਲੰਗਰ ਛੱਕਣ ਲਈ ਰੁਕੀ ਤਾਂ ਤਲਵਾੜਾ ਵੱਲੋਂ ਆ ਰਹੇ ਇਕ ਟਿੱਪਰ ਨੇ ਟੈਂਪੂ ਟਰੈਵਲ ਨੂੰ ਟੱਕਰ ਮਾਰ ਦਿੱਤੀ। ਜਿਸ ਦੇ ਕਾਰਨ ਟੈਂਪੂ ਟਰੈਵਲ ਦੀਆਂ 16 ਤੋਂ ਵੱਧ ਸਵਾਰੀਆਂ ਗੰਭੀਰ ਜਖਮੀ ਹੋ ਗਈਆਂ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਦਸੂਹਾ ਵਿਖੇ ਦਾਖਲ ਕਰਵਾਇਆ ਗਿਆ। ਇਨ੍ਹਾਂ ਜਖਮੀ



ਸਵਾਰੀਆਂ ਵਿਚ ਰੁਪਿੰਦਰ ਕੌਰ ਪਤਨੀ ਮੰਗਲ ਸਿੰਘ,ਜਗੀਰ ਕੌਰ ਪਤਨੀ ਸੁਲੱਖਣ ਸਿੰਘ,ਉਪਿੰਦਰ ਕੌਰ ਪਤਨੀ ਜੀਤ ਸਿੰਘ,ਰਾਜ ਕੌਰ ਪਤਨੀ ਮਨਪ੍ਰੀਤ ਸਿੰਘ,ਗੁਰਮੇਜ ਸਿੰਘ ਪੁੱਤਰ ਸੁਲੱਖਣ ਸਿੰਘ,ਨਿਰਵੈਰ ਸਿੰਘ ਪੁੱਤਰ ਮਨਜੀਤ ਸਿੰਘ,ਸਾਜਨ ਪੁੱਤਰ ਗੁਰਮੇਜ ਸਿੰਘ,ਕਮਲ ਪਤਨੀ ਨਿਰਵੈਰ ਸਿੰਘ,ਸੂਰਜ ਪੁੱਤਰ ਕੁਲਦੀਪ,ਗੁਰਮੀਤ ਪੁੱਤਰ ਕਸਮੀਰ, ਮਨਪ੍ਰੀਤ ਪੁੱਤਰ ਜਸਵੰਤ ਸਿੰਘ,ਗੁਰਜੀਤ ਪੁੱਤਰ ਪਲਵਿੰਦਰ ਸਿੰਘ,ਰੁਪਿੰਦਰ ਕੌਰ ਪਤਨੀ ਸਰਬਜੀਤ ਸਿੰਘ,ਜਗੀਰ ਕੌਰ ਪਤਨੀ ਸੁਲੱਖਣ ਸਿੰਘ,ਸਰਵਜੀਤ ਕੌਰ ਪਤਨੀ ਮੰਗਲ ਸਿੰਘ ਸਾਰੇ ਵਾਸੀ ਪਿੰਡ ਬੁੱਗਾ ਜ਼ਿਲ੍ਹਾ ਤਰਨਤਾਰਨ ਨੂੰ ਇਲਾਜ ਲਈ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਦਾਖ਼ਲ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ, ਜਿਨ੍ਹਾਂ ਵਿੱਚੋਂ 6 ਸਵਾਰੀਆਂ ਗੰਭੀਰ ਜਖਮੀ ਹੋ ਗਈਆਂ। ਐੱਸ. ਐੱਮ. ਓ. ਸਿਵਲ ਹਸਪਤਾਲ ਦਸੂਹਾ ਨੇ ਦੱਸਿਆ ਕਿ ਫਸਟ ਏਡ ਦੇਣ ਤੋਂ ਬਾਅਦ ਜਖਮੀ ਯਾਤਰੀਆਂ ਦੇ ਸਮੂਹ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਹਸਪਤਾਲ ਭੇਜਿਆ ਗਿਆ। ਦਸੂਹਾ ਪੁਲਸ ਵੱਲੋਂ ਟਿੱਪਰ ਚਾਲਕ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਉਮਰ 78 ਸਾਲ, ਪੇਸਾ ਮਜਦੂਰੀ, 32 ਵਾਰ ਚੋਣਾਂ ਲੜ ਚੁੱਕੇ ਤੀਤਰ ਸਿੰਘ ਦਾ ਜਾਣੋ ਸਿਆਸੀ ਸਫਰ

ਜੈਪੁਰ 16 ਅਗਸਤ। ਰਾਜਸਥਾਨ ਦੇ ਵਿਧਾਨ ਸਭਾ ਹਲਕਾ ਕਰਨਪੁਰ ਦੇ ਛੋਟੇ ਜਿਹੇ ਪਿੰਡ 25 ਐੱਫ ਗੁਲਾਬੇਵਾਲਾ ਦੇ ਰਹਿਣ ਵਾਲੇ 78 ਸਾਲਾ ਤੀਤਰ ਸਿੰਘ ਮਨਰੇਗਾ ਦੇ ਦਿਹਾੜੀਦਾਰ ਮਜਦੂਰ ਹਨ ਪਰ ਆਪਣੇ ਹੱਕ ਲੈਣ ਲਈ 32 ਵਾਰ ਚੋਣਾਂ ਲੜ ਚੁੱਕੇ ਹਨ। ਹਾਲਾਂਕਿ ਉਹ ਹਰ ਵਾਰ ਚੋਣਾਂ 'ਚ ਬੁਰੀ ਤਰ੍ਹਾਂ ਹਾਰਦੇ ਹਨ ਪਰ ਅਗਲੀਆਂ ਚੋਣਾਂ ਲਈ ਇਕ ਵਾਰ ਫਿਰ ਪੂਰੇ ਜੋਸ ਅਤੇ ਜਜਬੇ ਨਾਲ ਜੁੱਟ ਜਾਂਦੇ ਹਨ। ਉਨ੍ਹਾਂ ਨੇ ਹੁਣ ਤੱਕ ਲੋਕ ਸਭਾ ਦੀਆਂ 10, ਵਿਧਾਨ ਸਭਾ ਦੀਆਂ 10, ਜ਼ਿਲ੍ਹਾ ਪ੍ਰੀਸਦ ਡਾਇਰੈਕਟਰ ਦੀਆਂ 4, ਸਰਪੰਚੀ ਦੀਆਂ 4 ਅਤੇ ਵਾਰਡ ਮੈਂਬਰੀ ਦੀਆਂ 4 ਚੋਣਾਂ 'ਚ ਕਿਸਮਤ ਅਜਮਾਈ ਹੈ ਪਰ ਚੋਣ ਅੰਕੜੇ ਕਦੇ ਵੀ ਤੀਤਰ ਸਿੰਘ ਦੇ ਪੱਖ 'ਚ ਨਹੀਂ ਰਹੇ ਅਤੇ ਹਰ ਵਾਰ ਉਨ੍ਹਾਂ ਦੀ ਜਮਾਨਤ ਜਬਤ ਹੁੰਦੀ ਰਹੀ। ਚੋਣ ਵਿਭਾਗ ਅਨੁਸਾਰ ਤੀਤਰ ਸਿੰਘ ਨੂੰ 2008 ਦੀਆਂ ਵਿਧਾਨ ਸਭਾ ਚੋਣਾਂ 'ਚ 938, 2013 ਦੀਆਂ ਵਿਧਾਨ ਸਭਾ ਚੋਣਾਂ 'ਚ 427 ਅਤੇ 2018 ਦੀਆਂ ਵਿਧਾਨ ਸਭਾ ਚੋਣਾਂ 'ਚ 653 ਵੋਟਾਂ ਮਿਲੀਆਂ। ਤੀਤਰ ਸਿੰਘ 'ਤੇ ਚੋਣਾਂ ਲੜਨ ਦਾ ਜਨੂੰਨ 70 ਦੇ ਦਹਾਕੇ 'ਚ ਉਦੋਂ ਸਵਾਰ ਹੋਇਆ, ਜਦੋਂ ਉਹ ਜਵਾਨ ਸਨ ਅਤੇ ਉਨ੍ਹਾਂ ਵਰਗੇ ਬਹੁਤ ਸਾਰੇ ਲੋਕ ਨਹਿਰੀ ਖੇਤਰਾਂ 'ਚ ਜਮੀਨ ਅਲਾਟਮੈਂਟ ਤੋਂ ਵਾਂਝੇ



ਰਹਿ ਗਏ ਸਨ। ਉਨ੍ਹਾਂ ਦੀ ਮੰਗ ਸੀ ਕਿ ਸਰਕਾਰ ਬੇਜਮੀਨੇ ਅਤੇ ਗਰੀਬ ਮਜਦੂਰਾਂ ਨੂੰ ਜਮੀਨ ਅਲਾਟ ਕਰੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਚੋਣਾਂ ਕਿਉਂ ਨਾ ਲੜਨ, ਸਰਕਾਰ ਜਮੀਨ ਦੇਵੇ, ਸਹੂਲਤਾਂ ਦੇਵੇ, ਚੋਣਾਂ ਸਾਡੇ ਹੱਕ ਦੀ ਲੜਾਈ ਹੈ ਅਤੇ ਉਹ ਚੋਣਾਂ ਲੜਦੇ ਰਹਿਣਗੇ। ਉਹ ਲੋਕਪ੍ਰਿਅਤਾ ਜਾਂ ਰਿਕਾਰਡ ਬਣਾਉਣ ਲਈ ਨਹੀਂ, ਸਗੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਚੋਣਾਂ ਨੂੰ ਇਕ ਹਥਿਆਰ ਵਜੋਂ ਵਰਤ ਰਹੇ ਹਨ ਅਤੇ ਉਸ ਦੀ ਧਾਰ ਸਮਾਂ ਅਤੇ ਉਮਰ ਬੀਤਣ ਤੋਂ ਬਾਅਦ ਵੀ ਖੁੰਢੀ ਨਹੀਂ ਹੋਈ ਹੈ। ਤੀਤਰ ਸਿੰਘ ਦੀਆਂ ਤਿੰਨ ਧੀਆਂ ਅਤੇ ਦੋ ਪੁੱਤਰ ਹਨ, ਦੋ ਪੋਤਿਆਂ ਦਾ ਵਿਆਹ ਵੀ ਹੋ ਚੁੱਕਾ ਹੈ। ਉਨ੍ਹਾਂ ਕੋਲ ਜਮ੍ਹਾਂ ਪੂੰਜੀ ਦੇ ਨਾਂ 'ਤੇ 2500 ਰੁਪਏ ਦੀ ਨਕਦੀ ਹੈ, ਬਾਕੀ ਨਾ ਕੋਈ ਜਮੀਨ, ਨਾ ਜਾਇਦਾਦ, ਨਾ ਹੀ ਗੱਡੀਆਂ-ਘੋੜੇ। ਮਜੇਦਾਰ ਗੱਲ ਇਹ ਹੈ ਕਿ ਤੀਤਰ ਸਿੰਘ ਕਿਸੇ ਵੀ ਸੋਸਲ ਮੀਡੀਆ ਪਲੇਟਫਾਰਮ 'ਤੇ ਨਹੀਂ ਹਨ ਪਰ ਆਪਣੀ ਪਤਨੀ ਨਾਲ ਨਾਮਜਦਗੀ ਦਾਖਲ ਕਰਨ ਜਾਂਦੇ ਹੋਏ ਉਨ੍ਹਾਂ ਦੀ ਇਕ ਵੀਡੀਓ ਵਾਇਰਲ ਹੋਈ ਤਾਂ ਉਹ ਸੂਬੇ ਹੀ ਨਹੀਂ, ਪੂਰੇ ਦੇਸ 'ਚ ਚਰਚਾ ਦਾ ਵਿਸਾ ਬਣ ਗਏ ਹਨ।

## ਪੰਜਾਬ ਦੇ ਸਰਕਾਰੀ ਸਕੂਲ 'ਚ ਲੱਗ ਗਈ ਅੱਗ, ਪੈ ਗਈਆਂ ਭਾਜੜਾਂ

ਮੋਗਾ 16 ਅਗਸਤ। ਮੋਗਾ ਜ਼ਿਲ੍ਹੇ ਦੇ ਪਿੰਡ ਚੁਗਾਵਾਂ ਦੇ ਸਰਕਾਰੀ ਸਕੂਲ ਵਿਚ ਮਿਡ-ਡੇਅ ਮੀਲ ਬਣਾਉਂਦੇ ਸਮੇਂ ਅਚਾਨਕ ਗੈਸ ਸਿਲੰਡਰ ਨੂੰ ਅੱਗ ਲੱਗ ਗਈ। ਇਹ ਹਾਦਸਾ ਜਦੋਂ ਵਾਪਰਿਆ ਤਾਂ ਉਸ ਸਮੇਂ ਸਕੂਲ ਵਿਚ ਅਧਿਆਪਕਾਂ ਤੋਂ ਇਲਾਵਾ 60 ਤੋਂ 70 ਦੇ ਕਰੀਬ ਵਿਦਿਆਰਥੀ ਆਪਣੇ ਮਾਪਿਆਂ ਸਮੇਤ ਮੌਜੂਦ ਸਨ। ਦਰਅਸਲ ਅੱਜ ਸਕੂਲ ਵਿਚ ਅਧਿਆਪਕ-ਮਾਪੇ ਮਿਲਣੀ ਸੀ, ਜਿਸ ਦੇ ਚੱਲਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਸਕੂਲ ਪਹੁੰਚੇ ਹੋਏ ਸਨ। ਅੱਗ ਲੱਗਣ ਕਾਰਨ ਖਾਣਾ ਪਕਾਉਂਦੇ ਸਮੇਂ ਭੱਠੀ ਵਾਲੀ ਥਾਂ ਤੋਂ ਅਚਾਨਕ ਗੈਸ ਪਾਈਪ ਖੁੱਲ੍ਹ ਗਈ ਅਤੇ ਅੱਗ ਲੱਗ ਗਈ ਪਰ ਉਥੇ ਹੀ ਮੌਜੂਦ ਸਕੂਲੀ ਬੱਚਿਆਂ ਨੇ ਵੀ ਅੱਗ ਬੁਝਾਉਣ ਵਿਚ ਕਾਫੀ ਮਦਦ ਕੀਤੀ ਜਿਸਦੀ ਇਕ ਵੀਡੀਓ ਸਾਹਮਣੇ ਆਈ ਹੈ ਪਰ ਸਾਰੇ ਸਕੂਲ ਦੇ ਸਟਾਫ ਨੇ ਕਾਫੀ ਮਿਹਨਤ ਕੀਤੀ ਜਿਸ ਕਰਕੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਮਿਡ-ਡੇ ਮਿੱਲ ਬਣਾਉਣ ਵਾਲੀ ਜਸਵੀਰ ਕੌਰ ਨੇ ਦੱਸਿਆ ਕਿ ਅੱਜ ਸਵੇਰੇ 11 ਵਜੇ ਦੇ ਕਰੀਬ ਜਦੋਂ ਉਹ ਮਿਡ-ਡੇ ਮੀਲ ਬਣਾਉਣ ਲਈ ਭੱਠੀ ਨੂੰ ਬਾਲਣ ਲੱਗੀ ਤਾਂ ਭੱਠੀ ਵਾਲੀ ਸਾਈਡ ਤੋਂ ਗੈਸ ਪਾਈਪ ਖੁੱਲ੍ਹ ਗਈ ਅਤੇ ਅਚਾਨਕ ਅੱਗ ਲੱਗ ਗਈ। ਦੇਖਦੇ ਹੀ ਦੇਖਦੇ ਅੱਗ ਬਹੁਤ ਜ਼ਿਆਦਾ ਮਚ ਗਈ ਅਤੇ ਇਕਦਮ ਭਾਜੜ ਪੈ ਗਈ।

## ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ 'ਚ ਇਕ ਹੋਰ ਕਾਰਾ, ਕੈਦੀਆਂ ਨੂੰ ਪਾਬੰਦੀਸ਼ੁਦਾ ਸਾਮਾਨ ਪਹੁੰਚਾਉਂਦਾ ਹੋਮਗਾਰਡ ਕਾਬੂ

ਤਰਨਤਾਰਨ 16 ਅਗਸਤ। ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ ਆਏ ਦਿਨ ਸੁਰਖੀਆਂ 'ਚ ਰਹਿੰਦੀ ਹੈ, ਜਿਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਜੇਲ 'ਚ ਤਾਇਨਾਤ ਪੰਜਾਬ ਹੋਮਗਾਰਡ ਦੇ ਇਕ ਜਵਾਨ ਵਲੋਂ ਜੇਲ 'ਚ 7 ਤੰਬਾਕੂ ਦੀਆਂ ਪੁੜੀਆਂ, 2 ਸਿਗਰਟ ਦੀਆਂ ਡੱਬੀਆਂ, 1 ਮੋਬਾਇਲ, 1 ਚਾਰਜਰ ਤੇ 3 ਹੀਟਰ ਦੇ ਸਪਰਿੰਗ ਸੁੱਟੇ ਗਏ। ਇਸ ਸਬੰਧੀ ਪੁਲਸ ਨੇ ਪੰਜਾਬ ਹੋਮਗਾਰਡ ਦੇ ਜਵਾਨ ਨੂੰ ਗ੍ਰਿਫਤਾਰ ਕਰਦਿਆਂ ਇਕ ਅਣਪਛਾਤੇ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਭਗਵੰਤ ਸਿੰਘ ਨੂੰ ਵਾਰਡਨ ਗੁਰਲਾਲ ਸਿੰਘ ਤੇ ਟਾਵਰ ਸੰਤਰੀ ਪੰਜਾਬ ਹੋਮਗਾਰਡ ਸਤਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਲ ਅੰਦਰ ਸਾਡੇ ਹੀ ਇਕ ਮੁਲਾਜ਼ਮ ਵਲੋਂ ਪਾਬੰਦੀਸ਼ੁਦਾ ਸਾਮਾਨ ਸੁੱਟਿਆ ਗਿਆ ਹੈ, ਜੋ ਆਪਣੇ ਇਕ ਸਾਥੀ ਸਮੇਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਿਆ। ਜੇਲ ਅੰਦਰ ਸੁੱਟੇ ਗਏ ਪੈਕੇਟ 'ਚੋਂ 7 ਤੰਬਾਕੂ ਦੀਆਂ ਪੁੜੀਆਂ, 2 ਸਿਗਰਟ ਦੀਆਂ ਡੱਬੀਆਂ, 1 ਮੋਬਾਇਲ, 1 ਚਾਰਜਰ ਤੇ 3



ਹੀਟਰ ਦੇ ਸਪਰਿੰਗ ਬਰਾਮਦ ਕਰਦਿਆਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਬਰਾਮਦ ਕੀਤੇ ਗਏ ਸਾਮਾਨ ਨੂੰ ਕਬਜ਼ੇ 'ਚ ਲੈਂਦਿਆਂ ਪੰਜਾਬ ਹੋਮਗਾਰਡ ਦੇ ਜਵਾਨ ਪੂਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਇਕ ਅਣਪਛਾਤੇ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਜਹਿਰੀਲੀ ਸ਼ਰਾਬ ਪੀਣ ਨਾਲ ਇਕ ਵਿਅਕਤੀ ਦੀ ਮੌਤ

ਪਾਤੜਾਂ 16 ਅਗਸਤ। ਸੂਬੇ ਵਿਚ ਜਹਿਰੀਲੀ ਸ਼ਰਾਬ ਦਾ ਸੇਕ ਪਾਤੜਾਂ ਇਲਾਕੇ ਤੱਕ ਵੀ ਪਹੁੰਚ ਗਿਆ ਹੈ। ਸਬ ਡਿਵੀਜਨ ਪਾਤੜਾਂ ਦੇ ਪਿੰਡ ਮੌਲਵੀਵਾਲਾ ਵਿਚ ਅੱਜ ਬਾਅਦ ਦੁਪਹਿਰ ਸ਼ਰਾਬ ਪੀਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਮਿੱਠੂ ਸਿੰਘ ਪੁੱਤਰ ਅਰਜਨ ਸਿੰਘ ਉਮਰ ਲਗਭਗ 48 ਸਾਲ ਦੇ ਪੁੱਤਰ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਦਿਹਾੜੀਦਾਰ ਸੀ ਅਤੇ ਸ਼ਰਾਬ ਪੀਣ ਦਾ ਆਦੀ ਸੀ । ਪ੍ਰੰਤੂ ਮੰਗਲਵਾਰ ਸ਼ਾਮ ਉਹ ਘਰੋਂ ਬਾਹਰ ਗਿਆ ਅਤੇ ਰਾਤ ਕਰੀਬ 8 ਵਜੇ ਦੇ ਕਰੀਬ ਸ਼ਰਾਬੀ ਹਾਲਤ ਵਿਚ ਘਰ ਆਇਆ ਅਤੇ ਸੌਂ ਗਿਆ। ਸਵੇਰੇ ਜਦੋਂ ਉੱਠਿਆ ਤਾਂ ਉਸਨੂੰ ਉਲਟੀਆਂ ਲੱਗ ਗਈਆਂ। ਬਾਅਦ ਦੁਪਹਿਰ 2 ਵਜੇ ਦੇ ਕਰੀਬ ਉਸ ਨੂੰ ਅਚਾਨਕ ਘਬਰਾਹਟ ਮਹਿਸੂਸ ਹੋਈ । ਇਸ ਦੌਰਾਨ ਜਦੋਂ ਉਹ ਕੱਪੜੇ ਬਦਲ ਰਿਹਾ ਸੀ ਤਾਂ ਅਚਾਨਕ ਚੱਕਰ ਖਾ ਕੇ ਡਿੱਗ ਜਾਣ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੌਰਾਨ ਪਿੰਡ ਦੇ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਨੇ ਦੱਸਿਆ ਕਿ ਮ੍ਰਿਤਕ ਮਿੱਠੂ ਸਿੰਘ ਰਵਿਦਾਸੀਆ ਭਾਈਚਾਰੇ ਨਾਲ ਸੰਬੰਧ ਰੱਖਦਾ ਸੀ ਅਤੇ ਉਸਦੇ ਦੋ ਲੜਕੇ ਤੇ ਦੋ ਲੜਕੀਆਂ ਹਨ ।

## ਚੋਣ ਜਾਬਤੇ 'ਚ ਭਾਰਗੋ ਕੈਂਪ 'ਚ ਹੋਈ ਜੰਮ ਕੇ ਗੁੰਡਾਦਰਦੀ

ਜਲੰਧਰ 16 ਅਗਸਤ। ਟਾਹਲੀ ਵਾਲਾ ਚੌਕ ਭਾਰਗੋ ਕੈਂਪ 'ਚ ਕਿਸੇ ਗੱਲ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਜਬਰਦਸਤ ਝਗੜਾ ਹੋ ਗਿਆ। ਇਸ ਦੌਰਾਨ ਤੇਜਧਾਰ ਹਥਿਆਰ ਚੱਲੇ ਅਤੇ ਇੱਟਾਂ ਰੋੜੇ ਵੀ ਚਲਾਏ ਗਏ। ਝਗੜੇ 'ਚ ਦੋਵੇਂ ਧਿਰਾਂ ਦੇ ਚਾਰ ਲੋਕ ਜਖਮੀ ਹੋਏ ਹਨ। ਇਲਾਕੇ 'ਚ ਗੁੰਡਾਗਰਦੀ ਵੇਖ ਕੇ ਲੋਕ ਡਰ ਗਏ। ਇੰਨਾ ਹੀ ਨਹੀਂ ਜਮੀਨ 'ਤੇ ਖਿੱਲਰੇ ਖੂਨ ਅਤੇ ਇੱਟਾਂ ਵੀ ਸਾਫ ਵਿਖਾਈ ਦੇ ਰਹੀਆਂ ਸਨ। 3 ਲੋਕਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਦਕਿ ਇਕ ਜਖਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਿਆ। ਪਹਿਲੀ ਧਿਰ ਦੇ ਜਖਮੀ ਦੀ ਪਛਾਣ ਪ੍ਰਦੀਪ ਪੁੱਤਰ ਰਾਜ ਕੁਮਾਰ ਵਾਸੀ ਨਾਰੀ ਨਿਕੇਤਨ ਵਾਲੀ ਗਲੀ ਵਜੋਂ ਹੋਈ ਹੈ, ਜਦਕਿ ਦੂਜੇ ਪੱਖ ਦੇ ਜਖਮੀਆਂ ਦੀ ਪਛਾਣ ਵਿੱਕੀ ਪੁੱਤਰ ਸੇਵਾ ਰਾਮ ਵਾਸੀ ਨਿਊ ਸੰਤ ਨਗਰ ਮੰਗੂ ਬਸਤੀ, ਮਿੰਟੂ, ਸੈਟੀ ਹਵੇਲੀ (ਦੋਵੇਂ ਭਰਾ) ਪੁੱਤਰ ਬਹਾਦਰ ਵਜੋਂ ਹੋਈ ਹੈ। ਥਾਣਾ ਭਾਰਗੋ ਕੈਂਪ ਦੇ ਤਫਤੀਸੀ ਅਫਸਰ ਏ. ਐੱਸ. ਆਈ. ਰਘੁਵੀਰ ਸਿੰਘ ਦਾ ਕਹਿਣਾ ਹੈ ਕਿ ਮਿੰਟੂ ਦੀ




ਹਾਲਤ ਨਾਜ਼ੁਕ ਹੈ ਅਤੇ ਜਖਮੀਆਂ ਨੇ ਦੇਰ ਰਾਤ ਤੱਕ ਪੁਲਸ ਕੋਲ ਆਪਣੇ ਬਿਆਨ ਦਰਜ ਨਹੀਂ ਕਰਵਾਏ ਸਨ, ਜਿਸ ਕਾਰਨ ਪੁਲਸ ਕੋਲ ਪੂਰੀ ਜਾਣਕਾਰੀ ਨਾ ਹੋਣ ਕਾਰਨ ਮਾਮਲਾ ਦਰਜ ਨਹੀਂ ਕੀਤਾ ਜਾ ਸਕਿਆ। ਜਖਮੀਆਂ ਵੱਲੋਂ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਉਂਦੇ ਹੀ ਪੁਲਸ ਅਗਲੇਰੀ ਕਾਨੂੰਨੀ ਕਾਰਵਾਈ ਕਰੇਗੀ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਪੰਜਾਬ 'ਚ ਚੋਣ ਜਾਬਤਾ ਲਾਗੂ ਹੋ ਗਿਆ ਹੈ ਅਤੇ ਮਹਾਨਗਰ 'ਚ ਫੌਜੀ ਬਲ ਵੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ ਪਰ ਭਾਰਗੋ ਕੈਂਪ ਦੀ ਅਜਿਹੀ ਗੁੰਡਾਗਰਦੀ ਤੋਂ ਬਾਅਦ ਲੋਕ ਡਰੇ ਹੋਏ ਹਨ ਤੇ ਪੁਲਸ ਦੀ ਸਖਤੀ ਦੀਆਂ ਧੱਜੀਆਂ ਉੱਡ ਰਹੀਆਂ ਹਨ।

## ਅਨਾਜ ਘਪਲੇ 'ਚ ਸਾਬਕਾ ਅਧਿਕਾਰੀਆਂ ਸਣੇ 4 ਲੋਕਾਂ ਨੂੰ 3 ਸਾਲ ਦੀ ਸਜਾ

ਮੋਹਾਲੀ 16 ਅਗਸਤ। ਅਨਾਜ ਘਪਲੇ ਨਾਲ ਸਬੰਧਿਤ ਮਾਮਲੇ ਵਿੱਚ ਸੀ. ਬੀ. ਆਈ. ਵਿਸੇਸ ਅਦਾਲਤ ਨੇ ਚਾਰਾਂ ਦੋਸੀਆਂ ਨੂੰ 3-3 ਸਾਲ ਦੀ ਸਜਾ ਸੁਣਾਈ ਅਤੇ ਹਰੇਕ ਦੋਸੀ 'ਤੇ 50,000 ਰੁਪਏ ਦਾ ਜੁਰਮਾਨਾ ਲਗਾਇਆ। ਸਜਾ ਭੁਗਤਣ ਵਾਲਿਆਂ ਵਿੱਚ ਐਫ. ਸੀ. ਆਈ. ਕੰਪਨੀ ਦੇ ਤਿੰਨ ਸਾਬਕਾ ਅਧਿਕਾਰੀਆਂ ਵਿੱਚ ਤਤਕਾਲੀ ਸਹਾਇਕ ਮੈਨੇਜਰ ਸੀਤਾ ਰਾਮ, ਡਿਪਟੀ ਮੈਨੇਜਰ ਅਸੋਕ ਕੁਮਾਰ ਗੁਪਤਾ, ਜ਼ਿਲ੍ਹਾ ਮੈਨੇਜਰ ਸੁਭਰਾਂਸੂ ਅਤੇ ਇੱਕ ਨਿੱਜੀ ਰਾਈਸ ਮਿੱਲ ਦਾ ਮਾਲਕ ਦਲੀਪ ਸਿੰਘ ਸਾਮਲ ਹਨ। ਸਾਰੇ ਦੋਸੀਆਂ 'ਤੇ ਦੋਸ਼ ਸੀ ਕਿ ਅਧਿਕਾਰੀਆਂ ਅਤੇ ਕੁਝ ਨਿੱਜੀ ਮਿੱਲ ਮਾਲਕਾਂ ਨਾਲ ਮਿਲੀ-ਭੁਗਤ ਕਰਕੇ ਐੱਫ. ਸੀ. ਆਈ. ਗੁਦਾਮ ਵਿੱਚ ਘਟੀਆ ਚੌਲ ਭੇਜਿਆ ਗਿਆ, ਜਿਸ ਦੀ ਗੁਣਵੱਤਾ ਦੀ ਜਾਂਚ ਨਹੀਂ ਕੀਤੀ ਗਈ। ਇਸ ਸਬੰਧੀ ਸੀ. ਬੀ. ਆਈ. ਚੰਡੀਗੜ੍ਹ ਨੇ 7 ਜਨਵਰੀ, 2006 ਨੂੰ ਐੱਫ. ਆਈ. ਆਰ. ਦਰਜ ਕੀਤੀ ਸੀ। ਸੀ. ਬੀ. ਆਈ. ਨੇ 28 ਨਵੰਬਰ, 2008 ਨੂੰ ਇਸ ਮਾਮਲੇ 'ਚ ਚਾਰਜਸੀਟ ਦਾਇਰ ਕੀਤੀ ਸੀ ਅਤੇ ਉਦੋਂ ਤੋਂ ਹੀ ਉਨ੍ਹਾਂ ਖ਼ਿਲਾਫ ਮਾਮਲਾ ਚੱਲ ਰਿਹਾ ਸੀ।

## ਮਾਮਲਾ ਪੰਜਾਬ ਅਮਰੂਦ ਮੁਆਵਜ਼ਾ ਘੁਟਾਲੇ ਦਾ, ਫਿਰੋਜਪੁਰ ਦੀ ਸਰਕਾਰੀ ਰਿਹਾਇਸ਼ 'ਤੇ ਨੇ ਮਾਰੀ ਰੇਡ

ਫਿਰੋਜ਼ਪੁਰ 16 ਅਗਸਤ। ਬੁੱਧਵਾਰ ਸਵੇਰੇ ਈ. ਡੀ. ਦੀ ਟੀਮ ਵਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੀ ਸਰਕਾਰੀ ਰਿਹਾਇਸ਼ 'ਤੇ ਰੇਡ ਮਾਰੇ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਰੇਡ ਦੌਰਾਨ ਨਾ ਤਾਂ ਕਿਸੇ ਨੂੰ ਕੋਠੀ ਦੇ ਅੰਦਰ ਜਾਣ ਦਿੱਤਾ ਗਿਆ ਅਤੇ ਨਾ ਹੀ ਕਿਸੇ ਨੂੰ ਕੋਠੀ ਤੋਂ ਬਾਹਰ ਜਾਣ ਦਿੱਤਾ ਗਿਆ। ਕਾਫੀ ਦੇਰ ਤੱਕ ਇਹ ਟੀਮ ਡੀ. ਸੀ. ਦੀ ਸਰਕਾਰੀ ਰਿਹਾਇਸ਼ ਦੇ ਅੰਦਰ ਤਲਾਸ਼ੀ ਲੈਂਦੀ ਰਹੀ। ਦੱਸ ਦੇਈਏ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਅਮਰੂਦ ਮੁਆਵਜ਼ਾ ਘੁਟਾਲੇ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੀ ਪਤਨੀ ਦੇ ਨਾਲ-ਨਾਲ ਹੋਰਨਾਂ ਖ਼ਿਲਾਫ ਵੀ ਕੇਸ ਦਰਜ ਕੀਤਾ ਗਿਆ ਸੀ, ਜਿਸ 'ਚ ਸ਼੍ਰੀ ਧੀਮਾਨ ਦੀ ਪਤਨੀ ਨੂੰ ਮਾਣਯੋਗ ਪੰਜਾਬ ਵੱਲੋਂ ਅਤੇ ਹਰਿਆਣਾ ਹਾਈਕੋਰਟ ਨੇ ਅਗਾਊਂ ਜ਼ਮਾਨਤ ਦਿੱਤੀ ਗਈ ਸੀ।

## ਆਉਣ ਵਾਲੇ ਸਾਲਾਂ 'ਚ ਨਵੇਂ ਇਲੈਕਟ੍ਰਿਕ ਵਾਹਨ ਉਤਾਰਨ ਦੀ ਤਿਆਰੀ 'ਚ ਕਈ ਵੱਡੀਆਂ ਕੰਪਨੀਆਂ

ਨਵੀਂ ਦਿੱਲੀ 16 ਅਗਸਤ। ਸਰਕਾਰ ਵੱਲੋਂ ਨਵੀਂ ਨੀਤੀ ਦੀ ਘੁੰਡ ਚੁਕਾਈ ਰਾਹੀਂ ਵਾਤਾਵਰਣ ਅਨੁਕੂਲ ਆਵਾਜਾਈ ਨੂੰ ਹੁਲਾਰਾ ਦੇਣ ਕਾਰਨ ਭਾਰਤੀ ਵਾਹਨ ਉਦਯੋਗ ਤੇਜੀ ਨਾਲ ਇਲੈਕਟ੍ਰਿਕ ਵਾਹਨ (ਈ. ਵੀ.) ਮਾਡਲ ਉਤਾਰਨ ਦੀ ਤਿਆਰੀ ਕਰ ਰਿਹਾ ਹੈ। ਵਾਹਨ ਖੇਤਰ ਦੀ ਮਾਰੂਤੀ, ਹੁੰਡਈ, ਮਹਿੰਦਰਾ ਐਂਡ ਮਹਿੰਦਰਾ ਅਤੇ ਟਾਟਾ ਮੋਟਰਜ ਵਰਗੀਆਂ ਵੱਡੀਆਂ ਕੰਪਨੀਆਂ ਵੱਖ-ਵੱਖ ਸੈਕਟਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਨਵੇਂ ਇਲੈਕਟ੍ਰਿਕ ਮਾਡਲ ਲਿਆਉਣ ਦੀ ਤਿਆਰੀ 'ਚ ਹਨ। ਇਸ ਸਬੰਧ ਵਿਚ ਮਹਿੰਦਰਾ ਐਂਡ ਮਹਿੰਦਰਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਵਾਹਨ ਖੇਤਰ ਨਲਿਨੀਕਾਂਤ ਗੋਲਾਗੁੰਟਾ ਨੇ ਕਿਹਾ ਕਿ ਕੰਪਨੀ ਆਉਣ ਵਾਲੇ ਸਾਲਾਂ 'ਚ 5 ਨਵੇਂ ਬੈਟਰੀ ਇਲੈਕਟ੍ਰਿਕ ਵਾਹਨ ਪੇਸ਼ ਕਰੇਗੀ। ਇਸ ਦੀ ਸ਼ੁਰੂਆਤ ਜਨਵਰੀ, 2025 ਤੋਂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਇਲੈਕਟ੍ਰਿਕ ਸਪੋਰਟਸ ਯੂਟੀਲਿਟੀ ਵਾਹਨ (ਐੱਸ. ਯੂ. ਵੀ.) ਮਹਿੰਦਰਾ ਦੇ ਇਨੋਵੇਸ਼ਨ ਆਈ. ਐੱਨ. ਜੀ. ਐੱਲ. ਓ. ਮੰਚ 'ਤੇ ਬਣਾਏ ਜਾਣਗੇ। ਸਾਡਾ ਟੀਚਾ ਵਿਭਿੰਨਤਾ ਵਾਲੀ ਲੜੀ ਰਾਹੀਂ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਦੀ ਲੋੜ ਨੂੰ ਪੂਰਾ ਕਰਨਾ ਹੈ। ਇਨ੍ਹਾਂ ਐੱਸ. ਯੂ. ਵੀ. ਨੂੰ ਉਤਾਰਨ ਦਾ ਮਕਸਦ ਇਲੈਕਟ੍ਰਿਕ ਵਾਹਨ ਸੈਕਟਰ 'ਚ ਆਪਣੀ ਸਥਿਤੀ ਨੂੰ ਮਜਬੂਤ ਕਰਨਾ ਹੈ। 2027 ਤੱਕ ਸਾਡੇ ਪੋਰਟਫੋਲੀਓ ਦਾ 20 ਤੋਂ 30 ਫੀਸਦੀ ਇਲੈਕਟ੍ਰਿਕ ਵਾਹਨਾਂ ਦਾ ਹੋਵੇਗਾ। ਮਾਰੂਤੀ ਸੁਜ਼ੂਕੀ ਇੰਡੀਆ (ਐੱਮ. ਐੱਸ. ਆਈ.) ਦੇ ਕਾਰਜਕਾਰੀ ਅਧਿਕਾਰੀ (ਕਾਰਪੋਰੇਟ ਮਾਮਲੇ) ਰਾਹੁਲ ਭਾਰਤੀ ਨੇ ਕਿਹਾ ਕਿ ਅਸੀਂ ਇਲੈਕਟ੍ਰਿਕ ਵਾਹਨ ਖੇਤਰ 'ਚ 'ਗੰਭੀਰ' ਨਿਵੇਸ਼ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀਂ ਵਿੱਤੀ ਸਾਲ 2024-25 'ਚ 550 ਕਿ. ਮੀ. ਰੇਂਜ ਦੇ ਨਾਲ ਈ. ਵੀ. ਦੇ ਰੂਪ 'ਚ ਨਵੇਂ ਸਿਰੇ ਤੋਂ ਡਿਜਾਈਨ ਹਾਈ-ਸਪੇਕ ਇਲੈਕਟ੍ਰਿਕ ਵਾਹਨ ਦਾ



ਉਤਪਾਦਨ ਸ਼ੁਰੂ ਕਰਾਂਗੇ। ਅਗਲੇ 7-8 ਸਾਲਾਂ 'ਚ ਸਾਡੇ 6 ਇਲੈਕਟ੍ਰਿਕ ਵਾਹਨ ਹੋਣਗੇ। ਹੁੰਡਈ ਮੋਟਰ ਇੰਡੀਆ ਦੇ ਮੁੱਖ ਸੰਚਾਲਨ ਅਧਿਕਾਰੀ (ਸੀ. ਈ. ਓ.) ਤਰੁਣ ਗਰਗ ਨੇ ਕਿਹਾ ਕਿ ਅਸੀਂ ਦੇਸ਼ 'ਚ ਪਹਿਲੇ ਮੂਲ ਯੰਤਰ ਵਿਨਿਰਮਾਤਾਵਾਂ (ਓ. ਈ. ਐੱਮ.) 'ਚੋਂ ਇਕ ਹਾਂ, ਜਿਸ ਨੇ ਮੁਕੰਮਲ ਲੰਬੀ ਰੇਂਜ ਵਾਲੀ ਐੱਸ. ਯੂ. ਵੀ. 'ਕੋਨਾ' 2019 'ਚ ਉਤਾਰੀ ਸੀ। ਪਿਛਲੇ ਸਾਲ ਕੰਪਨੀ ਨੇ ਆਪਣੀ ਪ੍ਰੀਮੀਅਮ ਇਲੈਕਟ੍ਰਿਕ ਐੱਸ. ਯੂ. ਵੀ. ਆਈ. ਓ. ਐੱਨ. ਆਈ. ਕਿਊ. 5 ਪੇਸ਼ ਕੀਤੀ ਸੀ। ਗਰਗ ਨੇ ਕਿਹਾ ਕਿ ਕਈ ਉਦਯੋਗ ਅੰਦਾਜ਼ਿਆਂ ਅਨੁਸਾਰ, ਈ. ਵੀ. ਦਾ 2030 ਤੱਕ ਭਾਰਤ ਦੇ ਵਾਹਨ ਬਾਜਾਰ 'ਚ ਹਿੱਸਾ ਲਗਭਗ 20 ਫੀਸਦੀ 'ਤੇ ਪਹੁੰਚ ਜਾਵੇਗਾ। ਸਾਨੂੰ ਭਰੋਸਾ ਹੈ ਕਿ ਇਲੈਕਟ੍ਰਿਕ ਵਾਹਨ ਜਲਦ ਮੁੱਖ ਧਾਰਾ ਦਾ ਹਿੱਸਾ ਹੋਣਗੇ।

## ਕਿਰਪਾਨ ਦੀ ਨੋਕ 'ਤੇ ਕਿਸਾਨ ਕੋਲੋਂ ਟਰਾਲੀ ਖੋਹਣ ਵਾਲੇ ਦੋ ਲੁਟੇਰੇ ਪੁਲਸ ਨੇ ਕੀਤੇ ਕਾਬੂ

ਦੀਨਾਨਗਰ 16 ਅਗਸਤ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਦੌਰਾਂਗਲਾ ਦੇ ਇਲਾਕੇ ਅੰਦਰ ਹੈਡ ਪੁਲ ਗਾਹਲੜੀ ਦੇ ਨਜਦੀਕ ਇੱਕ ਕਿਸਾਨ ਕੋਲੋਂ ਦੋ ਲੁਟੇਰੇ ਕਿਰਪਾਨ ਦੀ ਨੋਕ 'ਤੇ ਟਰਾਲੀ ਖੋਹ ਕੇ ਫਰਾਰ ਹੋ ਗਏ ਸਨ। ਪੁਲਸ ਨੇ ਤਰੁੰਤ ਹਰਕਤ ਵਿੱਚ ਆਉਂਦੇ ਹੋਏ ਦੋਵਾਂ ਲੁਟੇਰਿਆਂ ਨੂੰ ਟਰਾਲੀ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਮੌਕੇ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਤਰੁੰਤ ਹਰਕਤ ਵਿੱਚ ਆਉਂਦਿਆਂ ਸਾਰੇ ਨਾਕੇ ਅਲਰਟ ਕਰਨ ਉਪਰੰਤ ਪੁਲਸ ਵੱਲੋਂ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਇਨ੍ਹਾਂ ਦੋਵਾਂ ਲੁਟੇਰਿਆਂ ਨੂੰ ਟਰਾਲੀ ਸਮੇਤ ਕਾਬੂ ਕਰ ਲਿਆ ਗਿਆ ਹੈ। ਪੁਲਸ ਮੁਤਾਬਕ ਇਨ੍ਹਾਂ ਦੀ ਪਛਾਣ ਸੈਫ ਅਲੀ ਪੁੱਤਰ ਸ਼ੇਰ ਮੁਹੰਮਦ, ਸਾਲੂ ਪੁੱਤਰ ਨੂਰ ਮੁਹੰਮਦ ਵਾਸੀਆਂਨ ਸਮਾਦ ਬਾਈ ਥਾਣਾ ਬਾਘਾਪੁਰਾਣਾ ਜ਼ਿਲ੍ਹਾ ਮੋਗਾ ਦੱਸੀ ਗਈ ਹੈ ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਕੈਦੀ ਨੂੰ ਛੱਡਣ ਜਾ ਰਹੀ ਪੰਜਾਬ ਪੁਲਸ ਦੀ ਕਾਰ ਪਲਟੀ, ਪੈ ਗਈਆਂ ਭਾਜੜਾਂ

ਲੁਧਿਆਣਾ 16 ਅਗਸਤ। ਅੰਮ੍ਰਿਤਸਰ ਤੋਂ ਕੈਦੀ ਨੂੰ ਛੱਡਣ ਆਈ ਪੁਲਸ ਦੀ ਓਵਰਸਪੀਡ ਕਾਰ ਸ਼ਨੀਵਾਰ ਰਾਤ ਲਗਭਗ 8.30 ਵਜੇ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਬੇਕਾਬੂ ਹੋ ਕੇ ਪਲਟ ਗਈ। ਹਾਦਸੇ 'ਚ ਕੈਦੀ ਸਮੇਤ 2 ਮੁਲਾਜ਼ਮ ਗੰਭੀਰ ਰੂਪ ਨਾਲ ਜਖਮੀ ਹੋ ਗਏ, ਜਿਨ੍ਹਾਂ ਨੂੰ ਰਾਹਗੀਰਾਂ ਨੇ ਲਹੂ-ਲੁਹਾਨ ਹਾਲਤ 'ਚ ਗੱਡੀ 'ਚੋਂ ਕੱਢਿਆ ਅਤੇ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ। ਹਾਦਸੇ ਸਮੇਂ ਕਾਰ ਦੀ ਸਪੀਡ ਇੰਨੀ ਜ਼ਿਆਦਾ ਤੇਜ਼ ਸੀ ਕਿ ਉਹ ਕਾਫੀ ਦੂਰ ਜਾ ਕੇ ਡਿੱਗੀ। ਜਾਣਕਾਰੀ ਅਨੁਸਾਰ ਪੁਲਸ ਸ਼ਟੇਸ਼ਨ ਛੇਹਰਟਾ ਦੇ ਏ. ਐੱਸ. ਆਈ. ਰਹਵਿੰਦਰ ਕੁਮਾਰ ਇਕ ਨਾਬਾਲਗ ਵਿਚਾਰ ਅਧੀਨ ਕੈਦੀ ਨੂੰ ਮੁੱਲਾਂਪੁਰ ਸਥਿਤ ਬਾਲ ਸੁਧਾਰ ਘਰ ਛੱਡਣ ਆ ਰਹੇ ਸਨ। ਜਦੋਂ ਉਹ ਦੁਗਰੀ ਪੁਲ ਨੇੜੇ ਪੁੱਜੇ ਤਾਂ ਕਾਰ ਪਲਟ ਗਈ। ਉਨ੍ਹਾਂ ਵੱਲੋਂ ਰੌਲਾ ਪਾਉਣ 'ਤੇ ਲੋਕ ਮਦਦ ਲਈ ਅੱਗੇ ਆਏ। ਉੱਥੇ ਮੌਕੇ 'ਤੇ ਪੁੱਜੀ ਥਾਣਾ ਸਦਰ ਦੀ ਪੁਲਸ ਜਾਂਚ 'ਚ ਲੱਗ ਗਈ ਸੀ।

### ਪੰਜਾਬ ਦੇ ਨਵੇਂ ਨਿਯੁਕਤ ਸੂਚਨਾ ਕਮਿਸ਼ਨਰਾਂ ਨੇ ਚੁੱਕੀ ਸਹੁੰ

ਚੰਡੀਗੜ੍ਹ 16 ਅਗਸਤ। ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਸੂਚਨਾ ਕਮਿਸ਼ਨ ਵਿਚ ਐਡਵੋਕੇਟ ਡਾ. ਭੁਪਿੰਦਰ ਸਿੰਘ ਬਾਠ, ਸੰਦੀਪ ਸਿੰਘ ਧਾਲੀਵਾਲ ਅਤੇ ਵਰਿੰਦਰਜੀਤ ਸਿੰਘ ਬਿਲਿੰਗ ਨੂੰ ਰਾਜ ਸੂਚਨਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਅੱਜ ਇੰਨ੍ਹਾਂ ਤਿੰਨਾ ਦਾ ਸਹੁੰ ਚੁੱਕ ਸਮਾਗਮ ਚੰਡੀਗੜ੍ਹ ਵਿਖੇ ਹੋਇਆ। ਇਸ ਦੌਰਾਨ ਤਿੰਨਾਂ ਨੇ ਅਹੁਦੇ ਦੀ ਸਹੁੰ ਚੁੱਕੀ। ਜਾਣਕਾਰੀ ਅਨੁਸਾਰ ਇਨ੍ਹਾਂ ਦੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ। ਐਡਵੋਕੇਟ ਡਾ. ਭੁਪਿੰਦਰ ਸਿੰਘ ਬਾਠ ਨੇ ਅਹੁਦੇ ਦੀ ਸਹੁੰ ਚੁੱਕਣ ਉਪਰੰਤ ਪੰਜਾਬ ਰਾਜ ਸੂਚਨਾ ਕਮਿਸਨ ਦਫਤਰ ਵਿਖੇ ਅਹੁਦਾ ਸੰਭਾਲਿਆ। ਇਸ ਦੌਰਾਨ ਮੁੱਖ ਸੂਚਨਾ ਕਮਿਸਨਰ ਐਡਵੋਕੇਟ ਇੰਦਰਪਾਲ ਸਿੰਘ ਧੰਨਾ ਤੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੀ ਹਾਜਰੀ ਵਿਚ ਰਾਜ ਸੂਚਨਾ ਕਮਿਸਨਰ ਦਾ ਅਹੁਦਾ ਸੰਭਾਲਦੇ ਹੋਏ।

# ਪਿਉ ਨੇ ਪਹਿਲਾਂ ਪੁੱਤ ਨੂੰ ਗਲਾਸ 'ਚ ਪਿਆਇਆ ਜਹਿਰ



ਚੰਡੀਗੜ੍ਹ 16 ਅਗਸਤ। ਸੈਕਟਰ-20 ਸਥਿਤ ਕੋਠੀ ਦੇ ਗਰਾਊਂਡ ਫਲੋਰ 'ਤੇ ਪੁੱਤਰ ਤੇ ਪਿਤਾ ਨੇ ਕੋਈ ਜਹਿਰੀਲੀ ਚੀਜ ਪੀ ਕੇ ਖੁਦਕੁਸੀ ਕਰ ਲਈ। ਦੋਵਾਂ ਦੀਆਂ ਲਾਸ਼ਾਂ ਬੈੱਡਰੂਮ 'ਚ ਪਈਆਂ ਸਨ। ਨੌਕਰਾਣੀ ਨੇ ਮੂੰਹ ਤੋਂ ਝੱਗ ਨਿਕਲਦੇ ਦੇਖ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਪੀ.ਸੀ.ਆਰ. ਤੇ ਸੈਕਟਰ-19 ਥਾਣਾ ਪੁਲਸ ਮੌਕੇ 'ਤੇ ਪਹੁੰਚੀ ਅਤੇ ਦੋਵਾਂ ਨੂੰ ਪੀ.ਜੀ.ਆਈ. ਲੈ ਗਈ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ 52 ਸਾਲਾ ਸੁਰਿੰਦਰ ਸਿੰਘ ਤੇ 28 ਸਾਲਾ ਹਰਮਨਪ੍ਰੀਤ ਸਿੰਘ ਵਜੋਂ ਹੋਈ ਹੈ। ਫੋਰੈਂਸਿਕ ਮੋਬਾਈਲ ਟੀਮ ਨੂੰ ਬੈੱਡ ਕੋਲ ਟੇਬਲ 'ਤੇ ਰੱਖੇ ਗਲਾਸ 'ਚੋਂ ਜਹਿਰੀਲੀ ਦਵਾਈ ਮਿਲੀ ਹੈ। ਇਹ ਦਵਾਈ ਖੇਤਾਂ 'ਚ ਕੀਟਨਾਸਕਾਂ ਨੂੰ ਖਤਮ ਕਰਨ ਲਈ ਵਰਤੀ ਜਾਂਦੀ ਹੈ। ਪੁਲਸ ਨੂੰ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਜਾਂਚ 'ਚ ਸਾਹਮਣੇ ਆਇਆ ਕਿ ਹਰਮਨਪ੍ਰੀਤ ਕਰੀਬ 12 ਸਾਲਾ ਤੋਂ ਬੈੱਡ 'ਤੇ ਸੀ ਅਤੇ ਵ੍ਹੀਲਚੇਅਰ 'ਤੇ ਰਹਿੰਦਾ ਸੀ। ਸੁਰਿੰਦਰ ਸਿੰਘ ਵੀ ਬਿਮਾਰ ਸੀ। ਦੋਵਾਂ ਦਾ ਪੀ.ਜੀ.ਆਈ. 'ਚ ਇਲਾਜ ਚੱਲ ਰਿਹਾ ਸੀ। ਸੁਰਿੰਦਰ ਸਿੰਘ ਹੀ ਹਰਮਨਪ੍ਰੀਤ ਸਿੰਘ ਦੀ ਦੇਖਭਾਲ ਕਰਦੇ ਸਨ। ਪੁਲਸ ਨੇ ਲਾਸਾਂ ਨੂੰ ਮੋਰਚਰੀ 'ਚ ਰਖਵਾ ਕੇ ਮਾਮਲੇ ਦੀ ਸੂਚਨਾ ਰਿਸ਼ਤੇਦਾਰਾਂ ਨੂੰ ਦਿੱਤੀ ਹੈ। ਸੁੱਕਰਵਾਰ ਨੂੰ ਪੋਸਟਮਾਰਟਮ ਹੋਵੇਗਾ। ਪੁਲਸ ਅਨੁਸਾਰ ਵੀਰਵਾਰ ਸਵੇਰੇ 5 ਵਜੇ ਸੂਚਨਾ ਮਿਲੀ ਕਿ ਸੈਕਟਰ-20 ਸਥਿਤ ਕੋਠੀ ਨੰਬਰ 271 ਦੇ ਗਰਾਊਂਡ ਫਲੋਰ 'ਤੇ ਬੈੱਡਰੂਮ 'ਚ ਪੁੱਤਰ ਤੇ ਪਿਤਾ ਸੱਕੀ ਹਾਲਤ 'ਚ ਪਏ ਹਨ। ਉਨ੍ਹਾਂ ਦੇ ਮੂੰਹੋਂ ਝੱਗ ਨਿਕਲ ਰਿਹਾ ਹੈ। ਟੀਮ ਮੌਕੇ 'ਤੇ ਪਹੁੰਚੀ ਤੇ ਜਦੋਂ ਬੈੱਡਰੂਮ 'ਚ ਜਾ ਕੇ ਦੇਖਿਆ ਤਾਂ ਪੁੱਤਰ ਆਪਣੇ ਪਿਤਾ ਨਾਲ ਲੇਟਿਆ ਹੋਇਆ ਸੀ। ਜਾਂਚ 'ਚ ਸਾਹਮਣੇ ਆਇਆ ਕਿ ਹਰਮਨਪ੍ਰੀਤ ਸਿੰਘ ਦੀ ਬਿਮਾਰੀ ਤੋਂ ਸੁਰਿੰਦਰ ਸਿੰਘ ਕਾਫੀ ਪ੍ਰੇਸਾਨ ਸੀ। ਨੌਕਰਾਣੀ ਨੇਹਾ ਨੇ ਦੱਸਿਆ ਕਿ ਉਹ ਕੋਠੀ 'ਚ ਹੀ ਰਹਿੰਦੀ ਹੈ। ਰਾਤ ਨੂੰ ਕੋਠੀ ਮਾਲਕ ਸੁਰਿੰਦਰ ਤੇ ਹਰਮਨਪ੍ਰੀਤ ਨੂੰ ਦੁੱਧ ਦਿੱਤਾ ਹੈ। ਇਸ ਤੋਂ ਬਾਅਦ ਉਹ ਆਪਣੇ ਕਮਰੇ 'ਚ ਸੌਂ ਗਈ। ਸਵੇਰੇ ਵੇਖਿਆ ਤਾਂ ਮਾਲਕ ਸੁਰਿੰਦਰ ਨਹੀਂ ਜਾਗਿਆ ਸੀ। ਜਦੋਂ ਬੈੱਡਰੂਮ 'ਚ ਗਈ ਤਾਂ ਦੋਵੇਂ ਸੱਕੀ ਹਾਲਤ 'ਚ ਪਏ ਸਨ। ਹਰਮਨਪ੍ਰੀਤ ਚੱਲ ਨਹੀਂ ਸਕਦਾ ਸੀ, ਇਸ ਲਈ ਉਹ ਬੈੱਡ 'ਤੇ ਹੀ ਰਹਿੰਦਾ ਸੀ। ਮਾਲਕ ਸੁਰਿੰਦਰ ਸਿੰਘ ਸਾਰਾ ਦਿਨ ਪੁੱਤਰ ਦੀ ਦੇਖਭਾਲ ਕਰਦੇ ਸਨ। ਜਾਂਚ 'ਚ ਸਾਹਮਣੇ ਆਇਆ ਹੈ ਕਿ ਸੁਰਿੰਦਰ ਨੇ ਪਹਿਲਾਂ ਪੁੱਤਰ ਨੂੰ ਗਲਾਸ 'ਚ ਜਹਿਰੀਲੀ ਚੀਜ ਪਿਲਾਈ। ਇਸ ਤੋਂ ਬਾਅਦ ਉਸ ਨੇ ਖੁਦ ਵੀ ਪੀ ਕੇ ਖੁਦਕੁਸੀ ਕਰ ਲਈ। ਬੈੱਡ ਨੂੰ ਦੇਖਣ ਤੋਂ ਲੱਗ ਰਿਹਾ ਸੀ ਪਿਤਾ ਤੇ ਪੁੱਤ ਕਾਫੀ ਤੜਫੇ ਸਨ। ਦੋਵਾਂ ਦੇ ਹੱਥਾਂ 'ਚ ਚਾਦਰ ਫੜੀ ਹੋਈ ਸੀ। ਫੋਰੈਂਸਿਕ ਮੋਬਾਈਲ ਟੀਮ ਨੂੰ ਗਿਲਾਸ 'ਚੋਂ ਜਹਿਰੀਲੀ ਦਵਾਈ ਤੇ ਉਸ ਦਾ ਡੱਬਾ ਮਿਲਿਆ ਹੈ। ਨੌਕਰਾਣੀ ਨੇਹਾ ਨੇ ਦੱਸਿਆ ਕਿ ਮਾਲਕ ਸੁਰਿੰਦਰ ਤੇ ਹਰਮਨਪ੍ਰੀਤ ਸਿਰਫ ਇਕ ਵਾਰ ਹੀ ਖਾਣਾ ਖਾਂਦੇ ਸਨ। ਉਹ ਰੋਜ ਸਵੇਰੇ ਖਾਣਾ ਬਣਾ ਕੇ ਦੋਵਾਂ ਨੂੰ ਦਿੰਦੀ ਸੀ। ਰਾਤ ਨੂੰ ਮਾਲਕ ਦੁੱਧ ਪੀ ਕੇ ਸੌਂ ਜਾਂਦਾ ਸੀ।

## ਅਣਵਿਆਹਿਆ ਦੱਸ ਕੀਤੀ ਦੋਸਤੀ, ਹੋਟਲ 'ਚ ਲਿਜਾ ਬਣਾਏ ਸਰੀਰਕ ਸੰਬੰਧ

ਖਰੜ 16 ਅਗਸਤ। ਕੁੜੀ ਨੂੰ ਵਿਆਹ ਦਾ ਝਾਂਸਾ ਦੇ ਕੇ ਬੇਹੋਸ ਕਰਕੇ ਸਰੀਰਕ ਸਬੰਧ ਬਣਾਉਣ ਦੇ ਦੋਸ 'ਚ ਥਾਣਾ ਸਿਟੀ ਪੁਲਸ ਨੇ ਮੁਲਜਮ ਖਿ?ਲਾਫ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ 'ਚ 26 ਸਾਲਾ ਕੁੜੀ ਨੇ ਦੱਸਿਆ ਕਿ ਕਰੀਬ 2 ਸਾਲ ਪਹਿਲਾਂ ਪਿੰਡ ਮੀਆਂ ਪੁਰ ਚੰਗਰ ਦੇ ਹਰਜਿੰਦਰ ਸਿੰਘ ਨਾਲ ਪਛਾਣ ਹੋਈ ਸੀ। ਦੋਵਾਂ 'ਚ ਰੋਜ ਗੱਲ ਹੋਣ ਲੱਗੀ। ਇਸ ਦੌਰਾਨ ਮੁਲਜ਼ਮ ਨੇ ਕੁੜੀ ਨੂੰ ਆਈਫੋਨ ਅਤੇ ਸੋਨੇ ਦੀ ਚੇਨ ਗਿਫਟ ਕੀਤੀ। ਉਹ ਅਕਸਰ ਹਰਜਿੰਦਰ ਨੂੰ ਵਿਆਹ ਲਈ ਕਹਿੰਦੀ ਸੀ। 3 ਮਈ ਨੂੰ ਮੁਲਜ਼ਮ ਉਸ ਨੂੰ ਕਾਰ 'ਚ ਘੁਮਾਉਣ ਲਈ ਲੈ ਗਿਆ। ਰਾਹ 'ਚ ਉਸ ਨੂੰ ਕੋਡਲ ਡ੍ਰਿੰਕ 'ਚ ਨਸ਼ੀਲਾ ਪਦਾਰਥ ਮਿਲਾ ਕੇ ਪਿਲਾ ਦਿੱਤਾ ਅਤੇ ਉਹ ਮੋਹਾਲੀ ਦੇ ਫੇਜ਼-1 'ਚ ਸਥਿਤ ਹੋਟਲ 'ਚ ਲੈ ਗਿਆ। ਜਿੱਥੇ ਮੁਲਜ਼ਮ ਨੇ ਜਬਰਨ ਸਰੀਰਿਕ ਸੰਬੰਧ ਬਣਾਏ। ਇਸ ਦੌਰਾਨ ਮੁਲਜਮ ਨੂੰ ਉਸ ਦੀ ਪਤਨੀ ਦਾ ਫੋਨ ਆ ਗਿਆ। ਉਦੋਂ ਪਤਾ ਲੱਗਾ ਕਿ ਹਰਜਿੰਦਰ ਵਿਆਹਿਆ ਹੈ। ਇਸ ਤੋਂ ਬਾਅਦ ਝਗੜਾ ਹੋ ਗਿਆ। ਇਸ ਤੋਂ ਬਾਅਦ ਮੁਲਜ਼ਮ ਨੇ ਉਸ ਦਾ ਮੋਬਾਇਲ ਨੰਬਰ ਦੋਸਤਾਂ 'ਚ ਵੰਡ ਦਿੱਤਾ। ਮੁਲਜ਼ਮ ਨੇ ਉਸ ਨੂੰ ਕਿਹਾ ਕਿ ਉਹ ਦੋ ਪ੍ਰਸਿੱਧ ਗਾਇਕਾਂ ਨਾਲ ਸੰਬੰਧ ਰੱਖਦਾ ਹੈ। ਇਸ ਤਰ੍ਹਾਂ ਦੀਆਂ ਧਮਕੀਆਂ ਦਿੱਤੇ ਜਾਣ ਕਾਰਨ ਉਹ ਕਾਫੀ ਡਰ ਗਈ। ਪੁਲਸ ਵੱਲੋਂ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

# ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਸਮੱਗਲਰ ਦੀ 38.80 ਲੱਖ ਦੀ ਪ੍ਰਾਪਰਟੀ ਕੀਤੀ ਗਈ ਅਟੈਚ



ਲੁਧਿਆਣਾ 16 ਅਗਸਤ। ਨਸ਼ਾ ਸਮੱਗਲਰਾਂ ਖਿ?ਲਾਫ ਪੰਜਾਬ ਪੁਲਸ ਸ਼ਿਕੰਜਾ ਕੱਸਦੀ ਜਾ ਰਹੀ ਹੈ। ਕਮਿਸ਼ਨਰੇਟ ਪੁਲਸ ਵੱਲੋਂ ਲਗਾਤਾਰ ਫੜੇ ਗਏ ਨਸ਼ਾ ਸਮੱਗਲਰਾਂ ਦੀ ਪ੍ਰਾਪਰਟੀ ਕੇਸ ਨਾਲ ਨੱਥੀ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਥਾਣਾ ਪੀ. ਏ. ਯੂ. ਦੀ ਪੁਲਸ ਨੇ ਹੈਰੋਇਨ ਸਮੇਤ ਫੜੇ ਗਏ ਇਕ ਨਸ਼ਾ ਸਮੱਗਲਰ ਦੀ ਲੱਖਾਂ ਰੁਪਏ ਦੀ ਪ੍ਰਾਪਰਟੀ ਕੇਸ ਨਾਲ ਨੱਥੀ ਕੀਤੀ ਗਈ ਅਤੇ ਅੱਜ ਏ. ਡੀ. ਸੀ. ਪੀ. ਸ਼ੁਭਮ ਅਗਰਵਾਲ, ਏ. ਸੀ. ਪੀ. ਮੁਰਾਦ ਜਸਵੀਰ ਗਿੱਲ ਸਮੇਤ ਇੰਸਪੈਕਟਰ ਰਜਿੰਦਰਪਾਲ ਸਿੰਘ ਨੇ ਸਮੱਗਲਰ ਦੇ ਘਰ ਦੇ ਬਾਹਰ ਨੋਟਿਸ ਲਗਾ ਦਿੱਤਾ। ਜਾਣਕਾਰੀ ਦਿੰਦੇ ਹੋਏ ਏ. ਡੀ. ਸੀ. ਪੀ. (3) ਸ਼ੁਭਮ ਅਗਰਵਾਲ ਨੇ ਦੱਸਿਆ ਕਿ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਦੇ ਨਿਰਦੇਸ਼ਾਂ 'ਤੇ ਨਸ਼ਾ ਸਮਗਲਰਾਂ 'ਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਸਮੱਗਲਿੰਗ ਦੇ ਪੈਸਿਆਂ ਨਾਲ ਖਰੀਦੀ ਗਈ ਪ੍ਰਾਪਰਟੀ ਅਤੇ ਵਾਹਨਾਂ ਨੂੰ ਕੇਸ ਨਾਲ ਅਟੈਚ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਇਕ ਵੱਡੀ ਕਾਰਵਾਈ ਕਰਦੇ ਹੋਏ ਹੈਰੋਇਨ ਸਮੇਤ ਫੜੇ ਗਏ ਸਿੱਧਵਾਂ ਬੇਟ ਦੇ ਪਿੰਡ ਮੰਡ ਦੇ ਰਹਿਦ ਵਾਲੇ ਗੁਰਵਿੰਦਰ ਸਿੰਘ ਉਰਫ ਸੋਨੀ ਦੀ ਪ੍ਰਾਪਰਟੀ ਅਟੈਚ ਕੀਤੀ ਹੈ। ਥਾਣਾ ਪੀ. ਏ. ਯੂ. ਦੀ ਪੁਲਸ ਨੇ 28 ਮਾਰਚ 2024 ਨੂੰ ਗੁਰਵਿੰਦਰ ਸਿੰਘ ਨੂੰ 265 ਗ੍ਰਾਮ ਹੈਰੋਇਲ ਦੇ ਨਾਲ ਫੜਿਆ ਸੀ। ਉਸ ਦੇ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਸੀ। ਕਾਰਵਾਈ ਕਰਕੇ ਉਸ ਦੀ ਕਾਲੀ ਕਮਾਈ ਦੀ ਪ੍ਰਾਪਰਟੀ ਅਟੈਚ ਕਰਨ ਲਈ ਕੰਪੀਟੈਂਟ ਅਥਾਰਿਟੀ ਦਿੱਲੀ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਨੋਟਿਸ ਆਉਣ ਤੋਂ ਬਾਅਦ ਅੱਜ ਉਸ ਦੇ ਘਰ ਦੇ ਬਾਹਰ ਨੋਟਿਸ ਲਗਾਇਆ ਗਿਆ ਹੈ। ਅਜਿਹੀ ਕਾਰਵਾਈ ਅੱਗੇ ਵੀ ਲਗਾਤਾਰ ਜਾਰੀ ਰਹੇਗੀ।

### ਰਿਸ਼ਤੇ ਸ਼ਰਮਸਾਰ, ਵਿਆਹੁਤਾ ਨਾਲ ਸਹੁਰੇ ਤੇ ਦਿਓਰ ਨੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ

ਦੇਵੀਗੜ੍ਹ 16 ਅਗਸਤ। ਪੰਜਾਬ ਦੇ ਦੇਵੀਗੜ੍ਹ ਵਿਚੋਂ ਰਿਸ਼ਤਿਆਂ ਨੂੰ ਸ਼ਰਮਸਾਰ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਥੇ ਇਕ ਸਹੁਰੇ ਅਤੇ ਦਿਓਰ ਵੱਲੋਂ ਵਿਆਹੁਤਾ ਨੂੰ ਹਵਸ ਦਾ ਸ਼ਿਕਾਰ ਬਣਾਇਆ ਗਿਆ। ਥਾਣਾ ਜੁਲਕਾਂ ਅਧੀਨ ਪਿੰਡ ਰੱਤਾਖੇੜਾ ਦੇ ਮੁਦੈਲਾ ਦੇ ਸਹੁਰੇ ਦਰਸ਼ਨ ਲਾਲ ਅਤੇ ਦਿਓਰ ਜਤਿੰਦਰ ਸ਼ਰਮਾ ਵਿਰੁਧ ਮੁਦੈਲਾ ਵੱਲੋਂ ਬਲਾਤਕਾਰ ਦਾ ਕੇਸ ਦਰਜ ਕਰਵਾਇਆ ਗਿਆ ਹੈ। ਥਾਣਾ ਜੁਲਕਾਂ ਦੀ ਪੁਲਸ ਨੂੰ ਮੁਦੈਲਾ ਨੇ ਦੱਸਿਆ ਕਿ ਉਸ ਦਾ ਪਤੀ ਵਿਦੇਸ਼ ਗਿਆ ਹੋਇਆ ਹੈ ਅਤੇ ਪਿੱਛੇ ਉਹ ਇਕੱਲੀ ਬੱਚਿਆਂ ਨਾਲ ਘਰ ਰਹਿੰਦੀ ਹੈ ਪਰ ਇਨ੍ਹਾਂ ਕਥਿਤ ਦੋਸ਼ੀਆਂ ਨੇ ਮੌਕਾ ਪਾ ਕੇ ਮੇਰੇ ਨਾਲ ਜਬਰਦਸਤੀ ਜਬਰ-ਜਿ?ਨਾਹ ਕੀਤਾ। ਇਸ ਸਬੰਧੀ ਥਾਣਾ ਜੁਲਕਾਂ ਦੀ ਪੁਲਸ ਨੇ ਸਹੁਰੇ ਅਤੇ ਦਿਓਰ ਖਿ?ਲਾਫ ਜ਼ੀਰੋ ਐੱਫ. ਆਈ. ਆਰ. ਦਰਜ ਕੀਤੀ ਹੈ।

### ਪੁਰਾਣੀ ਰੰਜਿਸ ਨੂੰ ਲੈ ਕੇ ਭਿੜੀਆਂ ਦੋ ਧਿਰਾਂ, ਕਈ ਲੋਕ ਜਖਮੀ ਤੇ ਵਾਹਨ ਵੀ ਗਏ ਨੁਕਸਾਨੇ

ਗੁਰੂਹਰਸਹਾਏ 16 ਅਗਸਤ। ਗੁਰੂਹਰਸਹਾਏ ਵਿੱਚ ਅੱਜ ਗੋਲੂ ਕਾ ਮੋਹਨ ਕੇ ਰੋਡ 'ਤੇ ਸਥਿਤ ਟਰੱਕ ਯੂਨੀਅਨ ਦੇ ਕੋਲ ਦੋ ਧਿਰਾਂ ਦੇ ਵਿੱਚ ਕਿਸੇ ਗੱਲ ਨੂੰ ਲੈ ਕੇ ਲੜਾਈ ਹੋਈ, ਜਿਸ ਵਿਚ ਕਈ ਲੋਕ ਜਖਮੀ ਅਤੇ ਵਾਹਨ ਨੁਕਸਾਨੇ ਗਏ। ਲੜਾਈ ਵਿੱਚ ਜਖਮੀ ਹੋਏ ਵਿਅਕਤੀਆਂ ਨੂੰ ਇਲਾਜ ਲਈ ਗੁਰੂਹਰਸਹਾਏ ਦੇ ਸੀ. ਐੱਚ. ਸੀ. ਹਸਪਤਾਲ ਵਿੱਚ ਲਿਆਂਦਾ ਗਿਆ। ਹਸਪਤਾਲ ਵਿੱਚ ਹਾਜਰ ਮੈਡੀਕਲ ਅਧਿਕਾਰੀਆਂ ਨੇ ਜਖਮੀ ਵਿਅਕਤੀਆਂ ਨੂੰ ਫਸਟ ਏਡ ਦੇ ਕੇ ਫਿਰੋਜਪੁਰ ਦੇ ਸਿਵਲ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਦੋਹਾਂ ਧਿਰਾਂ ਵਿੱਚ ਲੜਾਈ ਕਿਸ ਗੱਲ ਨੂੰ ਲੈ ਕੇ ਹੋਈ ਇਸ ਗੱਲ ਦਾ ਪਤਾ ਨਹੀਂ ਲਗ ਸਕਿਆ


# ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਸਮੱਗਲਰ ਦੀ 38.80 ਲੱਖ ਦੀ ਪ੍ਰਾਪਰਟੀ ਕੀਤੀ ਗਈ ਅਟੈਚ

ਲੁਧਿਆਣਾ 16 ਅਗਸਤ। ਨਸ਼ਾ ਸਮੱਗਲਰਾਂ ਖਿ?ਲਾਫ ਪੰਜਾਬ ਪੁਲਸ ਸ਼ਿਕੰਜਾ ਕੱਸਦੀ ਜਾ ਰਹੀ ਹੈ। ਕਮਿਸ਼ਨਰੇਟ ਪੁਲਸ ਵੱਲੋਂ ਲਗਾਤਾਰ ਫੜੇ ਗਏ ਨਸ਼ਾ ਸਮੱਗਲਰਾਂ ਦੀ ਪ੍ਰਾਪਰਟੀ ਕੇਸ ਨਾਲ ਨੱਥੀ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਥਾਣਾ ਪੀ. ਏ. ਯੂ. ਦੀ ਪੁਲਸ ਨੇ ਹੈਰੋਇਨ ਸਮੇਤ ਫੜੇ ਗਏ ਇਕ ਨਸ਼ਾ ਸਮੱਗਲਰ ਦੀ ਲੱਖਾਂ ਰੁਪਏ ਦੀ ਪ੍ਰਾਪਰਟੀ ਕੇਸ ਨਾਲ ਨੱਥੀ ਕੀਤੀ ਗਈ ਅਤੇ ਅੱਜ ਏ. ਡੀ. ਸੀ. ਪੀ. ਸ਼ੁਭਮ ਅਗਰਵਾਲ, ਏ. ਸੀ. ਪੀ. ਮੁਰਾਦ ਜਸਵੀਰ ਗਿੱਲ ਸਮੇਤ ਇੰਸਪੈਕਟਰ ਰਜਿੰਦਰਪਾਲ ਸਿੰਘ ਨੇ ਸਮੱਗਲਰ ਦੇ ਘਰ ਦੇ ਬਾਹਰ ਨੋਟਿਸ ਲਗਾ ਦਿੱਤਾ। ਜਾਣਕਾਰੀ ਦਿੰਦੇ ਹੋਏ ਏ. ਡੀ. ਸੀ. ਪੀ. (3) ਸ਼ੁਭਮ ਅਗਰਵਾਲ ਨੇ ਦੱਸਿਆ ਕਿ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਦੇ ਨਿਰਦੇਸ਼ਾਂ 'ਤੇ ਨਸ਼ਾ ਸਮਗਲਰਾਂ 'ਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਸਮੱਗਲਿੰਗ ਦੇ ਪੈਸਿਆਂ ਨਾਲ ਖਰੀਦੀ ਗਈ ਪ੍ਰਾਪਰਟੀ ਅਤੇ ਵਾਹਨਾਂ ਨੂੰ ਕੇਸ ਨਾਲ ਅਟੈਚ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਇਕ ਵੱਡੀ ਕਾਰਵਾਈ ਕਰਦੇ ਹੋਏ ਹੈਰੋਇਨ ਸਮੇਤ ਫੜੇ ਗਏ ਸਿੱਧਵਾਂ ਬੇਟ ਦੇ ਪਿੰਡ ਮੰਡ ਦੇ ਰਹਿਦ ਵਾਲੇ ਗੁਰਵਿੰਦਰ ਸਿੰਘ ਉਰਫ ਸੋਨੀ ਦੀ ਪ੍ਰਾਪਰਟੀ ਅਟੈਚ ਕੀਤੀ ਹੈ। ਥਾਣਾ ਪੀ. ਏ. ਯੂ. ਦੀ ਪੁਲਸ ਨੇ 28 ਮਾਰਚ 2024 ਨੂੰ ਗੁਰਵਿੰਦਰ ਸਿੰਘ ਨੂੰ 265 ਗ੍ਰਾਮ ਹੈਰੋਇਲ ਦੇ ਨਾਲ ਫੜਿਆ ਸੀ। ਉਸ ਦੇ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਸੀ। ਕਾਰਵਾਈ ਕਰਕੇ ਉਸ ਦੀ ਕਾਲੀ ਕਮਾਈ ਦੀ ਪ੍ਰਾਪਰਟੀ ਅਟੈਚ ਕਰਨ ਲਈ ਕੰਪੀਟੈਂਟ ਅਥਾਰਿਟੀ ਦਿੱਲੀ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਨੋਟਿਸ ਆਉਣ ਤੋਂ ਬਾਅਦ ਅੱਜ ਉਸ ਦੇ ਘਰ ਦੇ ਬਾਹਰ ਨੋਟਿਸ ਲਗਾਇਆ ਗਿਆ ਹੈ। ਅਜਿਹੀ ਕਾਰਵਾਈ ਅੱਗੇ ਵੀ ਲਗਾਤਾਰ ਜਾਰੀ ਰਹੇਗੀ।




## ਆਲਟੋ ਕਾਰ, ਪਿਸਤੌਲ, ਰੌਂਦ ਅਤੇ ਮੋਬਾਈਲ ਫੋਨਾਂ ਸਮੇਤ 3 ਗ੍ਰਿਫਤਾਰ

ਤਰਨਤਾਰਨ 16 ਅਗਸਤ। ਆਜ਼ਾਦੀ ਦਿਹਾੜੇ ਨੂੰ ਲੈ ਕੇ ਪੁਲਸ ਕਰਮਚਾਰੀਆਂ ਨੂੰ ਸਖਤੀ ਨਾਲ ਡਿਊਟੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸੇ ਲੜੀ ਦੇ ਤਹਿਤ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਤਿੰਨ ਵਿਅਕਤੀਆਂ ਨੂੰ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਪਾਸੋਂ ਇਕ ਆਲਟੋ ਕਾਰ, ਇਕ ਪਿਸਤੌਲ, 3 ਜਿੰਦਾ ਰੌਂਦ, 3 ਮੋਬਾਈਲ ਫੋਨ ਬਰਾਮਦ ਕਰਦੇ ਹੋਏ ਥਾਣਾ ਸਿਟੀ ਤਰਨਤਾਰਨ ਵਿਖੇ ਪਰਚਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸਿਟੀ ਤਰਸੇਮ




ਮਸੀਹ ਨੇ ਦੱਸਿਆ ਕਿ ਐੱਸ.ਐੱਸ.ਪੀ ਗੌਰਵ ਤੂਰਾ ਵੱਲੋਂ ਮਿਲੇ ਸਖਤ ਹੁਕਮਾਂ ਤਹਿਤ ਕਰਮਚਾਰੀਆਂ ਵੱਲੋਂ ਸਖਤੀ ਨਾਲ ਡਿਊਟੀ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਦੌਰਾਨੇ ਨਾਕਾਬੰਦੀ ਗੋਇੰਦਵਾਲ ਸਾਹਿਬ ਰੋਡ ਰਾਜਾ ਫੈਮਿਲੀ ਢਾਬਾ ਤੋਂ ਇਕ ਆਲਟੋ ਕਾਰ ਵਿਚ ਮੌਜੂਦ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ ਇਕ ਦੇਸੀ ਪਿਸਤੌਲ 315, 3 ਜਿੰਦਾ ਰੌਂਦ, 3 ਮੋਬਾਈਲ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਜਿਗਰਪ੍ਰੀਤ ਸਿੰਘ ਪੁੱਤਰ ਬੋਹੜ ਸਿੰਘ ਵਾਸੀ ਤਲਵੰਡੀ ਮੇਹਰ ਸਿੰਘ, ਮਨ ਪਿੰਦਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਝੁੱਗੀਆਂ ਪੀਰ ਬਖਸ਼ ਅਤੇ ਜੁਗਰਾਜ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਸੀਤੋ ਮਹਿ ਝੁੱਗੀਆਂ ਵਜੋਂ ਹੋਈ ਹੈ, ਜਿਨ੍ਹਾਂ ਵੱਲੋਂ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਥਾਣਾ ਸਿਟੀ ਤਰਨਤਾਰਨ ਵਿਖੇ ਤਿੰਨਾਂ ਮੁਲਜ਼ਮਾਂ ਖਿ?ਲਾਫ ਪਰਚਾ ਦਰਜ ਕਰਕੇ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਦੇ ਹੋਏ ਅਗਲੇ ਦੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ।

### ਮਨੀਲਾ 'ਚ ਪੰਜਾਬੀ ਨੌਜਵਾਨ ਦੀ ਮੌਤ, ਦੋ ਭੈਣਾਂ ਦਾ ਸੀ ਇਕਲੌਤਾ ਭਰਾ, ਨਵੰਬਰ 'ਚ ਰੱਖਿਆ ਸੀ ਵਿਆਹ

ਜਲੰਧਰ 16 ਅਗਸਤ। ਮਨੀਲਾ ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ। ਰੋਜ਼ੀ-ਰੋਟੀ ਕਮਾਉਣ ਮਨੀਲਾ ਗਏ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਕੀਮਤੀ ਲਾਲ (26) ਵਜੋਂ ਹੋਈ ਹੈ। ਉਹ ਜ਼ਿਲ੍ਹਾ ਜਲੰਧਰ ਦੇ ਸਾਹਕੋਟ ਵਿਚ ਵਿਧਾਨ ਸਭਾ ਹਲਕੇ ਦੇ ਕਸਬਾ ਲੋਹੀਆਂ ਖਾਸ ਮਨਿਆਲਾ ਦਾ ਰਹਿਣ ਵਾਲਾ ਸੀ। ਦੱਸਿਆ ਜਾ ਰਿਹਾ ਹੈ ਨੌਜਵਾਨ 6 ਸਾਲ ਪਹਿਲਾ ਹੀ ਵਿਦੇਸ਼ ਗਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਰੀਬ 6 ਸਾਲ ਪਹਿਲਾਂ ਕੀਮਤੀ ਲਾਲ ਚੰਗੇ ਭਵਿੱਖ ਦੀ ਭਾਲ ਵਿੱਚ ਮਨੀਲਾ ਗਿਆ ਸੀ। ਪਿਛਲੇ ਦਿਨੀਂ ਸੜਕ ਹਾਦਸਾ ਵਾਪਰਿਆ, ਜਿਸ ਦੌਰਾਨ ਉਹ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ। ਇਸ ਦੌਰਾਨ ਉਸ ਨੂੰ ਕਿਸੇ ਗੱਡੀ ਨੇ ਫੇਟ ਮਾਰ ਦਿੱਤੀ। ਜ਼ਖਮੀ ਹਾਲਤ ਵਿੱਚ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਅੱਜ ਕੀਮਤੀ ਲਾਲ ਦੀ ਲਾਸ ਜਦੋਂ ਉਸ ਦੇ ਘਰ ਪਹੁੰਚੀ ਤਾਂ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ।

### ਫੈਕਟਰੀ 'ਚ ਲੱਗੀ ਭਿਆਨਕ ਅੱਗ, ਕੰਧ ਤੋੜ ਕੇ ਮਾਰੀਆਂ ਜਾ ਰਹੀਆਂ ਪਾਣੀ ਦੀਆਂ ਬੁਛਾਰਾਂ

ਲੁਧਿਆਣਾ 16 ਅਗਸਤ। ਉਦਯੋਗਿਕ ਨਗਰ ਦੀ ਸਮਰਾਲਾ ਚੌਕ ਨੇੜੇ ਧਾਗਾ ਫੈਕਟਰੀ ਵਿਚ ਬਿਜਲੀ ਦਾ ਸ਼ਾਰਟ ਸਰਕਟ ਹੋਣ ਕਾਰਨ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਲੱਖਾਂ ਰੁਪਏ ਦਾ ਮਾਲ ਸੜ ਕੇ ਸੁਆਹ ਹੋ ਗਿਆ। ਧਾਗਾ ਫੈਕਟਰੀ ਅੰਦਰ ਉੱਠ ਰਹੀਆਂ ਅੱਗ ਦੀਆਂ ਭਿਆਨਕ ਲਪਟਾਂ ਨੂੰ ਵੇਖ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਲਾਕਾ ਵਾਸੀਆਂ ਨੇ ਮਾਮਲੇ ਦੀ ਜਾਣਕਾਰੀ ਫੈਕਟਰੀ ਮਾਲਕ ਨੂੰ ਦੱਤੀ। ਇਸ ਦੌਰਾਨ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਨੇ ਫੈਕਟਰੀ ਦੀ ਕੰਧ ਤੋੜ ਕੇ ਪਾਣੀ ਦੀਆਂ ਤੇਜ ਬੁਛਾਰਾਂ ਨਾਲ ਅੱਗ ਦੀਆਂ ਭਿਆਨਕ ਲਪਟਾਂ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਨੈਸ਼ਨਲ ਹਾਈਵੇਅ 'ਤੇ ਤੇਲ ਟੈਂਕਰ ਅਤੇ ਕਾਰ ਦੀ ਜਬਰਦਸਤ ਟੱਕਰ ! ਰਿਸ਼ਤੇਦਾਰਾਂ ਘਰ ਜਾ ਰਹੇ ਨੌਜਵਾਨ ਦੀ ਮੌਤ



ਸੰਗਤ ਮੰਡੀ 16 ਅਗਸਤ। ਬਠਿੰਡਾ-ਡੱਬਵਾਲੀ ਰਾਸ਼ਟਰੀ ਮਾਰਗ 'ਤੇ ਪੈਂਦੇ ਪਿੰਡ ਮਛਾਣਾ ਨਜਦੀਕ ਤੇਲ ਟੈਂਕਰ ਤੇ ਕਾਰ ਦੀ ਟੱਕਰ 'ਚ ਕਾਰ ਸਵਾਰ ਵਿਅਕਤੀ ਦੀ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਕਾਰ ਸਵਾਰ ਸੁਖਦੀਪ ਸਿੰਘ ਪੁੱਤਰ ਨਿਹਾਲ ਸਿੰਘ ਵਾਸੀ ਕੋਠੇ ਹੋਰੀ ਵਾਲਾ, ਘੋਲੀਆਂ ਕਲਾਂ (ਮੋਗਾ) ਆਪਣੇ ਰਿਸਤੇਦਾਰ ਸਤਨਾਮ ਸਿੰਘ ਪੁੱਤਰ ਠਾਣਾ ਸਿੰਘ ਨਾਲ ਕਾਰ 'ਤੇ ਰਿਸਤੇਦਾਰੀ 'ਚ ਪਿੰਡ ਸਿਧਾਣਾ ਜਾ ਰਿਹਾ ਸੀ, ਜਦਕਿ ਤੇਲ ਟੈਂਕਰ ਸਵਾਰ ਡੱਬਵਾਲੀ ਤੋਂ ਬਠਿੰਡਾ ਵੱਲ ਜਾ ਰਿਹਾ ਸੀ, ਜਦ ਦੋਵੇਂ ਵਾਹਨ ਉਕਤ ਪਿੰਡ ਨਜਦੀਕ ਪਹੁੰਚੇ ਤਾਂ ਤੇਜ ਰਫਤਾਰ ਟੈਂਕਰ ਚਲਾਕ ਵੱਲੋਂ ਕਾਰ ਨੂੰ ਅੱਗਿਓਂ ਜੋਰਦਾਰ ਟੱਕਰ ਮਾਰ ਦਿੱਤੀ ਗਈ, ਜਿਸ 'ਚ ਕਾਰ ਚਾਲਕ ਸੁਖਦੀਪ ਸਿੰਘ ਗੰਭੀਰ ਜਖਮੀ ਹੋ ਗਿਆ। ਹਾਦਸੇ ਦਾ ਪਤਾ ਲੱਗਦਿਆ ਹੀ ਸੜਕ ਸੁਰੱਖਿਆ ਫੋਰਸ ਦੇ ਸਹਾਇਕ ਥਾਣੇਦਾਰ ਸਤਨਾਮ ਸਿੰਘ ਆਪਣੀ ਟੀਮ ਸਮੇਤ ਮੌਕੇ 'ਤੇ ਤੁਰੰਤ ਪਹੁੰਚੇ,ਜਿਨ੍ਹਾਂ ਨੇ ਹਾਦਸੇ ਦੌਰਾਨ ਹੋਏ ਗੰਭੀਰ ਜਖਮੀ ਸੁਖਦੀਪ ਸਿੰਘ ਨੂੰ ਇਲਾਜ ਲਈ ਬਠਿੰਡਾ ਦੇ ਏਮਜ 'ਚ ਲਿਜਾਇਆ ਗਿਆ, ਜਿੱਥੇ ਉਸ ਦੀ ਜਖਮਾਂ ਦੀ ਤਾਬ ਨਾ ਚੱਲਦਿਆਂ ਮੌਤ ਹੋ ਗਈ। ਹਾਦਸੇ ਦੌਰਾਨ ਕਾਰ 'ਚ ਸੁਖਦੀਪ ਸਿੰਘ ਦੇ ਨਾਲ ਬੈਠੇ ਉਸ ਦੇ ਰਿਸਤੇਦਾਰ ਸਤਨਾਮ ਸਿੰਘ ਦੇ ਕੋਈ ਸੱਟ ਨਹੀਂ ਲੱਗੀ। ਨੈਸਨਲ ਹਾਈਵੇ ਬਣਨ ਕਾਰਨ ਲਗਭਗ ਡੇਢ ਮਹੀਨੇ ਦੌਰਾਨ ਹਾਦਸਿਆ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।


**ਦਿੱਲੀ ਇੰਟਰਨੇਸ਼ਨਲ ਆਰਬਿਟਰੇਸ਼ਨ ਸੈਂਟਰ (DIAC)**
ਦਿੱਲੀ ਹਾਈ ਕੋਰਟ ਕੈਂਪਸ, ਡਾ: ਜ਼ਾਕਿਰ ਹੁਸੈਨ ਮਾਰਗ, ਨਵੀਂ ਦਿੱਲੀ-110003

**ਟੈਂਡਰ ਨੋਟਿਸ**

DIAC ਦੁਆਰਾ ਕਲਾਉਡ ਸਪੇਸ (ਖਰੀਦ ਅਤੇ ਰੱਖ-ਰਖਾਅ), ਮੌਜੂਦਾ ਕੇਸ ਪ੍ਰਬੰਧਨ ਸਿਸਟਮ (ਸੀਐਮਐਸ) ਅਤੇ ਮੋਬਾਈਲ ਐਪ ਨੂੰ ਅਪਗ੍ਰੇਡ ਕਰਨ, ਈ-ਫਾਇਲਿੰਗ ਸਿਸਟਮ ਦੇ ਵਿਕਾਸ ਦੇ ਨਾਲ-ਨਾਲ ਡੀਆਈਏਸੀ ਵਿਖੇ ਤਾਇਨਾਤ ਇਕ ਪੂਰੇ ਸਟੈਕ ਡਿਵੈਲਪਰ ਦੀ ਵਿਵਸਥਾ ਕਰਨ ਲਈ ਭੌਤਿਕ ਮੋਡ ਰਾਹੀਂ ਬੋਲੀਆਂ ਮੰਗੀਆਂ ਜਾਂਦੀਆਂ ਹਨ, ਇਕ (1) ਸਾਲ ਦੀ ਘੱਟੋ-ਘੱਟ ਮਿਆਦ ਲਈ ਟਰਨਕੀ ਪ੍ਰੋਜੈਕਟ ਵਜੋ। ਬੋਲੀ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ 05.09.2024 ਸ਼ਾਮ 05.00 ਵਜੇ ਹੈ।

ਵਧੇਰੇ ਟੈਂਡਰ ਦਸਤਾਵੇਜ਼ ਅਤੇ ਹੋਰ ਵਿਸ਼ੇਸ਼ਤਾਵਾਂ ਨੂੰ ਵੈਬਸਾਈਟ : https://dhcdiac.nic.in ਜਾਂ https://delhi-highcourt.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**ਕੋਆਰਡੀਨੇਟਰ, ਡੀਆਈਏਸੀ**
**ਦਿੱਲੀ ਹਾਈ ਕੋਰਟ, ਨਵੀਂ ਦਿੱਲੀ**

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਸਾਹਿਤਕ ਪੰਨਾ

## ਕਾਵਿ ਕਿਆਰੀ

### ਗੀਤ

ਹੁਣ ਤਾਂ ਮੇਰੇ ਮਨ ਦਾ ਪੰਛੀ ਨਵੀਂ ਉਡਾਣ ਭਰੇ।
ਐਸਾ ਗੀਤ ਲਿਖਾਂ ਜੋ ਮੈਨੂੰ- ਜੱਗ 'ਤੇ ਅਮਰ ਕਰੇ।
ਗੀਤ ਲਿਖਾਂ ਜੋ ਦੁਨੀਆਂ ਵਿੱਚੋਂ- ਕਰ ਦੇਣ ਦੂਰ ਹਨੇਰੇ।
ਇਸ਼ਕ ਮੁਸ਼ਕ ਦੀਆਂ ਕਰ ਕਰ ਗੱਲਾਂ- ਗੀਤ ਨੇ ਥੱਕੇ ਮੇਰੇ।
ਗੀਤਾਂ ਵਿੱਚ ਗੁਲਾਮੀ ਗਲ- ਹੁਣ ਨਾ ਰੂਹ ਜਰੇ।
ਐਸਾ ਗੀਤ ਲਿਖਾਂ...
ਨਾਜ਼ੁਕ ਨਰਮ ਸਰੀਰ ਦੀਆਂ ਹੁਣ- ਬਾਤਾਂ ਨਾ ਮਨ ਪਾਵੇ।
ਸੂਹੇ ਸੂਹੇ ਬੁੱਲ੍ਹਾਂ ਦੀ ਹੁਣ- ਗੱਲ ਕਰੀ ਨਾ ਜਾਵੇ।
ਬੇਮੁਖ ਹੋ ਲੋਕਾਂ ਤੋਂ ਕਿਹੜਾ- ਭੈੜੀ ਮੌਤ ਮਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਬਣ ਜਾਵਣ ਛਵੀਆਂ ਤੇਜ਼ ਕਟਾਰਾਂ।
ਹਾਕਮ ਸਿਰ ਉੱਤੇ ਲਟਕਣ- ਬਣ ਤਿੱਖੀਆਂ ਤਲਵਾਰਾਂ।
ਗੀਤ ਮੇਰੇ ਹਰ ਇੱਕ ਸਤਰ- ਤਲੀ 'ਤੇ ਸੀਸ ਧਰੇ।
ਐਸਾ ਗੀਤ ਲਿਖਾਂ...
ਗੀਤ ਲਿਖਾਂ- ਜੋ ਹੋ ਜਾਵਣ- ਇਨਕਲਾਬ ਦੇ ਹਾਣੀ।
ਢਿੱਡੋਂ ਭੁੱਖੇ- ਪਿੰਡਿਉਂ ਨੰਗਿਆਂ- ਦੀ ਜੋ ਕਹਿਣ ਕਹਾਣੀ।
ਗੀਤ ਤੇਰੇ ਹੁਣ ਲੋਕਾਂ ਕੋਲੋਂ- ਰਹਿਣ ਨਾ ਦੇਵ ਪਰ੍ਹੇ।
ਐਸਾ ਗੀਤ ਲਿਖਾਂ...

**ਹਰਦੇਵ ਦਿਲਗੀਰ**
**ਸੰਪਰਕ: 94639-88660**

### ਗ਼ਜ਼ਲ

ਜਿਸ ਦਾ ਜੋ ਵੀ ਅਸਲਾ ਹੁੰਦਾ,
ਓਹੀ ਆਖ਼ਰਕਾਰ ਬਣੇ।
ਖਾਰ ਕਦੇ ਵੀ ਫੁੱਲ ਨਹੀਂ ਬਣਦੇ,
ਤੇ ਨਾ ਹੀ ਫੁੱਲ ਖਾਰ ਬਣੇ।
ਲੱਕੜ ਵੀ ਜੇ ਧਰਮ ਨਾ ਪਾਲੇ,
ਤਾਂ ਉਹ ਮਿੱਤਰਮਾਰ ਬਣੇ।
ਬੇੜੀ ਜੇ ਲੋਹੇ ਦੀ ਬਣਦੀ,
ਲੱਕੜ ਤਾਂ ਪਤਵਾਰ ਬਣੇ।
ਮੇਰੀ ਤਲੀ 'ਤੇ ਇੱਕ ਫੁੱਲ ਧਰਕੇ,
ਤੁਸੀਂ ਜੋ ਬਖਸ਼ਿਸ਼ ਕੀਤੀ ਸੀ,
ਸੁੱਤਿਆਂ, ਜਾਗਦਿਆਂ ਉਹ ਮੇਰੇ,
ਤਲੀ 'ਤੇ ਨਿੱਤ ਅੰਗਿਆਰ ਬਣੇ।
ਕਿਹੜਾ ਰਾਹ ਨੇੜੇ ਤੋਂ ਨੇੜੇ,
ਤੇਰੇ (ਰੱਬ ਦੇ) ਘਰ ਨੂੰ ਜਾਂਦਾ ਏ,
ਐਨੀ ਹੀ ਗੱਲ ਦੱਸਦੇ ਦੱਸਦੇ,
ਜੱਗ ਦੇ ਸਭ ਅਵਤਾਰ ਬਣੇ।

ਦੁੱਖਾਂ ਦੇ ਪਰਬਤ ਵੀ ਢੋਏ,
ਗਰਦਨ ਮੁਚੀ ਨਹੀਂ ਸਾਡੀ,
ਦੱਸਿਓ, ਓਦਣ ਕਿਉਂ ਮੁਚ ਜਾਵੇ
ਜਦੋਂ ਚਾਨਣੀ ਭਾਰ ਬਣੇ।
ਕਿਸ਼ਤੀ ਦਾ ਇੱਕ ਵਾਅਦਾ ਹੁੰਦਾ
ਸਭ ਨੂੰ ਕੰਢੇ ਲਾਵਣ ਦਾ,
ਕੀ ਕਰੀਏ ਜੇ ਕੰਢਾ, ਖ਼ੁਦ ਹੀ,
ਭੱਜ ਭੱਜ ਕੇ ਮੰਝਧਾਰ ਬਣੇ।

ਵਸਤੂ ਵਾਂਗੂੰ ਵਿਕਣਾ ਸਾਡੇ,
ਖਾਸੇ ਦੇ ਵਿੱਚ ਲਿਖਿਆ ਨਾ,
ਵਸਤੂ ਵਾਂਗੂੰ ਜੋ ਵਿਕ ਜਾਂਦੇ,
ਕਦੋਂ ਕਿਸੇ ਦੇ ਯਾਰ ਬਣੇ।
ਮਨ ਦੀ ਢਾਰਸ, ਕਲਾ ਕਲਮ ਦੀ,
ਤੱਕ ਲੈ ਕਿੱਥੇ ਜਾ ਪਹੁੰਚੇ,
ਕੰਸ ਦਿਆਂ ਹੱਥਾਂ ਵਿੱਚ ਅੱਜ ਕੱਲ੍ਹ,
ਓਹੀ ਨੇ ਹਥਿਆਰ ਬਣੇ।
ਦਿਨ ਮਨਸੂਰ ਬਣਨ ਦੇ ਤੇਰੇ,
ਲੱਦ ਗਏ ਸੁਖਮਿੰਦਰ ਸਿਆਂ,
ਯਾਦ ਰਹੇ ਕਿ ਸ਼ਿਬਲੀ ਵਰਗਾ,
ਕੋਈ ਨਾ ਤੇਰਾ ਯਾਰ ਬਣੇ।

**- ਸੁਖਮਿੰਦਰ ਰਾਮਪੁਰੀ**
**ਸੰਪਰਕ: 88727-01924**

### ਗ਼ਜ਼ਲ

ਹਰਿਕ ਥਾਂ 'ਤੇ ਇੱਕੋ ਕਹਾਣੀ ਮਿਲੇਗੀ।
ਤੇਰੇ ਸ਼ਹਿਰ ਵਿੱਚ ਵੰਡ ਕਾਣੀ ਮਿਲੇਗੀ।
ਬੁਝਾਰਤ ਜੇ ਪਾਉ ਕਹੂ ਭੁੱਖਾ ਰੋਟੀ,
ਕਹਾਵਤ ਇਹ ਸਦੀਆਂ ਪੁਰਾਣੀ ਮਿਲੇਗੀ।
ਹਰਿਕ ਦਿਲ ਮਿਲੇਗਾ ਪਰਾਇਆ ਪਰਾਇਆ,
ਹਰਿਕ ਸ਼ਕਲ ਜਾਣੀ ਪਛਾਣੀ ਮਿਲੇਗੀ।
ਮਿਲਣਗੇ ਲਿਖਾਰੀ ਬਹੁਤ ਸੁਲਝੇ ਹੋਏ,
ਮਗਰ ਸਭ ਦੀ ਉਲਝੀ ਕਹਾਣੀ ਮਿਲੇਗੀ।
ਹਰਿਕ ਚੜ੍ਹਦੇ ਸੂਹੇ ਸਵੇਰੇ ਦੇ ਪਿੱਛੇ,
ਹਨੇਰੇ ਦੀ ਲੰਮੀ ਕਹਾਣੀ ਮਿਲੇਗੀ।
ਕਿਸੇ ਕੂਚੇ ਵਿੱਚ ਆਪ ਜਾਉ 'ਵਿਯੋਗੀ',
ਉਸੇ ਕੂਚੇ ਦੀ ਖ਼ਾਕ ਛਾਣੀ ਮਿਲੇਗੀ।

**- ਜਗਸੀਰ ਵਿਯੋਗੀ**
**ਸੰਪਰਕ: 98721-12272**

### ਗ਼ਜ਼ਲ

ਖ਼ੁਸ਼ਬੂ ਦੇ ਵਿਹੜੇ ਵਿੱਚ ਪੈੜਾਂ ਪਾਉਣ ਦਿਓ।
ਕਲੀਆਂ ਨੂੰ ਫੁੱਲਾਂ ਦੇ ਰੂਪ 'ਚ ਆਉਣ ਦਿਓ।
ਇਹ ਵੀ ਹਰਿਆਵਲ ਦੀ ਛਹਿਬਰ ਲਾ ਦੇਣਗੇ,
ਸੁੱਕੇ ਰੁੱਖਾਂ ਨੂੰ ਇੱਕ ਵਰ੍ਹਦਾ ਸਾਉਣ ਦਿਓ।
ਰਹਿੰਦੀ ਦੁਨੀਆਂ ਤਕ ਹਵਾ ਵਿੱਚ ਗੂੰਜਣਗੇ,
ਕਲਮ ਮੇਰੀ ਜੋ ਚਾਹੁੰਦੀ, ਨ਼ਗਮੇ ਗਾਉਣ ਦਿਓ।
ਅਸਮਾਨਾਂ ਤਕ ਉੱਡਣਾ ਸਿੱਖ ਲਊ ਖ਼ੁਦ ਪੰਛੀ,
ਵਿੱਚ ਹਵਾ ਦੇ ਇੱਕ ਉਡਾਰੀ ਲਾਉਣ ਦਿਓ।
ਬਦਲੇ ਵਿੱਚ ਧੜਕਾਉਣਗੀਆਂ ਇਹ ਲੱਖਾਂ ਦਿਲ,
ਪਾਣੀ ਨੂੰ ਨਦੀਆਂ ਦਾ ਦਿਲ ਧੜਕਾਉਣ ਦਿਓ।
ਦਿਲ ਚਾਹੁੰਦਾ ਹੈ ਉਸ ਦੀ ਸੰਗਤ ਬੈਠਣ ਨੂੰ,
ਬੂਹਾ ਯਾਦਾਂ ਦਾ ਮੈਨੂੰ ਖੜਕਾਉਣ ਦਿਓ।
ਹੋ ਜਾਵੇਗਾ ਇਕਦਮ ਹੌਲਾ ਫੁੱਲ ਅੱਬਾਸ,
ਦਿਲ ਵਿੱਚ ਡੱਕਿਆ ਪਿਆਰ ਉਸਨੂੰ ਜਤਲਾਉਣ ਦਿਓ।

**- ਰਸ਼ੀਦ ਅੱਬਾਸ**
**ਸੰਪਰਕ: 97818-60060**

## ਮਮਤਾ ਅਤੇ ਕਫ਼ਨ

ਮੂਲ ਲੇਖਕ: ਰਿਚਰਡ ਰਾਈਟ
ਪੰਜਾਬੀ ਰੂਪ: ਪ੍ਰੋ: ਬਲਦੀਪ




ਉਹ ਅੱਧ-ਮੀਟੀਆਂ ਅੱਖਾਂ ਨਾਲ ਦੇਖਦੀ ਜਾ ਰਹੀ ਸੀ ਅਤੇ ਉਸਨੇ ਆਪਣੇ ਬੁੱਲ੍ਹ ਕਸਕੇ ਘੁੱਟੇ ਹੋਏ ਸਨ। ਉਸ ਦੀਆਂ ਉਂਗਲਾਂ ਆਪਣੀ ਚਾਦਰ ਹੇਠ ਛੁਪਾਏ ਭਾਰੀ ਪਿਸਤੌਲ ਨੂੰ ਮਹਿਸੂਸ ਕਰ ਰਹੀਆਂ ਸਨ। ਬਾਰਿਸ਼ ਨਾਲ ਉਹ ਕਾਫ਼ੀ ਭਿੱਜ ਗਈ ਸੀ। ਚੱਲਦੇ-ਚੱਲਦੇ ਉਹ ਇੱਕ ਮੋੜ 'ਤੇ ਪਹੁੰਚੀ ਤਾਂ ਸਾਹਮਣੇ ਜਗਦੀਆਂ ਹੋਈਆਂ ਬੱਤੀਆਂ ਦਿਖਾਈ ਦਿੱਤੀਆਂ। ਨੇੜਿਉਂ ਹੀ ਕੁਝ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਕੌਣ ਹੈ"? ਉਹ ਰੁਕ ਗਈ ਤੇ ਕੰਬਦੀਆਂ ਹੋਈਆਂ ਉਂਗਲਾਂ ਨਾਲ ਚਾਦਰ ਨੂੰ ਹੋਰ ਘੁੱਟ ਕੇ ਫ਼ੜ੍ਹ ਲਿਆ। ਦੋ ਗੋਰੇ ਉਸਦੇ ਨੇੜੇ ਆਏ। ਉਨ੍ਹਾਂ ਨੇ ਉਸ ਵੱਲ ਬੰਦੂਕਾਂ ਤਾਣੀਆਂ ਹੋਈਆਂ ਸਨ। "ਤੂੰ ਇਥੇ ਕੀ ਕਰ ਰਹੀਂ ਏਂ?" "ਮੈਂ ਆਪਣੇ ਬੇਟੇ ਨੂੰ ਮਿਲਣ ਆਈ ਹਾਂ।" "ਤੇਰਾ ਬੇਟਾ ਕੀ ਕਰਦਾ ਏ?" "ਉਸਨੂੰ ਸ਼ੈਰਿਫ਼ ਨੇ ਫ਼ੜਿਆ ਹੋਇਆ ਹੈ।" "ਅੱਛਾ, ਤਾਂ ਤੂੰ ਉਸ ਨੀਗਰੋ ਦੀ ਮਾਂ ਹੈਂ; ਤੈਨੂੰ ਹੁਣ ਆਪਣੇ ਬੇਟੇ ਦੀ ਲਾਸ਼ ਚਾਹੀਦੀ ਹੈ?" "ਹਾਂ"। "ਉਹ ਹਾਲੇ ਮਰਿਆ ਨਹੀਂ। ਹਾਂ, ਉਸਨੇ ਭੇਤ ਖੋਲ੍ਹ ਦਿੱਤਾ ਤਾਂ ਮਰਨੋ ਬਚ ਜਾਏਗਾ।" "ਪਰ ਉਹ ਦੱਸੇਗਾ ਨਹੀਂ।" "ਸਾਡੇ ਕੋਲ ਬੜੇ ਤਰੀਕੇ ਹਨ ਮੂੰਹ ਖੁੱਲ੍ਹਵਾਉਣ ਦੇ" "ਪਰ ਤੁਸੀਂ ਉਸਦੀ ਜ਼ੁਬਾਨ ਨਹੀਂ ਖੁਲ੍ਹਵਾ ਸਕਦੇ?" "ਸੁਣ ਨੀਗਰੋ ਬੁੱਢੀਏ, ਜ਼ਰਾ ਅਕਲ ਤੋਂ ਕੰਮ ਲੈ। ਨੀਗਰੋ ਲੋਕ ਕਦੇ ਇਨਕਲਾਬ ਨਹੀਂ ਲਿਆ ਸਕਦੇ। ਤੂੰ ਹਾਲੇ ਵੀ ਆਪਣੇ ਬੇਟੇ ਨੂੰ ਸਮਝਾ ਲੈ।" "ਮੈਨੂੰ ਸ਼ੈਰਿਫ਼ ਕੋਲ ਲੈ ਚਲੋ।" "ਤੂੰ ਉਸਦੀ ਮਾਂ ਹੈਂ, ਆਪਣੇ ਬੇਟੇ ਨੂੰ ਸਮਝਾ ਕਿ ਜੇ ਉਸਨੇ ਜ਼ਿੰਦਾ ਰਹਿਣਾ ਹੈ ਤਾਂ ਆਪਣੇ ਸਾਥੀਆਂ ਦੇ ਨਾਂ ਦੱਸ ਦੇਵੇ।" "ਨਹੀਂ, ਉਹ ਨਹੀਂ ਦੱਸੇਗਾ।" ਉਨ੍ਹਾਂ ਨੇ ਉਸ ਨੂੰ ਬਾਂਹ ਤੋਂ ਫ਼ੜਿਆ ਤੇ ਜੰਗਲ ਵਿੱਚ ਜੁੜੀ ਹੋਈ ਲੋਕਾਂ ਦੀ ਭੀੜ ਵੱਲ ਧੂਹ ਕੇ ਲੈ ਗਏ। ਉਸਦੀ ਸੋਚ ਬੜੀ ਸਾਫ਼ ਤੇ ਸੁਲਝੀ ਹੋਈ ਸੀ। 'ਬੁੱਕਰ ਨਹੀਂ ਦੱਸੇਗਾ' ਉਸਨੇ ਮਨ ਵਿੱਚ ਹੀ ਕਿਹਾ, 'ਜੇ ਉਸਨੇ ਜ਼ੁਬਾਨ ਖੋਲ੍ਹੀ ਤਾਂ ਮੈਂ........" ਜਿਵੇਂ ਜਿਵੇਂ ਲੋਕਾਂ ਦੀਆਂ ਆਵਾਜ਼ਾਂ ਉੱਚੀਆਂ ਹੁੰਦੀਆਂ ਗਈਆਂ ਉਹ ਆਪਣੀ ਗ਼ਲਤੀ ਨੂੰ ਸੁਧਾਰਨ ਬਾਰੇ ਸੋਚਦੀ ਰਹੀ, 'ਮੈਂ ਬੁੱਕਰ ਨੂੰ ਇਹ ਭੇਤ ਕਿਉਂ ਦੱਸਿਆ? ਖ਼ੈਰ, ਮੈਂ ਹੁਣ ਬੁੱਕਰ ਦੇ ਆਉਣ ਤਕ ਚੁੱਪ ਰਹਾਂਗੀ, ਬੱਸ ਇੱਕ ਵਾਰੀ ਆਪਣੇ ਬੇਟੇ ਜਾਨੀ ਬਾਏ ਕੋਲ ਪਹੁੰਚ ਜਾਵਾਂ।' ਫ਼ਲੈਸ਼ ਰੌਸ਼ਨੀ ਵਿੱਚ ਪੈ ਰਹੀ ਬਾਰਿਸ਼ ਦੀਆਂ ਬੂੰਦਾਂ ਚਮਕ ਰਹੀਆਂ ਸਨ। ਉਥੇ ਖੜ੍ਹੇ ਲੋਕ ਇੱਕ ਪਾਸੇ ਵਲ ਹੋਏ ਤਾਂ ਉਸਨੇ ਆਪਣੇ ਬੇਟੇ ਜਾਨੀ ਬਾਏ ਨੂੰ ਚਿੱਕੜ ਵਿੱਚ ਲੇਟਿਆਂ ਦੇਖਿਆ। ਉਸਨੂੰ ਇੱਕ ਰੱਸੇ ਨਾਲ ਬੰਨ੍ਹਿਆ ਹੋਇਆ ਸੀ। ਉਸਦਾ ਚਿਹਰਾ ਗੰਦੇ ਪਾਣੀ ਨਾਲ ਭਰੇ ਹੋਏ ਟੋਏ ਵਿੱਚ ਪਿਆ ਹੋਇਆ ਸੀ। ਉਸਨੇ ਆਪਣੀ ਮਾਂ ਵੱਲ ਦੇਖਿਆ ਤਾਂ ਉਸਦੀਆਂ ਅੱਖਾਂ ਵਿੱਚ ਇੱਕ ਸਵਾਲ ਉਭਰਨ ਲੱਗਿਆ। "ਇਹਦੇ ਨਾਲ ਗੱਲ ਕਰ", ਸ਼ੈਰਿਫ਼ ਨੇ ਉੱਚੀ ਅਵਾਜ਼ ਵਿੱਚ ਕਿਹਾ। 'ਕਾਸ਼! ਮੈਂ ਉਸਨੂੰ ਦੱਸ ਸਕਦੀ ਹੋਵਾਂ ਕਿ ਮੈਂ ਇਥੇ ਕਿਉਂ ਆਈ ਹਾਂ?' ਉਸ ਨੇ ਸੋਚਿਆ। 'ਬੋਲ, ਨੀਗਰੋ ਦੇ ਬੱਚੇ।' ਸ਼ੈਰਿਫ਼ ਨੇ ਜਾਨੀ ਬਾਏ ਦੇ ਠੁੱਡਾ ਮਾਰਦਿਆਂ ਕਿਹਾ, 'ਇਹ ਖੜ੍ਹੀ ਏ ਤੇਰੀ ਮਾਂ'। ਜਾਨੀ ਬਾਏ ਨਾ ਕੁਝ ਬੋਲਿਆ ਤੇ ਨਾ ਹੀ ਹਿੱਲਿਆ। ਸ਼ੈਰਿਫ਼ ਉਸਦੀ ਮਾਂ ਵੱਲ ਮੁੜਿਆ, "ਇਸਨੂੰ ਹਾਲੇ ਵੀ ਸਮਝਾ ਕੁਝ। ਆਖਰ ਇਹ ਆਪਣੇ ਕਾਲੇ ਤੇ ਗੋਰੇ ਸਾਥੀਆਂ ਨੂੰ ਕਿਉਂ ਬਚਾ ਰਿਹਾ ਹੈ। ਬੱਸ ਉਨ੍ਹਾਂ ਦੇ ਨਾਂਅ ਦਸ ਦੇਵੇ ਤੇ ਆਪਣੀ ਜਾਨ ਬਚਾ ਲਵੇ। ਸਮਝਾ ਏਸ ਨੂੰ, ਇਸਦੇ ਕੋਲ ਜਾਹ।' ਉਹ ਆਪਣੀ ਥਾਂ ਤੋਂ ਨਹੀਂ ਹਿੱਲੀ। ਉਸਦਾ ਦਿਲ ਚੀਖ ਚੀਖ ਕੇ ਆਪਣੇ ਬੇਟੇ ਦੀਆਂ ਅੱਖਾਂ ਵਿੱਚ ਉਠਦੇ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਸੀ। ਪਰ ਉਹ ਚੁੱਪ ਰਹੀ। 'ਤੂੰ ਨਹੀਂ ਬੋਲੇਂਗੀ ਤਾਂ ਅਸੀਂ ਇਸਨੂੰ ਬੁਲਾਵਾਂਗੇ।' ਸ਼ੈਰਿਫ਼ ਨੇ ਦੂਜੇ ਪਾਸੇ ਮੂੰਹ ਮੋੜ ਕੇ ਕਿਹਾ, 'ਟਿੰਮ, ਉਥੋਂ ਲੱਕੜ ਦੀ ਇੱਕ ਮੋਟੀ ਬੱਲੀ ਲਿਆਓ ਤੇ ਇਸ ਨੂੰ ਨੀਗਰੋ ਦੀਆਂ ਟੰਗਾਂ ਉਤੇ ਰੱਖੋ।" ਫ਼ੇਰ ਇੱਕ ਦਰਦਨਾਕ ਚੀਕ ਸੁਣਾਈ ਦਿੱਤੀ। ਲੰਬੇ ਆਦਮੀ ਨੇ ਜਾਨੀ ਬਾਏ ਦੀਆਂ ਦੋਹੇ ਟੰਗਾਂ ਉਪਰ ਚੁੱਕੀਆਂ ਤੇ ਇੱਕ ਦਮ ਛੱਡ ਦਿੱਤੀਆਂ। ਟੰਗਾਂ ਬੇਜਾਨ ਹੋ ਕੇ ਹੇਠਾਂ ਡਿੱਗ ਪਈਆਂ। ਜਾਨੀ ਬਾਏ ਦਾ ਸਿਰ ਇੱਕ ਪਾਸੇ ਲੁੜਕ ਗਿਆ ਸੀ, ਜਿਸਨੂੰ ਮਾਂ ਦੇਖ ਨਹੀਂ ਸਕਦੀ ਸੀ। ਅਚਾਨਕ ਜਾਨੀ ਬਾਏ ਦਾ ਚਿਹਰਾ ਉਹਦੇ ਵੱਲ ਘੁੰਮਿਆ ਤੇ ਉਹ ਚੀਖ ਕੇ ਬੋਲਿਆ, 'ਇਥੋਂ ਚਲੀ ਜਾਹ, ਮਾਂ! ਚਲੀ ਜਾਹ।' ਮਾਂ ਪਾਗਲਾਂ ਵਾਂਗ ਬੇਟੇ ਵਲ ਦੌੜੀ ਪਰ ਸ਼ੈਰਿਫ਼ ਨੇ ਉਸ ਨੂੰ ਬਾਂਹ ਤੋਂ ਫ਼ੜ੍ਹ ਕੇ ਰੋਕ ਲਿਆ। ਫ਼ਿਰ ਉਸ ਨੇ ਜਾਨੀ ਬਾਏ ਨੂੰ ਕਿਹਾ "ਜੇ ਤੂੰ ਕੁਝ ਦੱਸ ਦੇਵੇਂ ਤਾਂ ਅਸੀਂ ਤੇਰੀ ਮਾਂ ਨੂੰ ਛੱਡ ਦੇਵਾਂਗੇ, ਨਹੀਂ ਇਸ ਨੂੰ ਵੀ ........।" "ਮੇਰਾ ਬੇਟਾ ਨਹੀਂ ਦੱਸੇਗਾ", ਉਹ ਉੱਚੀ ਸੁਰ ਵਿੱਚ ਬੋਲੀ। "ਚਲੀ ਜਾਹ! ਮਾਂ।" "ਇਸਨੂੰ ਬੇਸ਼ਕ ਗੋਲੀ ਮਾਰ ਦਿਓ... ਪਰ ਇਸ ਤਰ੍ਹਾਂ ਤਸੀਹੇ ਨਾ ਦਿਉ", ਉਸਨੇ ਸ਼ੈਰਿਫ਼ ਨੂੰ ਕਿਹਾ। "ਇਹ ਸਭ ਕੁਝ ਦੱਸੇਗਾ ਨਹੀਂ ਤਾਂ ਤੇਰੀ ਆਵਾਜ਼ ਮੁੜ ਕਦੇ ਨਹੀਂ ਸੁਣ ਸਕੇਗਾ। ਅਸੀਂ ਇਸਦੇ ਕੰਨ ਭੰਨ ਸੁੱਟਾਂਗੇ।" ਮਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਕੁਝ ਪਲਾਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਤਾਂ ਉਸਨੇ ਦੇਖਿਆ ਕਿ ਸ਼ੈਰਿਫ਼ ਉਸਦੇ ਬੇਟੇ ਉੱਤੇ ਝੁਕਿਆ ਖੜ੍ਹਾ ਹੈ। ਫ਼ੇਰ ਉਸਨੇ ਜਾਨੀ ਬਾਏ ਦੇ ਕੰਨ ਉੱਤੇ ਆਪਣੀ ਹਥੇਲੀ ਰੱਖੀ ਅਤੇ ਉਸ ਉੱਤੇ ਪੂਰੇ ਜ਼ੋਰ ਨਾਲ ਦੂਜੇ ਹੱਥ ਦਾ ਮੁੱਕਾ ਮਾਰਿਆ। ਫ਼ਰ ਉਸਨੇ ਦੂਜੇ ਕੰਨ ਉੱਤੇ ਹਥੇਲੀ ਰੱਖ ਕੇ ਇੱਕ ਹੋਰ ਮੁੱਕਾ ਮਾਰਿਆ। ਜਾਨੀ ਬਾਏ ਦਰਦ ਨਾਲ ਕਰਾਹੁਣ ਲੱਗਿਆ। ਉਸਦਾ ਸਿਰ ਇਧਰ-ਉਧਰ ਲੁੜਕ ਰਿਹਾ ਸੀ, ਉਸ ਦੀਆਂ ਅੱਖਾਂ ਜਿਵੇਂ ਪਥਰਾਅ ਗਈਆਂ ਹੋਣ। "ਸ਼ੈਰਿਫ਼, ਤੁਹਾਨੂੰ ਕੋਈ ਮਿਲਣਾ ਚਾਹੁੰਦਾ ਹੈ" "ਉਸਨੂੰ ਅੰਦਰ ਲੈ ਆਓ"। ਮਾਂ ਨੇ ਸੁਣਿਆ ਤਾਂ ਉਹ ਆਪਣੇ ਆਪ ਵਿੱਚ ਜਿਵੇਂ ਸਿਮਟ ਕੇ ਰਹਿ ਗਈ। 'ਕੀ ਇਹ ਬੁੱਕਰ ਹੈ?' ਉਸ ਨੇ ਸੋਚਿਆ। ਭੀੜ ਵਿੱਚੋਂ ਰਸਤਾ ਬਣਾਉਂਦਾ ਹੋਇਆ ਬੁੱਕਰ ਸ਼ੈਰਿਫ਼ ਕੋਲ ਆਇਆ ਤੇ ਕਹਿਣ ਲੱਗਾ, "ਮੈਂ ਉਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ, ਸ਼ੈਰਿਫ਼!" ਉਸੇ ਵਕਤ ਉਸਦੀ ਨਜ਼ਰ ਜਾਨੀ ਬਾਏ ਉੱਤੇ ਪਈ। "ਤਾਂ, ਕੀ ਤੁਹਾਨੂੰ ਪਤਾ ਲੱਗਾ ਗਿਆ ਹੈ?" ਉਸਨੇ ਸ਼ੈਰਿਫ਼ ਵੱਲ ਦੇਖ ਕੇ ਪੁੱਛਿਆ। ਠੀਕ ਉਸੇ ਵੇਲੇ ਉਹ ਅੱਗੇ ਵਧੀ, ਉਸਨੇ ਆਪਣੀ ਚਾਦਰ ਉਪਰ ਚੁੱਕੀ ਤੇ ਗੋਲੀ ਚਲਾ ਦਿੱਤੀ- ਇੱਕ ਵਾਰ ਦੋ ਵਾਰ। ਫ਼ੇਰ ਉਹ ਪਿੱਛੇ ਮੁੜੀ ਤੇ ਜਾਨੀ ਬਾਏ ਵੱਲ ਪਿਸਤੌਲ ਤਾਣ ਦਿੱਤੀ। ਪਰ ਲੋਕਾਂ ਨੇ ਤੁਰੰਤ ਉਸ ਨੂੰ ਫ਼ੜ੍ਹ ਲਿਆ। ਜਦੋਂ ਉਸ ਨੇ ਬੁੱਕਰ ਨੂੰ ਚਿੱਕੜ ਵਿੱਚ ਡਿੱਗੇ ਪਏ ਨੂੰ ਦੇਖਿਆ ਤਾਂ ਉਸਦੀ ਬੇਚੈਨੀ ਖਤਮ ਹੋ ਗਈ। ਹੁਣ ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਚਿੱਕੜ ਵਿੱਚ ਪਈ ਹੋਈ, ਆਪਣੇ ਉੱਤੇ ਬਾਰਿਸ਼ ਦੀਆਂ ਡਿੱਗ ਰਹੀਆਂ ਬਾਰਸ਼ ਦੀਆਂ ਬੂੰਦਾਂ ਵਿੱਚੋਂ ਗੋਰੇ ਚਿਹਰਿਆਂ ਨੂੰ ਦੇਖ ਰਹੀ ਸੀ। "ਇਸਨੇ ਬੁੱਕਰ ਨੂੰ ਮਾਰ ਦਿੱਤਾ ਹੈ।" "ਭਲਾ ਇਸਨੇ ਕਿਉਂ ਮਾਰਿਆ ਉਸਨੂੰ?" "ਮਾਰ ਸੁੱਟੋ ਇਹਨੂੰ ਵੀ"। ਇਸ ਤੋਂ ਪਹਿਲਾਂ ਕਿ ਉਹ ਉਸਦੀ ਜਾਨ ਲੈ ਲੈਣ, ਉਹ ਖੁਦ ਆਪਣੀ ਜਾਨ ਲੈ ਲੈਣਾ ਚਾਹੁੰਦੀ ਸੀ। ਜੋ ਉਸ ਨੇ ਚਾਹਿਆ ਸੀ ਉਹ ਪੂਰਾ ਹੋ ਚੁੱਕਿਆ ਸੀ। ਬੱਸ, ਕਿਤੇ ਜਾਨੀ ਬਾਏ.....! ਉਸਨੇ ਆਪਣੇ ਬੇਟੇ ਵਲ ਦੇਖਿਆ। ਉਹ ਉਸਦੀਆਂ ਉਦਾਸ ਅੱਖਾਂ ਵਲ ਦੇਖ ਰਿਹਾ ਸੀ। ਕਾਸ਼ ਮੈਂ ਜਾਨੀ ਬਾਏ ਨੂੰ ਦੱਸ ਸਕਦੀ, ਉਸਨੇ ਸੋਚਿਆ। ਤੂੰ ਬੁੱਕਰ ਨੂੰ ਕਿਉਂ ਮਾਰ ਦਿੱਤਾ? ਸ਼ੈਰਿਫ਼ ਨੇ ਪੁੱਛਿਆ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸੇ ਵੇਲੇ ਉਸਨੇ ਆਪਣੀ ਪਿੱਠ ਉਤੇ ਪਏ ਸ਼ੈਰਿਫ਼ ਦੇ ਬੂਟ ਦੇ ਠੁੱਡੇ ਨੂੰ ਮਹਿਸੂਸ ਕੀਤਾ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। 'ਕਾਲੀ ਕੁੱਤੀਏ'! "ਇਹਨੂੰ ਵੀ ਪਾਰ ਬੁਲਾ ਦਿਉ।" ਉਸਨੂੰ ਆਪਣੀ ਗਿੱਲੀ ਤੇ ਠੰਡੀ ਪਿੱਠ ਉਤੇ ਵਗ ਰਿਹਾ ਗਰਮ ਖ਼ੂਨ ਮਹਿਸੂਸ ਹੋਇਆ। ਅਚਾਨਕ ਉਸਦੇ ਮੂੰਹੋਂ ਨਿਕਲਿਆ, "ਤੁਸੀਂ ਜਿਹੜੇ ਨਾਂ ਜਾਣਨਾ ਚਾਹੁੰਦੇ ਸੀ.... ਉਹ ਨਹੀਂ ਜਾਣ ਸਕੇ ਤੇ ਹੁਣ ਉਨ੍ਹਾਂ ਦਾ ਤੁਹਾਨੂੰ ਕਦੇ ਪਤਾ ਵੀ ਨਹੀਂ ਲੱਗੇਗਾ।" ਉਸਨੇ ਆਪਣੀਆਂ ਖੁੱਲ੍ਹੀਆਂ ਹੋਈਆਂ ਧੁੰਦਲੀਆਂ ਅੱਖਾਂ ਵਿੱਚ ਬਾਰਿਸ਼ ਦੀ ਫ਼ੁਹਾਰ ਮਹਿਸੂਸ ਕੀਤੀ। ਉਸਨੂੰ ਕੋਈ ਮੱਧਮ ਜਿਹੇ ਬੋਲ ਸੁਣ ਰਹੇ ਸਨ। ਉਸਦੇ ਬੁੱਲ੍ਹ ਹਿੱਲ ਰਹੇ ਸਨ, ਪਰ ਉਨ੍ਹਾਂ ਵਿੱਚ ਆਵਾਜ਼ ਕੋਈ ਨਹੀਂ ਸੀ। ਉਹ ਹੁਣ ਪੂਰੀ ਤਰ੍ਹਾਂ ਸ਼ਾਂਤ ਸੀ ਅਤੇ ਉਸਨੂੰ ਕਿਸੇ ਤਰ੍ਹਾਂ ਦੀ ਠੰਢ ਵੀ ਨਹੀਂ ਲੱਗ ਰਹੀ ਸੀ।

## ਜਹਾਜ਼ ਦਾ ਲਾਇਸੈਂਸ

**- ਗੁਰਜੰਟ ਸਿੰਘ ਮੰਡੇਰਾਂ**
**ਸੰਪਰਕ: 97814-08731**




ਸਾਡੇ ਪਿੰਡ ਦਾ ਇੱਕ ਵਿਅਕਤੀ ਹਵਾਈ ਜਹਾਜ਼ ਦਾ ਲਾਇਸੈਂਸ ਬਣਾਉਣ ਲਈ ਕਚਹਿਰੀ ਗਿਆ ਤਾਂ ਕੋਈ ਉਸ ਦਾ ਫਾਰਮ ਭਰਨ ਲਈ ਤਿਆਰ ਹੀ ਨਹੀਂ ਸੀ ਹੋ ਰਿਹਾ। ਉਹ ਪੈਸੇ ਵੀ ਵੱਧ ਦੇ ਰਿਹਾ ਸੀ। ਅਖੀਰ ਉਸ ਨੇ ਲਾਈਸੈਂਸ ਬਣਾਉਣ ਦੀ ਫਰਿਆਦ ਜੱਜ ਕੋਲ ਅਦਾਲਤ ਵਿੱਚ ਕੀਤੀ। ਅਦਾਲਤ 'ਚ ਖੜ੍ਹੇ ਸਾਰੇ ਵਕੀਲ ਤੇ ਲੋਕ ਹੈਰਾਨੀ ਨਾਲ ਉਸ ਵੱਲ ਦੇਖ ਰਹੇ ਸਨ। ਜੱਜ ਨੇ ਬੜੀ ਗੰਭੀਰਤਾ ਨਾਲ ਉਸ ਨੂੰ ਤਾੜਦਿਆਂ ਪੁੱਛਿਆ, "ਤੇਰਾ ਦਿਮਾਗ਼ ਠੀਕ ਹੈ? ਤੂੰ ਹਵਾਈ ਜਹਾਜ਼ ਦਾ ਲਾਇਸੈਂਸ ਕੀ ਕਰਨਾ ਹੈ?" ਅੱਗੋਂ ਉਸ ਨੇ ਬੜੇ ਪਿਆਰ ਤੇ ਠਰੰਮੇ ਭਰੇ ਲਹਿਜੇ ਨਾਲ ਜਵਾਬ ਦਿੱਤਾ, "ਜੱਜ ਸਾਹਿਬ! ਗੱਲ ਇਹ ਹੈ ਕਿ ਕੁਝ ਸਾਲ ਪਹਿਲਾਂ ਸਾਡੇ ਪਿੰਡ ਸੋਕਾ ਪੈ ਗਿਆ ਸੀ ਜਿਸ ਕਾਰਨ ਮੇਰੀ ਸਾਰੀ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਮਸਾਂ ਹੀ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਪਾਸ ਹੋਇਆ ਜਿਸ ਨੂੰ ਮਿਲਣ ਵਿੱਚ ਤਕਰੀਬਨ ਦੋ ਸਾਲ ਦਾ ਸਮਾਂ ਲੱਗ ਗਿਆ। ਚਲੋ ਸਮਾਂ ਤਾਂ ਜੋ ਲੱਗਿਆ ਸੋ ਲੱਗਿਆ, ਪਰ ਮੇਰੇ ਖਾਤੇ ਵਿੱਚ ਦਸ ਹਜ਼ਾਰ ਰੁਪਏ ਹੀ ਆਏ। ਮੇਰਾ ਪੁੱਤਰ ਕਸ਼ਮੀਰਾ ਬੀ.ਕਾਮ. ਦੀ ਪੜ੍ਹਾਈ ਖ਼ਤਮ ਕਰਕੇ ਪਹਿਲਾਂ ਤਾਂ ਨੌਕਰੀ ਪਿੱਛੇ ਦੋ ਤਿੰਨ ਸਾਲ ਧੱਕੇ ਖਾਂਦਾ ਰਿਹਾ, ਫਿਰ ਥੱਕ ਹਾਰ ਕੇ ਕਹਿੰਦਾ ਕਿ ਮੈਂ ਆਪਣਾ ਹੀ ਕੰਮ ਕਰ ਲੈਂਦਾ ਹਾਂ। ਆਪਣਾ ਕੰਮ ਕਰਨ ਲਈ ਅਸੀਂ ਸਰਕਾਰੀ ਬੈਂਕ ਵਿੱਚੋਂ ਇੱਕ ਲੱਖ ਰੁਪਏ ਦੇ ਕਰਜ਼ੇ ਲਈ ਅਪਲਾਈ ਕੀਤਾ ਸੀ ਜੋ ਇੱਕ ਸਾਲ ਬਾਅਦ ਪਾਸ ਹੋਇਆ ਤੇ ਮਿਲੇ ਵੀ ਸਿਰਫ਼ ਪੱਚੀ ਹਜ਼ਾਰ ਰੁਪਏ। ਇੱਕ ਹੋਰ ਗੱਲ ਦੱਸਾਂ। ਮੇਰੀ ਧੀ ਦਾ ਵਿਆਹ ਸੀ। ਸਰਕਾਰ ਵੱਲੋਂ ਕੁੜੀ ਦੇ ਵਿਆਹ 'ਤੇ ਸ਼ਗਨ ਸਕੀਮ ਦੇ ਪੰਦਰਾਂ ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਮੈਂ ਉਹ ਫਾਰਮ ਭਰ ਕੇ ਲੋੜੀਂਦੇ ਕਾਗਜ਼ ਨਾਲ ਲਗਾ ਕੇ ਆਪਣੀ ਧੀ ਦੇ ਵਿਆਹ ਤੋਂ ਇੱਕ ਮਹੀਨਾ ਪਹਿਲਾਂ ਦਫ਼ਤਰ ਵਿੱਚ ਜਮ੍ਹਾ ਕਰਵਾ ਦਿੱਤਾ ਸੀ। ਮੇਰੀ ਧੀ ਕੋਲ ਦੋ ਸਾਲ ਦਾ ਇੱਕ ਬੇਟਾ ਵੀ ਹੋ ਗਿਆ ਸੀ, ਜਦੋਂ ਮੈਨੂੰ ਉਨ੍ਹਾਂ ਪੰਦਰਾਂ ਹਜ਼ਾਰ ਵਿੱਚੋਂ ਸਿਰਫ਼ ਨੌ ਹਜ਼ਾਰ ਰੁਪਏ ਹੀ ਮਿਲੇ। ਇਨ੍ਹਾਂ ਨੌ ਹਜ਼ਾਰ ਰੁਪਇਆਂ ਲਈ ਮੈਂ ਜਿਹੜੇ ਗੇੜੇ ਮਾਰੇ ਉਹ ਵੱਖ ਅਤੇ ਕਾਗਜ਼ੀ ਕਾਰਵਾਈ ਵਿੱਚ ਲੱਗੇ ਪੈਸੇ ਵੱਖ। ਜੱਜ ਸਾਹਿਬ, ਮੈਂ ਹੁਣ ਸਰਕਾਰੀ ਕੰਮਕਾਜ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਗਿਆ ਹਾਂ। ਅਸਲ ਵਿੱਚ ਮੇਰਾ ਪੁੱਤਰ ਮੋਟਰਸਾਈਕਲ ਸਿੱਖ ਰਿਹਾ ਹੈ। ਇਸ ਕਰਕੇ ਕੁਝ ਸਮੇਂ ਬਾਅਦ ਉਸ ਨੂੰ ਲਾਇਸੈਂਸ ਦੀ ਲੋੜ ਪਵੇਗੀ। ਜੇ ਮੈਂ ਹੁਣ ਹਵਾਈ ਜਹਾਜ਼ ਦਾ ਲਾਇਸੈਂਸ ਮੰਗਾਂਗਾ ਤਾਂ ਤੁਸੀਂ ਮੈਨੂੰ ਮੋਟਰਸਾਈਕਲ ਦਾ ਲਾਇਸੈਂਸ ਇੱਕ ਸਾਲ ਬਾਅਦ ਦੇ ਹੀ ਦੇਵੋਗੇ। ਜੇ ਮੈਂ ਪਹਿਲਾਂ ਹੀ ਮੋਟਰਸਾਈਕਲ ਦਾ ਲਾਇਸੈਂਸ ਮੰਗਦਾ ਤਾਂ...।"

## ਬਜ਼ੁਰਗ



"ਸਤਿ ਸ੍ਰੀ ਆਕਾਲ, ਬਾਬਾ ਜੀ। ਪੈਰੀਂ ਪੈਂਦਾ ਹਾਂ ਜੀ।" ਮੈਂ ਉਸ ਬਜ਼ੁਰਗ ਨੂੰ ਕਿਹਾ ਜੋ ਬੜੇ ਦਿਨਾਂ ਬਾਅਦ ਮੈਨੂੰ ਮਿਲਿਆ ਸੀ। ਇਸ ਦੇ ਜਵਾਬ ਵਿੱਚ ਉਸ ਨੇ ਮਿੱਠੀ ਬੋਲੀ ਵਿੱਚ ਅਸੀਸਾਂ ਦੀ ਝੜੀ ਲਾ ਦਿੱਤੀ, "ਜਿਉਂਦਾ ਰਹੁ ਪੁੱਤਰਾ, ਜਵਾਨੀਆਂ ਮਾਣੇਂ, ਪਰਮਾਤਮਾ ਦੁਨੀਆਂ ਦੀ ਹਰ ਬਰਕਤ ਤੇਰੀ ਝੋਲੀ ਪਾਵੇ।"

ਮੈਂ ਹਰ ਰੋਜ਼ ਸਵੇਰੇ ਉਨ੍ਹਾਂ ਦੇ ਦਫ਼ਤਰ ਅਖ਼ਬਾਰ ਦੇਣ ਜਾਂਦਾ ਹਾਂ। ਜਿਸ ਦਿਨ ਮੈਂ ਕਦੇ ਲੇਟ ਹੋ ਜਾਂਦਾ ਹਾਂ ਤਾਂ ਉਸ ਦਿਨ ਮੈਨੂੰ ਉਹ ਬਜ਼ੁਰਗ ਉਸ ਦਫ਼ਤਰ ਵਿੱਚ ਹਾਜ਼ਰ ਮਿਲਦਾ ਹੈ। ਅੱਜ ਉਹ ਮੈਨੂੰ ਅਸੀਸਾਂ ਦੇ ਰਿਹਾ ਸੀ ਤੇ ਮੈਂ ਮਨ ਹੀ ਮਨ ਨਮੋਸ਼ੀ ਨਾਲ ਪਾਣੀ ਪਾਣੀ ਹੋ ਰਿਹਾ ਸੀ ਕਿਉਂਕਿ ਇੱਕ ਦਿਨ ਇਸੇ ਬਜ਼ੁਰਗ ਨੇ ਮੈਨੂੰ ਕਿਹਾ ਸੀ, "ਪੁੱਤਰਾ, ਕਿਸੇ ਦਿਨ ਸਮਾਂ ਕੱਢ ਕੇ ਮੇਰੇ ਨਾਲ ਚੱਲ। ਮੈਂ ਅੱਖਾਂ ਬਣਵਾਈਆਂ ਸਨ ਤੇ ਉਹ ਠੀਕ ਨਹੀਂ ਬਣੀਆਂ। ਆਪਾਂ ਇੱਕ ਧਾਰਮਿਕ ਸੰਸਥਾ ਦੇ ਹਸਪਤਾਲ ਵਿੱਚ ਅੱਖਾਂ ਦਿਖਾ ਕੇ ਆਈਏ। ਮੈਂ ਇਕੱਲਾ ਉੱਥੇ ਨਹੀਂ ਜਾ ਸਕਦਾ ਕਿਉਂਕਿ ਉੱਥੇ ਸਾਰਾ ਦਿਨ ਲੱਗ ਜਾਂਦਾ ਹੈ।" ਮੈਂ ਉਸ ਨੂੰ ਕਿਹਾ ਸੀ, "ਬਾਬਾ ਜੀ, ਜ਼ਰੂਰ ਚੱਲਾਂਗੇ। ਮੈਂ ਵੀ ਆਪਣੀ ਨਿਗ੍ਹਾ ਚੈੱਕ ਕਰਵਾਉਣੀ ਹੈ।" ਤੇ ਮੈਂ ਅੱਜ ਤਕ ਸਮਾਂ ਨਹੀਂ ਕੱਢ ਸਕਿਆ। ਇਸ ਕਰਕੇ ਮੈਨੂੰ ਆਪਣਾ ਆਪ ਦੋਸ਼ੀ ਲੱਗਦਾ ਹੈ, ਪਰ ਨਾਲ ਹੀ ਸਮਝਦਾ ਹਾਂ ਕਿ ਬਾਬਾ ਜੀ ਵੀ ਮੇਰੀ ਅਵਸਥਾ ਵਿੱਚੋਂ ਲੰਘੇ ਹਨ। ਇਸ ਲਈ ਉਹ ਮੇਰੀ ਸਮਾਂ ਨਾ ਕੱਢ ਸਕਣ ਦੀ ਮਜਬੂਰੀ ਨੂੰ ਬਾਖ਼ੂਬੀ ਸਮਝਦੇ ਹੋਣਗੇ। ਇਸੇ ਲਈ ਉਨ੍ਹਾਂ ਨੇ ਮੇਰੀ ਗੁਸਤਾਖੀ ਨੂੰ ਮੁਆਫ਼ ਕਰਦਿਆਂ ਅਸੀਸਾਂ ਦੀ ਝੜੀ ਲਾ ਦਿੱਤੀ। ਮੈਂ ਅੱਜ ਤਕ ਇਹੀ ਸੋਚਦਾ ਹਾਂ ਕਿ ਇਹ ਉਨ੍ਹਾਂ ਦਾ ਵਡੱਪਣ ਹੈ ਕਿ ਉਹ ਦੁਖੀ ਹੁੰਦੇ ਹੋਇਆਂ ਵੀ ਸਾਡੇ ਲਈ ਅਸੀਸਾਂ ਦੀ ਝੜੀ ਲਾ ਦਿੰਦੇ ਹਨ ਤੇ ਅਸੀਂ ਤੰਦਰੁਸਤ ਹੁੰਦੇ ਹੋਏ ਵੀ ਉਨ੍ਹਾਂ ਲਈ ਸਮਾਂ ਨਹੀਂ ਕੱਢ ਸਕਦੇ।

**- ਜਗਸੀਰ ਸਿੰਘ ਤਾਜ਼ੀ**
**ਸੰਪਰਕ: 99889-95533**

## ਸ਼ਿਕਾਇਤ

ਸਾਰੀ ਕਾਇਨਾਤ ਰਾਤ ਦੇ ਕਲਾਵੇ ਵਿੱਚ ਨਿਸ਼ਚਿੰਤ ਸੁੱਤੀ ਪਈ ਸੀ। ਪਾਣੀ ਤੇ ਹਵਾ ਵੀ ਹੌਲੀ ਹੌਲੀ ਆਪਣੀ ਚਾਲੇ ਚੱਲ ਰਹੇ ਸਨ ਤਾਂ ਜੋ ਇਸ ਸ਼ਾਂਤਮਈ ਮਾਹੌਲ ਦਾ ਆਨੰਦ ਮਾਣਿਆ ਜਾ ਸਕੇ। ਪੰਛੀ, ਜੀਅ ਜੰਤ, ਗੱਲ ਕੀ ਕੁਦਰਤ ਦੀ ਬਣਾਈ ਹਰ ਸ਼ੈਅ ਦੀ ਗੂੜ੍ਹੀ ਨੀਂਦ ਕੋਈ ਵੀ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਮੁੱਢ ਕਦੀਮੀਂ ਰੀਤ ਵਾਂਗ ਸਾਰੇ ਸੂਰਜ ਦੀ ਪਹਿਲੀ ਕਿਰਨ ਨਾਲ ਆਪਣੇ ਕੰਮ ਧੰਦੇ ਸ਼ੁਰੂ ਕਰਨਾ ਚਾਹੁੰਦੇ ਸਨ। ਪਰ ਅਚਾਨਕ ਇਹ ਕੀ। ਸਵੇਰੇ ਮੂੰਹ ਹਨੇਰੇ ਗੁਰਦੁਆਰੇ, ਮੰਦਰ, ਮਸਜਿਦ, ਪੀਰ ਦ ਦਰਗਾਹ, ਬਾਬੇ ਦੀ ਸਮਾਧ, ਸੱਤਵੇਂ ਬਾਪੂ ਦੇ ਟੀ.ਵੀ ਵਿੱਚ ਚਲਦੇ ਪ੍ਰਵਚਨਾਂ ਪ੍ਰਵਾਹ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਿਆ। ਜਦੋਂ ਸੂਰਜ ਚਮਕਿਆ ਤਾਂ ਹਵਾ ਆਪਣੀ ਸ਼ਿਕਾਇਤ ਲੈ ਕੇ ਰੱਬ ਕੋਲ ਗਈ। ਉਸ ਨੇ ਦੇਖਿਆ ਕਿ ਰੱਬ ਵੀ ਕੰਨਾਂ ਵਿੱਚ ਰੂੰ ਦੇਈ ਘੂਕ ਸੁੱਤਾ ਪਿਆ ਸੀ।

**- ਇੰਦਰਪਾਲ ਸਿੰਘ**
**ਸੰਪਰਕ: 98550-66698**

## ਚਮਤਕਾਰ




ਪੁੱਤ ਬਿਮਾਰ ਸੀ। ਉਸ ਦੇ ਦਿਮਾਗ਼ ਵਿੱਚ ਰਸੌਲੀ ਸੀ। ਅਪਰੇਸ਼ਨ ਲਈ ਪੈਸੇ ਨਹੀਂ ਸਨ। ਪਤੀ ਨੇ ਪਤਨੀ ਨੂੰ ਕਿਹਾ, ਸਾਡੇ ਪੁੱਤਰ ਨੂੰ ਹੁਣ ਕੋਈ ਚਮਤਕਾਰ ਹੀ ਬਚਾ ਸਕਦਾ ਹੈ।" ਇਹ ਗੱਲ ਸੁਣ ਕੇ ਬਿਮਾਰ ਬੱਚੇ ਦੀ ਅੱਠ ਸਾਲ ਦੀ ਭੈਣ ਸੋਨੀਆ ਆਪਣੇ ਕਮਰੇ ਵਿੱਚ ਗਈ। ਉਸ ਨੇ ਆਪਣੀ ਬੁਘਣੀ ਤੋੜੀ। ਉਸ ਵਿੱਚ ਜਿੰਨੀ ਭਾਨ ਸੀ, ਉਹ ਲੈ ਕੇ ਉਹ ਇਕੱਲੀ ਹੀ ਦਵਾਈਆਂ ਦੀ ਦੁਕਾਨ 'ਤੇ ਚਲੀ ਗਈ।

ਸੋਨੀਆ ਇੰਨੀ ਛੋਟੀ ਸੀ ਕਿ ਦੁਕਾਨਦਾਰ ਨੂੰ ਦਿਸੀ ਹੀ ਨਹੀਂ। ਦੁਕਾਨਦਾਰ ਨੇ ਉਪਰੋਂ ਝੁਕ ਕੇ ਦੇਖਿਆ ਤਾਂ ਪੁੱਛਿਆ ਕਿ ਕੀ ਚਾਹੀਦਾ ਹੈ। ਸੰਯੋਗਵੱਸ ਦੁਕਾਨਦਾਰ ਦਾ ਭਰਾ ਕਰਨ, ਜਿਹੜਾ ਦਿਮਾਗ਼ ਦੇ ਰੋਗਾਂ ਦਾ ਪ੍ਰਸਿੱਧ ਮਾਹਿਰ ਸੀ, ਉੱਥੇ ਬੈਠਾ ਸੀ।

ਸੋਨੀਆ ਨੇ ਕਿਹਾ, ਮੈਨੂੰ ਚਮਤਕਾਰ ਚਾਹੀਦਾ ਹੈ। ਮੇਰਾ ਭਰਾ ਬਿਮਾਰ ਹੈ। ਉਸ ਦੇ ਸਿਰ ਵਿੱਚ ਕੋਈ ਬਿਮਾਰੀ ਹੈ। ਮੇਰੇ ਪਾਪਾ ਕਹਿੰਦੇ ਹਨ ਕਿ ਇਸ ਨੂੰ ਤਾਂ ਕੋਈ ਚਮਤਕਾਰ ਹੀ ਬਚਾ ਸਕਦਾ ਹੈ। ਮੈਂ ਉਹ ਚਮਤਕਾਰ ਖ਼ਰੀਦਣ ਆਈ ਹਾਂ। ਕਰਨ ਨੇ ਪੁੱਛਿਆ, ਤੇਰੇ ਭਰਾ ਨੂੰ ਕਿਹੋ ਜਿਹਾ ਚਮਤਕਾਰ ਚਾਹੀਦਾ ਹੈ? ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਸੋਨੀਆ ਨੇ ਕਿਹਾ, ਮੈਨੂੰ ਨਹੀਂ ਪਤਾ, ਚਮਤਕਾਰ ਕਿਹੋ ਜਿਹਾ ਹੁੰਦਾ ਹੈ। ਮੈਂ ਤਾਂ ਸਿਰਫ਼ ਇਹ ਜਾਣਦੀ ਹਾਂ ਕਿ ਮੇਰਾ ਭਰਾ ਬਿਮਾਰ ਹੈ ਤੇ ਉਸ ਨੂੰ ਅਪਰੇਸ਼ਨ ਦੀ ਲੋੜ ਹੈ ਜਿਸ ਵਾਸਤੇ ਸਾਡੇ ਕੋਲ ਪੈਸੇ ਵੀ ਨਹੀਂ ਹਨ। ਕਰਨ ਨੇ ਉਸ ਦੀ ਮੁੱਠੀ ਵੇਖ ਕੇ ਕਿਹਾ, "ਤੇਰੇ ਕੋਲ ਚਮਤਕਾਰ ਵਾਸਤੇ ਬਹੁਤ ਪੈਸੇ ਹਨ। ਸੋਨੀਆ ਨੇ ਕਿਹਾ, ਮੈਂ ਆਪਣੀ ਬੁਘਣੀ ਤੋੜ ਕੇ ਲਿਆਈ ਹਾਂ। ਇਹ ਇੱਕ ਸੌ ਰੁਪਏ ਹਨ। ਕਰਨ ਨੇ ਕਿਹਾ, ਚਮਤਕਾਰ ਵਾਸਤੇ ਕਾਫ਼ੀ ਹਨ। ਕਰਨ ਨੇ ਸੋਨੀਆ ਦਾ ਹੱਥ ਫੜ ਕੇ ਕਿਹਾ, ਮੈਨੂੰ ਆਪਣੇ ਭਰਾ ਕੋਲ ਲੈ ਜਾ। ਉਸ ਨੇ ਆਪਣੇ ਹਸਪਤਾਲ ਵਿੱਚ ਸੋਨੀਆ ਦੇ ਭਰਾ ਦਾ ਮੁਫ਼ਤ ਇਲਾਜ ਕੀਤਾ। ਗ਼ਰੀਬ ਪਰਿਵਾਰ ਦਾ ਪੁੱਤਰ ਠੀਕ ਹੋ ਗਿਆ। ਸੋਨੀਆ ਦੀ ਮਾਂ ਨੇ ਹੈਰਾਨੀ ਨਾਲ ਕਰਨ ਨੂੰ ਪੁੱਛਿਆ ਕਿ ਇਹ ਚਮਤਕਾਰ ਕਿਵੇਂ ਹੋ ਗਿਆ? ਕਰਨ ਨੇ ਕਿਹਾ, "ਦਰਅਸਲ, ਇਸ ਚਮਤਕਾਰ ਦੀ ਕੀਮਤ ਇੱਕ ਭੈਣ ਦੇ ਅੱਥਰੂ ਅਤੇ ਮਾਨਵਤਾ ਵਿੱਚ ਅਟੁੱਟ ਵਿਸ਼ਵਾਸ ਹੈ ਤੇ ਇਹ ਕੀਮਤ ਸੋਨੀਆ ਨੇ ਚੁਕਾਈ ਹੈ।"

**- ਪੁਰਨੀਤ ਕੌਰ**
**ਸੰਪਰਕ: 79864-03107**

## ਸੰਪਾਦਕੀ

# ਵਾਤਾਵਰਨ ਮੁਤਾਬਿਕ ਬੀਜ

ਜਲਵਾਯੂ ਤਬਦੀਲੀ ’ਤੇ ਬਣੀ ਅੰਤਰ-ਦੇਸ਼ੀ ਕਮੇਟੀ ਨੇ ਪਿਛਲੇ ਮਹੀਨੇ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਕਿ ਮੌਨਸੂਨ ਦਾ ਬਦਲ ਰਿਹਾ ਰੂਪ, ਘਾਤਕ ਗਰਮੀ, ਸਮੁੰਦਰ ਦਾ ਵਧਦਾ ਪੱਧਰ ਤੇ ਤੇਜ਼ ਤੂਫ਼ਾਨ ਭਾਰਤ ’ਚ ਖੇਤੀ ਖੇਤਰ ਲਈ ਗੰਭੀਰ ਖ਼ਤਰਾ ਪੈਦਾ ਕਰ ਰਹੇ ਹਨ। ਸੰਭਾਵਨਾ ਜਤਾਈ ਗਈ ਹੈ ਕਿ ਜਲਵਾਯੂ ਤਬਦੀਲੀ ਦਾ ਅਸਰ ਘਟਾਉਣ ਸਬੰਧੀ ਰਣਨੀਤੀਆਂ ਦੀ ਗ਼ੈਰ-ਹਾਜ਼ਰੀ ਖੇਤੀਬਾੜੀ ਹੇਠਲੇ ਰਕਬੇ ਅਤੇ ਫ਼ਸਲੀ ਪੈਦਾਵਾਰ ਦੇ ਘਟਣ ਦਾ ਕਾਰਨ ਬਣ ਸਕਦੀ ਹੈ। ਛੋਟੇ ਪੱਧਰ ਦੇ ਉਤਪਾਦਕਾਂ ਉੱਤੇ ਇਸ ਦਾ ਅਸਰ ਵੱਧ ਦੇਖਿਆ ਜਾਵੇਗਾ ਜਿਹੜੇ ਮੀਂਹ ਨਾਲ ਹੁੰਦੀ ਖੇਤੀਬਾੜੀ ’ਤੇ ਵੱਧ ਨਿਰਭਰ ਹਨ। ਵਾਤਾਵਰਨ ਮੁਤਾਬਿਕ ਫ਼ਸਲਾਂ ਇਸ ਉਦੇਸ਼ ਨਾਲ ਤਿਆਰ ਕੀਤੀਆਂ ਗਈਆਂ ਹਨ ਕਿ ਮਾੜੀਆਂ ਸਥਿਤੀਆਂ ਵਿੱਚ ਵੀ ਪੈਦਾਵਾਰ ਕਾਇਮ ਰਹੇ ਜਾਂ ਵਧਦੀ ਰਹੇ। ਭਾਰਤੀ ਖੇਤੀਬਾੜੀ ਖੋਜ ਕੌਂਸਲ ਨੇ ਜਲਵਾਯੂ ਅਨੁਕੂਲ ਖੇਤੀ ਖੇਤਰ ’ਚ ਨਵੀਆਂ ਕਾਢਾਂ ਦਾ ਪ੍ਰਾਜੈਕਟ 2011 ਵਿੱਚ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਅਜਿਹੀਆਂ ਜਿਣਸਾਂ ਤਿਆਰ ਕਰਨ ਲਈ ਵਿਆਪਕ ਯਤਨ ਕੀਤੇ ਗਏ ਹਨ। ਇਨ੍ਹਾਂ ਕਿਸਮਾਂ ਨੂੰ ਪਰਖ ਕੇ ਵਰਤੋਂ ਵਿੱਚ ਵੀ ਲਿਆਂਦਾ ਗਿਆ ਹੈ ਜਿਸ ਦੇ ਚੰਗੇ ਸਿੱਟੇ ਸਾਹਮਣੇ ਆਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਚ ਪੈਦਾਵਾਰ ਵਾਲੀਆਂ ਵਾਤਾਵਰਨ ਅਨੁਕੂਲ ਜਿਹੜੀਆਂ ਫ਼ਸਲੀ ਜਿਣਸਾਂ ਲਾਂਚ ਕੀਤੀਆਂ ਹਨ, ਉਹ ਅਜਿਹੇ ਉੱਦਮਾਂ ਦਾ ਹੀ ਹਿੱਸਾ ਹਨ। ਸਰਕਾਰ ਦਾ ਕਹਿਣਾ ਹੈ ਕਿ ਕਣਕ ਲਈ ਵਾਤਾਵਰਨ ਅਨੁਕੂਲ ਬੀਜਾਂ ਦੀ ਸਫ਼ਲਤਾ ਨਾਲ ਵਰਤੋਂ ਕਰ ਕੇ ਬੰਪਰ ਪੈਦਾਵਾਰ ਲੈਣ ਤੋਂ ਬਾਅਦ ਹੁਣ ਇਸ ਸਾਲ ਇਨ੍ਹਾਂ ਬੀਜਾਂ ਨਾਲ ਝੋਨੇ ਹੇਠਲਾ ਰਕਬਾ ਵਧਾਉਣ ਦਾ ਟੀਚਾ ਵੀ ਰੱਖਿਆ ਗਿਆ ਹੈ। ਸਵਦੇਸ਼ੀ ਕਾਢਾਂ ਨੂੰ ਲਗਾਤਾਰ ਸਹਾਰਾ ਦੇਣਾ ਪੈਂਦਾ ਹੈ ਜਿਸ ਵਿੱਚ ਪ੍ਰਾਈਵੇਟ ਖੇਤਰ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਰਿਆਇਤਾਂ ਦੇਣਾ ਵੀ ਸ਼ਾਮਿਲ ਹੁੰਦਾ ਹੈ ਤਾਂ ਕਿ ਕੋਸ਼ਿਸ਼ਾਂ ਨੂੰ ਉਮੀਦ ਮੁਤਾਬਿਕ ਕਾਮਯਾਬੀ ਮਿਲ ਸਕੇ। ਜਲਵਾਯੂ ਤਬਦੀਲੀ ਮੁਤਾਬਿਕ ਢਲਣ ਲਈ ਵਿੱਢੇ ਕੌਮੀ ਪੱਧਰ ਦੇ ਪ੍ਰੋਗਰਾਮਾਂ ਦੀ ਕੋਈ ਕਮੀ ਨਹੀਂ ਹੈ। ਮੁਹੱਈਆ ਸਾਧਨਾਂ ਦੇ ਨਿਆਂ ਸੰਗਤ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਤੋਂ ਲੈ ਕੇ ਜਲ ਸੰਭਾਲ, ਜੰਗਲਾਤ ਹੇਠਲੇ ਰਕਬੇ ਨੂੰ ਬਚਾਉਣ ਤੋਂ ਲੈ ਕੇ ਮਿੱਟੀ ਦੀ ਗੁਣਵੱਤਾ ਬਾਰੇ ਕਾਰਡ ਸਕੀਮ ਇਨ੍ਹਾਂ ਪ੍ਰੋਗਰਾਮਾਂ ਦੇ ਘੇਰੇ ਵਿੱਚ ਆਉਂਦੇ ਹਨ। ‘ਸੋਇਲ ਹੈਲਥ ਕਾਰਡ’ ਦਾ ਮੰਤਵ ਯੂਰੀਆ ਖਾਦਾਂ ਦੀ ਲੋੜੋਂ ਵੱਧ ਵਰਤੋਂ ’ਤੇ ਲਗਾਮ ਕਸਣਾ ਹੈ ਤੇ ਇਸ ਲਈ ਸਮੇਂ-ਸਮੇਂ ’ਤੇ ਯਤਨ ਕੀਤੇ ਗਏ ਹਨ। ਫ਼ਸਲੀ ਵਨ-ਸਵੰਨਤਾ ਫਿਲਹਾਲ ਹੌਲੀ-ਹੌਲੀ ਅੱਗੇ ਵਧ ਰਹੀ ਹੈ ਹਾਲਾਂਕਿ ਕਈ ਰਾਜ ਕੁਦਰਤੀ ਖੇਤੀ ਨੂੰ ਵਿਆਪਕ ਤੌਰ ’ਤੇ ਉਤਸ਼ਾਹਿਤ ਕਰ ਰਹੇ ਹਨ। ਪੰਜਾਬ ਸਣੇ ਕਈ ਰਾਜਾਂ ਵੱਲੋਂ ਕੁਦਰਤੀ ਖੇਤੀ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ।ਕਾਬਿਲ-ਏ-ਗੌਰ ਹੈ ਕਿ ਇਕੱਲੀ ਤਕਨੀਕ ਦੀ ਕਾਰਗੁਜ਼ਾਰੀ ਇਸ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਨਹੀਂ ਬਣਾ ਸਕਦਾ। ਵਿਗਿਆਨਕ ਜਾਣਕਾਰੀ ਤੱਕ ਕਿਸਾਨਾਂ ਦੀ ਪਹੁੰਚ ਵੀ ਓਨੀ ਹੀ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਪਹੁੰਚ ਕਾਇਮ ਕਰਨ ਲਈ ਸੇਵਾਵਾਂ ਨੂੰ ਵੀ ਕਾਰਗਰ ਬਣਾਉਣਾ ਪਏਗਾ। ਕਿਸਾਨਾਂ ਨੂੰ ਬਿਹਤਰ ਬਦਲ ਦੇਣ ਦੀ ਬਹਿਸ ਵਿਚਾਲੇ ਪਹਿਲਾਂ ਉਨ੍ਹਾਂ ਨੂੰ ਵਾਤਾਵਰਨ ਅਨੁਕੂਲ ਖੇਤੀ ਲਈ ਸਹਿਮਤ ਕਰਨਾ ਪਏਗਾ ਜਿਸ ਲਈ ਵਿਆਪਕ ਯਤਨਾਂ ਦੀ ਲੋੜ ਹੈ। ਯਤਨਾਂ ਨੂੰ ਅਸਰਦਾਰ ਬਣਾਉਣ ਲਈ ਖੋਜ ਅਤੇ ਵਿਕਾਸ ਨੂੰ ਕੇਂਦਰ ਵਿਚ ਰੱਖਣਾ ਪਏਗਾ।

# ਸਰਕਾਰੀ ਮੈਡੀਕਲ ਕਰਮੀਆਂ ਦੀ ਸੁਰੱਖਿਆ

ਕੋਲਕਾਤਾ ਵਿੱਚ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਪੋਸਟ-ਗਰੈਜੂਏਟ ਟਰੇਨੀ ਡਾਕਟਰ ਨਾਲ ਵਾਪਰੀ ਜਬਰ-ਜਨਾਹ ਅਤੇ ਹੱਤਿਆ ਦੀ ਘਟਨਾ ਨੇ ਦੇਸ਼ ਨੂੰ ਝੰਜੋੜ ਦਿੱਤਾ ਹੈ ਅਤੇ ਕਈ ਖੇਤਰਾਂ ਵਿੱਚ ਡਾਕਟਰ ਤੇ ਮੈਡੀਕਲ ਕਰਮੀ ਰੋਸ ਮੁਜ਼ਾਹਰੇ ਕਰ ਰਹੇ ਹਨ। ਇਸ ਘਟਨਾ ਦੀ ਭਿਆਨਕਤਾ ਦੀ ਤੁਲਨਾ 2021 ਦੇ ਦਿੱਲੀ ਨਿਰਭਯਾ ਕੇਸ ਨਾਲ ਕੀਤੀ ਜਾਣ ਲੱਗ ਪਈ ਹੈ ਜਿਸ ਨੇ ਦੇਸ਼ ਦੀ ਆਤਮਾ ਨੂੰ ਝੰਜੋੜਿ ?ਆ ਸੀ ਅਤੇ ਇਸ ਕਰ ਕੇ ਜਬਰ-ਜਨਾਹ ਦੇ ਕਾਨੂੰਨ ਸਖ਼ਤ ਬਣਾਉਣ ਦਾ ਰਾਹ ਪੱਧਰਾ ਹੋਇਆ ਸੀ। ਰੈਜ਼ੀਡੈਂਟ ਡਾਕਟਰ ਆਪਣੀ ਡਿਊਟੀ ਤੋਂ ਬਾਅਦ ਸੈਮੀਨਾਰ ਹਾਲ ਵਿੱਚ ਗਈ ਸੀ ਜਿੱਥੇ ਉਸ ’ਤੇ ਜਿਨਸੀ ਹਮਲਾ ਹੋਇਆ ਅਤੇ ਉਸ ਦੀ ਹੱਤਿਆ ਕਰ ਦਿੱਤੀ ਗਈ। ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਅਸਤੀਫ਼ਾ ਦੇ ਦਿੱਤਾ ਹੈ; ਦੋ ਸੁਰੱਖਿਆ ਗਾਰਡਾਂ ਨੂੰ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਬਰਤਰਫ਼ ਕਰ ਦਿੱਤਾ ਗਿਆ ਹੈ। ਇਸ ਖੌਫ਼ਨਾਕ ਘਟਨਾ ਦੀ ਤਹਿ ਤੱਕ ਪੁੱਜਣ ਲਈ ਉੱਚ ਪੱਧਰੀ ਜਾਂਚ ਕਰਾਉਣ ਦੀ ਲੋੜ ਹੈ।

ਸਿਹਤ ਸੰਭਾਲ ਨਾਲ ਜੁੜੇ ਪੇਸ਼ੇਵਰ ਕਰਮੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਮੇਂ ਦੀ ਅਣਸਰਦੀ ਲੋੜ ਹੈ। ਅਜਿਹਾ ਕੀ ਹੈ ਜਿਸ ਕਰ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੀ ਇਹ ਬਰਾਦਰੀ ਹਿੰਸਾ ਦਾ ਸ਼ਿਕਾਰ ਬਣ ਰਹੀ ਹੈ ? ਇਨ੍ਹਾਂ ਕਰਮੀਆਂ ਦੀਆਂ ਡਿਊਟੀਆਂ ਬਹੁਤ ਸਖ਼ਤ ਹੁੰਦੀਆਂ ਹਨ, ਵੇਲੇ ਕੁਵੇਲੇ ਕੰਮ ਕਰਨਾ ਪੈਂਦਾ ਹੈ, ਕੰਮ ਦਾ ਬੇਤਹਾਸ਼ਾ ਬੋਝ ਰਹਿੰਦਾ ਹੈ, ਸਟਾਫ ਦੀ ਘਾਟ ਅਕਸਰ ਰਹਿੰਦੀ ਹੈ, ਅਕਸਰ ਅਣਚਾਹੇ ਸ਼ਖ਼ਸ ਉਨ੍ਹਾਂ ਦੀਆਂ ਕੰਮਕਾਜੀ ਥਾਵਾਂ ’ਤੇ ਚਲੇ ਆਉਂਦੇ ਹਨ ਅਤੇ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਦਾ ਦਬਾਅ ਰਹਿੰਦਾ ਹੈ ਜੋ ਅਜਿਹੇ ਕਾਰਕ ਹਨ ਜਿਨ੍ਹਾਂ ਕਰ ਕੇ ਮੈਡੀਕਲ ਕਰਮੀਆਂ ਨੂੰ ਲਗਾਤਾਰ ਜੂਝਣਾ ਪੈਂਦਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਅਣਗਿਣਤ ਡਾਕਟਰਾਂ ਅਤੇ ਮੈਡੀਕਲ ਕਰਮੀਆਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਮਰੀਜ਼ਾਂ ਦੀਆਂ ਜਾਨਾਂ ਬਚਾਈਆਂ ਸਨ; ਕਰੀਬ 1600 ਮੈਡੀਕਲ ਕਰਮੀਆਂ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਫਿਰ ਵੀ ਮੈਡੀਕਲ ਬਿਰਾਦਰੀ ਨੂੰ ਨਾ ਬਣਦਾ ਆਦਰ-ਸਤਿਕਾਰ ਮਿਲਦਾ ਹੈ ਤੇ ਨਾ ਹੀ ਉਸ ਦੀ ਹਿਫ਼ਾਜ਼ਤ ਯਕੀਨੀ ਬਣਾਈ ਜਾਂਦੀ ਹੈ।

ਜੇ ਡਾਕਟਰ ਤੇ ਪੈਰਾ-ਮੈਡੀਕਲ ਸਟਾਫ ਨੂੰ ਹਰ ਕਦਮ ’ਤੇ ਹਮਲਾ ਜਾਂ ਪਿੱਛਾ ਹੋਣ ਦਾ ਡਰ ਸਤਾਉਂਦਾ ਰਹੇਗਾ ਤਾਂ ਉਹ ਆਪਣੀ ਬਣਦੀ ਯੋਗਤਾ ਮੁਤਾਬਿਕ ਆਪਣਾ ਫ਼ਰਜ਼ ਅਦਾ ਨਹੀਂ ਕਰ ਸਕਣਗੇ। ਸਿਹਤ ਸੰਭਾਲ ਕਰਮੀਆਂ ਅਤੇ ਮੈਡੀਕਲ ਸੰਸਥਾਵਾਂ ਦੀ ਜਾਇਦਾਦ ਦੀ ਰਾਖੀ ਯਕੀਨੀ ਬਣਾਉਣ ਸਬੰਧੀ ਬਿੱਲ ਅਜੇ ਵੀ ਲਟਕਿਆ ਹੋਇਆ ਹੈ।

ਪਿਛਲੇ ਸਾਲ ਮਈ ਵਿੱਚ ਨਸ਼ੇੜੀ ਵੱਲੋਂ ਹਸਪਤਾਲ ਵਿੱਚ ਕੇਰਲਾ ਦੀ ਡਾਕਟਰ ਵੰਦਨਾ ਦਾਸ ਦੀ ਹੱਤਿਆ ਕਰਨ ਤੋਂ ਬਾਅਦ ਵੀ ਜ਼ਮੀਨੀ ਪੱਧਰ ’ਤੇ ਕੋਈ ਠੋਸ ਤਬਦੀਲੀ ਨਜ਼ਰ ਨਹੀਂ ਆ ਰਹੀ ਤੇ ਬਹੁਤਿਆਂ ਨੂੰ ਤਾਂ ਨਰਸ ਅਰੁਣਾ ਸ਼ਾਨਬਾਗ਼ ਦਾ ਕੇਸ ਵੀ ਹੁਣ ਯਾਦ ਨਹੀਂ ਹੋਵੇਗਾ ਜਿਸ ’ਤੇ 1973 ਵਿਚ ਮੁੰਬਈ ਦੇ ਇੱਕ ਹਸਪਤਾਲ ’ਚ ਜਿਨਸੀ ਹਮਲਾ ਕੀਤਾ ਗਿਆ ਸੀ ਤੇ ਆਖਿਰੀ ਸਾਹ ਲੈਣ ਤੋਂ ਪਹਿਲਾਂ ਉਸ ਨੇ ਅਗਲੇ ਚਾਰ ਦਹਾਕੇ ਲਗਭਗ ਕੋਮਾ ਦੀ ਸਥਿਤੀ ਵਿੱਚ ਬਿਤਾਏ।

ਕੀ ਕੋਲਕਾਤਾ ਵਿੱਚ ਵਾਪਰੀ ਖੌਫ਼ਨਾਕ ਘਟਨਾ ਅਤਿ ਲੋੜੀਂਦੇ ਸੁਧਾਰਾਂ ਦਾ ਰਾਹ ਖੋਲ੍ਹੇਗੀ ?

# ਬੰਗਲਾਦੇਸ਼ ’ਚ ਲੋਕਤੰਤਰ ਦਾ ਪਤਨ ਕਿਵੇਂ ਹੋਇਆ

-ਗੁਰਬਚਨ ਜਗਤ



‘ਵੀਸੀਜ਼ ਫਾਰ ਕਮਲਾ’ ਨਾਂ ਦੇ ਇੱਕ ਗਰੁੱਪ ਜਿਸ ਵਿੱਚ ਲਿੰਕੇਡਿਨ ਦੇ ਬਾਨੀ ਰੀਡ ਹੌਫਮੈਨ, ਐਪਲ ਦੇ ਸਹਿ-ਬਾਨੀ ਸਟੀਵ ਵੋਜ਼ਨਿਆਕ ਅਤੇ ਸੰਨ ਮਾਈਕਰੋਸਿਸਟਮਜ਼ ਦੇ ਸਹਿ-ਬਾਨੀ ਵਿਨੋਦ ਖੋਸਲਾ ਜਿਹੇ ਟੈੱਕ ਸਨਅਤ ਦੇ ਕੁਝ ਮੋਹਰੀਆਂ ਨੇ ਬਿਆਨ ਵਿੱਚ ਕਿਹਾ ਹੈ ਕਿ ਉਹ ਇਸ ਮਹੱਤਵਪੂਰਨ ਮੌਕੇ ’ਤੇ ਕਮਲਾ ਹੈਰਿਸ ਦੇ ਹੱਕ ਵਿੱਚ ਇਕਜੁੱਟ ਹੋ ਕੇ ਖੜ੍ਹੇ ਹਨ। ਇਸ ਬਿਆਨ ’ਤੇ ਟੈੱਕ ਸਨਅਤ ਦੇ 700 ਤੋਂ ਜਿ ?ਆਦਾ ਮੋਹਰੀਆਂ ਦੇ ਦਸਤਖ਼ਤ ਹਨ ਜਿਸ ਵਿੱਚ ਕਿਹਾ ਗਿਆ ਹੈ, ਅਸੀਂ ਕਾਰੋਬਾਰ ਪੱਖੀ, ਅਮਰੀਕੀ ਸੁਫਨੇ ਪੱਖੀ, ਉਦਮੀ ਪੱਖੀ ਅਤੇ ਤਕਨੀਕੀ ਪ੍ਰਗਤੀ ਪੱਖੀ ਹਾਂ। ਅਸੀਂ ਇਸ ਗੱਲ ਵਿੱਚ ਵਿਸ਼ਵਾਸ ਕਰਦੇ ਹਾਂ ਕਿ ਲੋਕਤੰਤਰ ਸਾਡੇ ਰਾਸ਼ਟਰ ਦੀ ਰੀੜ ਦੀ ਹੱਡੀ ਹੈ। ਸਾਡਾ ਇਹ ਵਿਸ਼ਵਾਸ ਹੈ ਕਿ ਮਜ਼ਬੂਤ ਅਤੇ ਭਰੋਸੇਮੰਦ ਸੰਸਥਾਵਾਂ ਕੋਈ ਛੂਤ ਦਾ ਰੋਗ ਨਹੀਂ ਸਗੋਂ ਸਾਡੀ ਵਿਸ਼ੇਸ਼ਤਾ ਹੈ ਅਤੇ ਇਹ ਕਿ ਇਨ੍ਹਾਂ ਤੋਂ ਬਗ਼ੈਰ ਸਾਡੀ ਸਨਅਤ ਅਤੇ ਦੂਜੀ ਹਰੇਕ ਸਨਅਤ ਢਹਿ-ਢੇਰੀ ਹੋ ਜਾਵੇਗੀ। ਇਸ ਵਿੱਚ ਲੋਕਤੰਤਰ ਅਤੇ ਸੰਸਥਾਵਾਂ ਦੇ ਰੂਪ ਵਿੱਚ ਦੋ ਮੂਲ ਅਸੂਲਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਦੇ ਆਸਰੇ ਵਿਕਸਤ ਦੇਸ਼ਾਂ ਨੇ ਤਰੱਕੀ ਕੀਤੀ ਹੈ। ਇਨ੍ਹਾਂ ਦੋ ਅਸੂਲਾਂ ਨੂੰ ਨਿਰੰਕੁਸ਼ਤਾ, ਅਰਾਜਕਤਾ, ਫਾਸ਼ੀਵਾਦ ਅਤੇ ਹਿੰਸਾ ਦੀਆਂ ਤਾਕਤਾਂ ਨਾਲ ਲੋਹਾ ਲੈਣ ਵਾਲੇ ਦਲੇਰ ਮਰਦਾਂ ਅਤੇ ਔਰਤਾਂ ਵੱਲੋਂ ਸਖ਼ਤੀ ਨਾਲ ਅਮਲ ਵਿੱਚ ਲਿਆਂਦਾ ਜਾਂਦਾ ਹੈ। ਇਹ ਲੜਾਈ ਅਜੇ ਵੀ ਚੱਲ ਰਹੀ ਹੈ ਅਤੇ ਨਿਰੰਕੁਸ਼ਤਾ ਅਤੇ ਅਰਾਜਕਤਾ ਦੀਆਂ ਤਾਕਤਾਂ ਲੋਕਤੰਤਰ ਅਤੇ ਕਾਨੂੰਨ ਦੇ ਰਾਜ ਖਿ ?ਲਾਫ਼ ਡਟੀਆਂ ਹੋਈਆਂ ਹਨ। ਯੂਰੋਪ ਅਤੇ ਉੱਤਰੀ ਅਮਰੀਕਾ ਦੇ ਜਿ ?ਆਦਾਤਰ ਮੁਲਕਾਂ ਵਿੱਚ ਬਹੁਤੀਆਂ ਸੰਸਥਾਵਾਂ ਸੰਵਿਧਾਨ ਅਤੇ ਪਾਰਲੀਮੈਂਟ ਦੇ ਫ਼ਤਵੇ ਮੁਤਾਬਿਕ ਤਨਦੇਹੀ ਨਾਲ ਆਪਣੇ ਫਰਜ਼ ਨਿਭਾ ਰਹੀਆਂ ਹਨ ਹਾਲਾਂਕਿ ਦ੍ਰਿੜ ਤਾਕਤਾਂ ਉਨ੍ਹਾਂ ਦਾ ਤਿੱਖਾ ਵਿਰੋਧ ਕਰ ਰਹੀਆਂ ਹਨ।

‘ਮੈਗਨਾ ਕਾਰਟਾ ਲਿਬਰਟੇਟਮ’ (ਆਜ਼ਾਦੀ ਦਾ ਮਹਾਨ ਲਾਤੀਨੀ ਚਾਰਟਰ) ਵਿੱਚ ਐਲਾਨ ਕੀਤਾ ਗਿਆ ਹੈ ਕਿ ਪ੍ਰਭੂਸੱਤਾ ਪੂਰਨ (ਰਾਜ) ਕਾਨੂੰਨ ਦੇ ਰਾਜ ਅਧੀਨ ਚੱਲੇਗਾ ਅਤੇ ਆਜ਼ਾਦ ਬੰਦਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਆਜ਼ਾਦੀਆਂ ਨੂੰ ਸੂਚੀ ਦਰਜ ਕੀਤਾ ਗਿਆ ਹੈ ਜਿਸ ਸਦਕਾ ਐਂਗਲੋ ਅਮਰੀਕੀ ਨਿਆਂ ਸ਼ਾਸਤਰ ਵਿੱਚ ਵਿਅਕਤੀਗਤ ਅਧਿਕਾਰਾਂ ਦੀ ਨੀਂਹ ਰੱਖੀ ਗਈ ਸੀ। ਇਸ ਤੋਂ ਬਾਅਦ ਰਾਜਿਆਂ ਦੇ ਦੈਵੀ ਅਧਿਕਾਰ ਹੌਲੀ-ਹੌਲੀ ਖ਼ਤਮ ਕਰ ਦਿੱਤੇ ਗਏ ਸਨ ਜਿਸ ਨਾਲ ਲੋਕਤੰਤਰ ਦੀ ਸਥਾਪਨਾ ਦਾ ਰਾਹ ਪੱਧਰਾ ਹੋਇਆ। ਸਮਾਜ ਵਿੱਚ ਹੋਈ ਇਸ ਤਬਦੀਲੀ ਸਦਕਾ ਕਾਨੂੰਨ ਦਾ ਰਾਜ ਅਤੇ ਆਮ ਨਾਗਰਿਕਾਂ ਦਾ ਸ਼ਕਤੀਕਰਨ ਸਥਾਪਿਤ ਹੋਇਆ ਸੀ ਜਿਸ ਨਾਲ ਮਹਾਨ ਲੋਕਰਾਜਾਂ ਦੀ ਸਥਾਪਨਾ ਸੰਭਵ ਹੋ ਸਕੀ ਸੀ। ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਮਾਰਗ੍ਰੈਟ ਥੈਚਰ ਨੇ ਕਿਹਾ ਸੀ, ਕੋਈ ਮੁਲਕ ਉਸ ਦੇ ਕੁਦਰਤੀ ਸਰੋਤਾਂ ਕਰ ਕੇ ਅਮੀਰ ਨਹੀਂ ਹੁੰਦਾ। ਜੇ ਇਵੇਂ ਹੁੰਦਾ ਤਾਂ ਤੁਹਾਡਾ ਮੁਲਕ (ਰੂਸ) ਕਦੋਂ ਦਾ ਦੁਨੀਆ ਦਾ ਸਭ ਤੋਂ ਅਮੀਰ ਮੁਲਕਾਂ ’ਚੋਂ ਇੱਕ ਹੋਣਾ ਸੀ ਪਰ ਦੇਸ਼ ਉੱਥੋਂ ਤੱਕ ਹੀ ਖੁਸ਼ਹਾਲ ਹੁੰਦੇ ਹਨ ਜਿੱਥੋਂ ਤੱਕ ਸ਼ਾਸਨ ਪ੍ਰਣਾਲੀ ਲੋਕਾਂ ਦੇ ਉਦਮ ਨੂੰ ਹੱਲਾਸ਼ੇਰੀ ਦਿੰਦੀ ਹੈ। ਇਸ ਲਈ ਇਹ ਉਦਮ ਹੈ ਜੋ ਦੌਲਤ ਪੈਦਾ ਕਰਦਾ ਹੈ ਮੈਂ ਜਿਸ ਪੂੰਜੀਵਾਦ ਦੀ ਹਮਾਇਤ ਕਰਦੀ ਹਾਂ, ਉਹ ਹਰ ਕਿਸੇ ਨੂੰ ਅਜਿਹੀ ਖੁੱਲ੍ਹ ਨਹੀਂ ਦਿੰਦਾ ਕਿ ਸ਼ਕਤੀਸ਼ਾਲੀ ਲੋਕ ਵਾਜਬੀਅਤ, ਸੁਚੱਜਤਾ ਅਤੇ ਜਨਤਕ ਚੰਗਿਆਈ ਦੀ ਕੀਮਤ ’ਤੇ ਆਪਣੀ ਹੈਸੀਅਤ ਦੀ ਵਰਤੋਂ ਕਰ ਕੇ ਕਾਮਯਾਬ ਹੋ ਜਾਣ। ਪੂੰਜੀਵਾਦ ਤਦ ਹੀ ਕੰਮ ਕਰ ਸਕਦਾ ਹੈ ਜਦੋਂ ਮਜ਼ਬੂਤ ਅਤੇ ਨਿਆਂਪੂਰਨ ਕਾਨੂੰਨ ਦਾ ਰਾਜ ਕਾਇਮ ਹੁੰਦਾ ਹੈ ਜਿਸ ਪ੍ਰਤੀ ਸਰਕਾਰ ਸਮੇਤ ਹਰ ਕੋਈ ਜਵਾਬਦੇਹ ਹੁੰਦਾ ਹੈ।

ਇਸ ਤਰਕ ਨੂੰ ਅਗਾਂਹ ਵਧਾਉਂਦਿਆਂ ਦੇਖਿਆ ਜਾ ਸਕਦਾ ਹੈ ਕਿ ਬਹੁਤ ਸਾਰੇ ਵਿਕਸਤ ਦੇਸ਼ਾਂ ਨੇ ਸਮਾਂ ਪਾ ਕੇ ਆਪਣੇ ਸੰਵਿਧਾਨ ਅਤੇ ਪਾਰਲੀਮੈਂਟ ਦੀ ਲੋਅ ਵਿੱਚ ਮਜ਼ਬੂਤ ਸੰਸਥਾਵਾਂ ਵਿਕਸਤ ਕੀਤੀਆਂ ਹਨ। ਉਨ੍ਹਾਂ ਨੇ ਦੋ ਆਲਮੀ ਜੰਗਾਂ ਦੇ ਹਮਲੇ ਦਾ ਟਾਕਰਾ ਕੀਤਾ ਅਤੇ ਉਹ ਔਖੀਆਂ ਘੜੀਆਂ ਵਿੱਚ ਨਾ ਡੋਲੀਆਂ ਸਗੋਂ ਹੋਰ ਜ਼ਿਆਦਾ ਮਜ਼ਬੂਤ ਅਤੇ ਜੇਤੂ ਬਣ ਕੇ ਉੱਭਰੀਆਂ। ਦੂਜੇ ਪਾਸੇ ਘੱਟ ਵਿਕਸਤ ਅਤੇ ਕੁਝ ਸਮਾਂ ਪਹਿਲਾਂ ਆਜ਼ਾਦ ਹੋਏ ਦੇਸ਼ਾਂ ਨੇ ਆਪਣੀਆਂ ਸ਼ੁਭ ਇੱਛਾਵਾਂ ਅਤੇ ਸੰਸਥਾਵਾਂ ਨਾਲ ਸ਼ੁਰੂਆਤ ਕੀਤੀ ਸੀ ਪਰ ਛੇਤੀ ਹੀ ਸੱਤਾ ਅਤੇ ਧਨ ਦੀ ਹਵਸ ਭਾਰੂ ਹੋਣ ਲੱਗ ਪਈ; ਇਸ ਤੋਂ ਇਲਾਵਾ ਕੱਟੜਤਾ ਅਤੇ ਸੌਦੇਬਾਜ਼ੀ ਕਰ ਕੇ ਉਨ੍ਹਾਂ ਦੀਆਂ ਸੰਸਥਾਵਾਂ ਬਰਬਾਦ ਹੋ ਗਈਆਂ। ਲੋਕਤੰਤਰ ਦੀ ਥਾਂ ਨਿਰੰਕੁਸ਼ਤਾ ਅਤੇ ਇੱਕ ਪਾਰਟੀ ਜਾਂ ਜੁੰਡਲੀ ਜਾਂ ਇੱਕ ਸ਼ਖ਼ਸ ਦੀ ਤਾਨਾਸ਼ਾਹੀ ਕਾਇਮ ਹੋ ਗਈ। ਹਾਲਾਤ ਇਸ ਕਦਰ ਨਿੱਘਰ ਗਏ ਕਿ ਆਸ ਅਤੇ ਨਿਆਂ ਲਈ ਲੋਕਾਂ ਦੀ ਟੇਕ ਹਥਿਆਰਬੰਦ ਦਸਤਿਆਂ ’ਤੇ ਟਿਕ ਗਈ। ਕਾਨੂੰਨ ਦੇ ਰਾਜ ਅਤੇ ਗ਼ਰੀਬਾਂ ਤੇ ਮਹਿਰੂਮਾਂ ਦੇ ਵਿਕਾਸ ਤੇ ਲੋਕਰਾਜ ਵਿਰੋਧੀ ਅਤੇ ਸੱਤਾਧਾਰੀ ਪਾਰਟੀ, ਜੁੰਡਲੀ ਜਾਂ ਖ਼ਾਸ ਸ਼ਖ਼ਸਾ ਦੇ ਹਿੱਤਾਂ ਦੀ ਪੈਰਵੀ ਕਰਨ ਵਾਲੀਆਂ ਤਾਕਤਾਂ ਦੇ ਹਮਲੇ ਦੇ ਸਾਹਵੇਂ ਨਿਆਂਪਾਲਿਕਾ, ਚੁਣੀਆਂ ਹੋਈਆਂ ਸੰਸਥਾਵਾਂ, ਸਿਆਸੀ ਪਾਰਟੀਆਂ ਆਦਿ ਸਭ ਨੇ ਗੋਡੇ ਟੇਕ ਦਿੱਤੇ।ਹੁਣ ਉਸ ਮੁਲਕ ’ਤੇ ਆਉਂਦੇ ਹਾਂ ਜਿਸ ਦੇ ਪ੍ਰਸੰਗ ’ਚ ਉੱਪਰਲਾ ਹਿੱਸਾ ਲਿਖਿਆ ਗਿਆ ਹੈ, ਬੰਗਲਾਦੇਸ਼ ਜਾਂ ਪੂਰਬੀ ਪਾਕਿਸਤਾਨ (ਜਿਸ ਨਾਂ ਤੋਂ ਇਸ ਨੂੰ ਉਦੋਂ ਜਾਣਿਆ ਜਾਂਦਾ ਸੀ) ਕੋਲ ਖ਼ੁਦਮੁਖ਼ਤਾਰ ਮੁਲਕ ਬਣਨ ਦਾ ਸਾਰਾ ਸਾਜ਼ੋ-ਸਾਮਾਨ ਸੀ। ਰਾਜਨੀਤਕ, ਸੱਭਿਆਚਾਰਕ ਤੇ ਇਤਿਹਾਸਕ ਪੱਖ ਤੋਂ ਇਸ ਦਾ ਪਾਕਿਸਤਾਨ ਨਾਲ ਕੁਝ ਵੀ ਸਾਂਝਾ ਨਹੀਂ ਸੀ, ਧਰਮ ਤੋਂ ਸਿਵਾਇ (ਉਹ ਵੀ ਪੂਰੀ ਤਰ੍ਹਾਂ ਨਹੀਂ)। ਫਿਰ ਵੀ, ਇਹ ਲਗਾਤਾਰ ਪਾਕਿਸਤਾਨੀ ਫ਼ੌਜ ਦੇ ਪੈਰਾਂ ਹੇਠ ਕੁਚਲਿਆ ਜਾਂਦਾ ਰਿਹਾ ਜਿਸ ਨੇ ਅਤਿਵਾਦ ਤੇ ਕਤਲੇਆਮਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਫ਼ੌਜ ਹੀ ‘ਪਹਿਲਾ ਤੇ ਆਖ਼ਰੀ ਕਾਨੂੰਨੀ ਉਪਾਅ’ ਸੀ; ਬਾਕੀ ਸਾਰੀਆਂ ਸੰਸਥਾਵਾਂ ਪ੍ਰਭਾਵਹੀਨ ਹੋ ਗਈਆਂ ਸਨ। ਲੋਕ ਖੜ੍ਹੇ ਹੋਏ ਤੇ ਮੁਕਤੀ ਬਾਹਿਨੀ ਦੀ ਸਥਾਪਨਾ ਕੀਤੀ ਅਤੇ ਸ਼ੇਖ ਮੁਜੀਬੁਰ ਰਹਿਮਾਨ ਦੇ ਰੂਪ ਵਿੱਚ ਭਰੋਸੇਯੋਗ ਨੇਤਾ ਉੱਭਰਿਆ। ਇੰਦਰਾ ਗਾਂਧੀ ਦੀ ਦਲੇਰ ਤੇ ਦਾਨਿਸ਼ਮੰਦ ਲੀਡਰਸ਼ਿਪ ਦੀ ਹਮਾਇਤ ਨਾਲ ਬੰਗਲਾਦੇਸ਼ ਦਾ ਜਨਮ ਹੋਇਆ। ਸ਼ੁਰੂਆਤ ਵਿੱਚ ਹੀ ਤ੍ਰਾਸਦੀ ਵਾਪਰ ਗਈ ਜਦ ਸ਼ੇਖ ਤੇ ਉਸ ਦੇ ਜਿ ?ਆਦਾਤਰ ਪਰਿਵਾਰਕ ਮੈਂਬਰਾਂ ਦਾ 1975 ਵਿੱਚ ਕਤਲ ਕਰ ਦਿੱਤਾ ਗਿਆ। ਸੈਨਾ ਤੇ ਤਾਨਾਸ਼ਾਹ ਤਾਕਤਾਂ ਨੇ ਮੁੜ ਤੋਂ ਹੁਕਮ ਚਲਾਉਣਾ ਸ਼ੁਰੂ ਕਰ ਦਿੱਤਾ। ਬੰਗਲਾਦੇਸ਼ ਮੁੜ ਉੱਥੇ ਹੀ ਪਹੁੰਚ ਗਿਆ ਹਾਲਾਂਕਿ ਸ਼ੇਖ ਹਸੀਨਾ, ਆਪਣੇ ਲੋਕਾਂ ਦੇ ਸਮਰਥਨ ਨਾਲ ਬੰਗਲਾਦੇਸ਼ ਦੀ ਹਰਮਨਪਿਆਰੀ ਨੇਤਾ ਬਣ ਗਈ। ਚੋਣਾਂ ਹੋਈਆਂ, ਸੰਸਦ ਹੋਂਦ ਵਿੱਚ ਆਈ, ਚੁਣੀ ਹੋਈ ਸਰਕਾਰ ਬਣੀ ਤੇ ਇਸ ਦੇ ਨਾਲ ਅਤੇ ਲੋਕਤੰਤਰੀ ਸੰਸਥਾਵਾਂ ਦੀ ਸਥਾਪਨਾ ਦੇ ਨਾਲ, ਉੱਦਮੀ ਤੇ ਅਭਿਲਾਸ਼ੀ ਜਿੰਨ ਚਿਰਾਗ ’ਚੋਂ ਬਾਹਰ ਨਿਕਲਿਆ। ਬੰਗਲਾਦੇਸ਼ ਵਿੱਤੀ ਪੱਖ ਤੋਂ ਤਰੱਕੀ ਕਰਨ ਲੱਗਾ ਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ ਲੱਗਾ। ਮੁਲਕ ਵਿਕਾਸ ਦੇ ਬਹੁਤੇ ਮਾਨਵੀ ਤੇ ਵਿੱਤੀ ਮਾਪਦੰਡਾਂ ਵਿੱਚ ਬਿਹਤਰੀ ਦਰਜ ਕਰਨ ਲੱਗਾ। ਇਸੇ ਸਮੇਂ ਅਸਥਿਰਤਾ ਪੈਦਾ ਕਰਨ ਵਾਲੀਆਂ ਬਾਹਰੀ ਤੇ ਅੰਦਰੂਨੀ ਤਾਕਤਾਂ ਪਾਕਿਸਤਾਨੀ ਖ਼ੁਫੀਆ ਏਜੰਸੀਆਂ ਅਤੇ ਕੱਟੜਵਾਦੀ ਇਸਲਾਮਿਕ ਸੰਗਠਨਾਂ ਦੀ ਸੇਧ ’ਚ ਆਪਣੇ ਕੰਮ ’ਤੇ ਲੱਗੀਆਂ ਹੋਈਆਂ ਸਨ। ਇਨ੍ਹਾਂ ਤਾਕਤਾਂ ਦੀ ਚੜ੍ਹਾਈ ਦਾ ਟਾਕਰਾ ਕਰਨ ਲਈ ਸੱਤਾਧਾਰੀ ਪਾਰਟੀ ਦੇ ਕਾਡਰ ਤੇ ਪ੍ਰਸ਼ਾਸਨ ਨੇ ਵੀ ਗ਼ੈਰ-ਕਾਨੂੰਨੀ ਤੌਰ-ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਰਾਜਨੀਤਕ ਅਸਹਿਣਸ਼ੀਲਤਾ, ਭ੍ਰਿਸ਼ਟਾਚਾਰ, ਵਿਰੋਧੀਆਂ ਖਿ ?ਲਾਫ਼ ਹਿੰਸਾ ਦਾ ਰੋਗ ਫੈਲਣਾ ਸ਼ੁਰੂ ਹੋ ਗਿਆ। ਵੱਧ ਤੋਂ ਵੱਧ ਵਿਰੋਧੀ ਨੇਤਾਵਾਂ ਤੇ ਕਾਰਕੁਨਾਂ ਨੂੰ ਜੇਲ੍ਹਾਂ ’ਚ ਸੁੱਟਿਆ ਗਿਆ। ਸੱਤਾਧਾਰੀ ਪਾਰਟੀ ’ਤੇ ਚੋਣਾਂ ਵਿੱਚ ਹੇਰ-ਫੇਰ ਦੇ ਦੋਸ਼ ਲੱਗੇ ਅਤੇ ਵਿਰੋਧੀ ਪਾਰਟੀਆਂ ਨੂੰ ਆਜ਼ਾਦੀ ਨਾਲ ਕੰਮ ਕਰਨ ਤੋਂ ਰੋਕਿਆ ਗਿਆ। ਜਮਹੂਰੀ ਸੰਸਥਾਵਾਂ ਨੂੰ ਸ਼ਕਤੀਹੀਣ ਕਰ ਦਿੱਤਾ ਗਿਆ ਤੇ ਉਹ ਆਪਣੇ ਫ਼ਰਜ਼ ਅਦਾ ਕਰਨ ਦੇ ਯੋਗ ਨਹੀਂ ਰਹੀਆਂ। ਸੜਕਾਂ ’ਤੇ ਸੱਤਾਧਾਰੀ ਪਾਰਟੀ ਦੇ ਕਾਡਰ ਦਾ ਦਬਦਬਾ ਹੋ ਗਿਆ ਸੀ।

ਜਦ ਸੰਕਟ ਆਇਆ, ਉਦੋਂ ਬੰਗਲਾਦੇਸ਼ ਖ਼ੁਦਮੁਖ਼ਤਾਰ ਤੇ ਮਜ਼ਬੂਤ ਸੰਸਥਾਵਾਂ ਤੋਂ ਮਹਿਰੂਮ ਤਾਨਾਸ਼ਾਹੀ ਬਣ ਚੁੱਕਾ ਸੀ। ਵਿਦਿਆਰਥੀ ਸੰਘਰਸ਼ ਵਜੋਂ ਸ਼ੁਰੂ ਹੋਈ ਹਲਚਲ ਨਾਲ ਰਾਜਨੀਤਕ ਤੇ ਪ੍ਰਸ਼ਾਸਕੀ ਪੱਖ ਤੋਂ ਸਹੀ ਢੰਗ ਨਾਲ ਨਹੀਂ ਨਜਿੱਠਿਆ ਗਿਆ। ਅਖ਼ੀਰ ਵਿੱਚ ਸ਼ੇਖ਼ ਹਸੀਨਾ ਨੇ ਪੁਲੀਸ ਤੇ ਸੈਨਾ ਨੂੰ ਆਪਣੇ ਹੀ ਨਾਗਰਿਕਾਂ ’ਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ; ਸੈਂਕੜੇ ਲੋਕ ਮਾਰੇ ਗਏ ਤੇ ਖ਼ੂਨ ਦੇ ਦਾਗ਼ ਉਸ ਦੇ ਹੱਥਾਂ ’ਤੇ ਹਮੇਸ਼ਾ ਰਹਿਣਗੇ। ਉਸ ਨੂੰ ਉਹੀ ਦੇਸ਼ ਛੱਡ ਕੇ ਭੱਜਣਾ ਪਿਆ ਜਿਹੜਾ ਉਸ ਦੇ ਪਿਤਾ ਨੂੰ ਆਜ਼ਾਦ ਬੰਗਲਾਦੇਸ਼ ’ਚ ਵਾਪਸ ਲਿਆਇਆ ਸੀ ਤੇ ਹੁਣ ਉਹ ਦਿੱਲੀ ਦੇ ਕਿਸੇ ਗੁਮਨਾਮ ਕੋਨੇ ’ਚ ਇਕੱਲੀ ਬੈਠੀ ਕਿਤੇ ਸ਼ਰਨ ਮਿਲਣ ਦੀ ਉਡੀਕ ਕਰ ਰਹੀ ਹੈ। ਸ਼ੁਰੂਆਤੀ ਕਥਨ ’ਤੇ ਮੁੜ ਆਉਂਦੇ ਹਾਂ, ਅਸੀਂ ਆਪਣੇ ਦੇਸ਼ ਦੀ ਰੀੜ੍ਹ ਦੀ ਹੱਡੀ ਵਜੋਂ ਲੋਕਤੰਤਰ ਵਿਚ ਯਕੀਨ ਰੱਖਦੇ ਹਾਂ। ਅਸੀਂ ਮੰਨਦੇ ਹਾਂ ਕਿ ਮਜ਼ਬੂਤ, ਭਰੋਸੇਯੋਗ ਸੰਸਥਾਵਾਂ ਵਿਸ਼ੇਸ਼ਤਾ ਹਨ, ਨਾ ਕਿ ਕੋਈ ਅੜਿ ?ਕਾ ਤੇ ਇਹ ਕਿ ਸਾਡੀ ਸਨਅਤ –ਤੇ ਹਰੇਕ ਹੋਰ ਸਨਅਤ– ਇਨ੍ਹਾਂ ਬਿਨਾਂ ਢਹਿ-ਢੇਰੀ ਹੋ ਜਾਣਗੀਆਂ। ਇਹ ਵੀ ਕਿਹਾ ਜਾ ਸਕਦਾ ਕਿ ਸਿਰਫ਼ ਉਦਯੋਗ ਹੀ ਨਹੀਂ ਬਲਕਿ ਪੂਰਾ ਦੇਸ਼ ਢਹਿ-ਢੇਰੀ ਹੋ ਜਾਵੇਗਾ।

# ਜਿੱਥੇ ਹਰਿਆਲੀ ਤੇ ਖੁਸ਼ਹਾਲੀ ਹੈ ਉਥੇ ਹੀ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ : ਕੁਲਤਾਰ ਸਿੰਘ ਸੰਧਵਾਂ

ਬਠਿੰਡਾ 16 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਅਕਾਲ ਪੁਰਖ ਕੁਦਰਤ ਦੀ ਗੋਦ ’ਚ ਵਸਿਆ ਹੋਇਆ ਹੈ। ਜਿੱਥੇ ਹਰਿਆਲੀ ਹੈ ਉਥੇ ਹੀ ਖੁਸ਼ਹਾਲੀ ਹੁੰਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਸਪੀਕਰ ਪੰਜਾਬ ਵਿਧਾਨ ਸਭਾ ਸ ਕੁਲਤਾਰ ਸਿੰਘ ਸੰਧਵਾਂ ਨੇ ਇੱਥੇ ਪਛਾੜੀ ਸਾਹਿਬ ਗੁਰੂ ਕੇ ਬਾਗ ਦੀ ਆਰੰਭਤਾ ਦੇ ਸ਼ੁਭ ਮੌਕੇ ਗੁਰੂਦੁਆਰਾ ਜੰਡ ਸਾਹਿਬ ਪਾਤਸ਼ਾਹਿ 7ਵੀਂ ਵਿਖੇ ਨਤਮਸਤਕ ਹੋਣ ਉਪਰੰਤ ਸਿੱਖ ਸੰਗਤਾਂ ਨਾਲ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ, ਖਾਲਸਾ ਏਡ ਵਲੋਂ ਭਾਈ ਗੁਰਪ੍ਰੀਤ ਸਿੰਘ, ਚੇਅਰਮੈਨ ਸ਼ੂਗਰਫੈਡ ਪੰਜਾਬ ਸ. ਨਵਦੀਪ ਜੀਦਾ, ਗੁਰੂਦੁਆਰਾ ਜੰਡ ਸਾਹਿਬ ਹਰਰਾਏਪੁਰ ਦੇ ਪ੍ਰਧਾਨ ਸ ਮਨਜੀਤ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਸ ਕੁਲਤਾਰ ਸਿੰਘ ਸੰਧਵਾਂ ਨੇ ਸੰਗਤਾਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਗੁਰੂਆਂ ਦੀ ਧਾਰਨਾਵਾਂ ਅਨੁਸਾਰ ਹੀ ਚੱਲਣਾ ਚਾਹੀਦਾ ਹੈ, ਜਿਸ ਨਾਲ ਜਿੰਦਗੀ ਹਮੇਸ਼ਾ ਹੀ ਚੜਦੀਕਲਾ ਵਾਲੀ ਰਹਿੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿੱਥੇ ਹਰਿਆਲੀ ਤੇ ਖੁਸ਼ਹਾਲੀ ਹੈ ਉਥੇ ਹੀ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਰਿਵਾਇਤੀ ਦਰਖਤ ਲਗਾਉਣ ਦੇ ਨਾਲ-ਨਾਲ ਆਯੁਰਵੈਦਿਕ ਮੈਡੀਸਨ ਪਲਾਂਟ ਲਗਾਉਣ ਦੀ ਵੀ ਅਪੀਲ ਕੀਤੀ।

ਇਸ ਦੌਰਾਨ ਸ ਕੁਲਤਾਰ ਸਿੰਘ ਸੰਧਵਾਂ ਨੇ ਸ਼੍ਰੀ ਗੁਰੂ ਹਰਰਾਏ ਜੀ ਦੇ ਜੀਵਨ ਬਾਰੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਦਿਆਂ ਸਿੱਖ ਇਤਿਹਾਸ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਜਿਥੇ ਸਕੂਲੀ ਬੱਚਿਆਂ ਨੂੰ 1-1 ਬੂਟਾ ਲਗਾਉਣ ਤੇ ਉਸ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਉਥੇ ਹੀ ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਉਹ ਆਪਣੇ ਮਾਪਿਆਂ ਨੂੰ ਰੁੱਖ ਨਾ ਕੱਟਣ ਲਈ ਜਾਗਰੂਕ ਵੀ ਕਰਨ। ਇਸ ਮੌਕੇ ਉਨ੍ਹਾਂ ਸਕੂਲੀ ਬੱਚਿਆਂ ਕੋਲੋਂ ਗੁਰੂਆਂ ਤੇ ਵਾਤਾਵਰਣ ਸਬੰਧੀ ਸਵਾਲ ਵੀ ਪੁੱਛੇ ਤੇ ਜਵਾਬ ਦੇਣ ਵਾਲੇ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਹੌਸਲਾ-ਅਫਜਾਈ ਵੀ ਕੀਤੀ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ ਜਸਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਫਸਲੀ ਵਿਭਿੰਨਤਾ ਦੀ ਖੇਤੀ ਕਰਨੀ ਲਾਜ਼ਮੀ ਬਣਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਦਿਨ ਪ੍ਰਤੀ ਦਿਨ ਪਾਣੀ ਦੇ ਘੱਟ ਰਹੇ ਪੱਧਰ ਨੂੰ ਬਚਾਉਣ ਲਈ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਬੀਜਣ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸੀਜ਼ਨ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ 15 ਲੱਖ ਬੂਟੇ ਲਗਾਉਣ ਦਾ ਮਿੱਥਿਆ ਟੀਚਾ ਹੈ, ਜਿਸ ਨੂੰ ਜਲਦ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਬਚਾਉਣ ਲਈ ਹਰੇਕ ਮਨੁੱਖ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਤੇ ਲਗਾਉਣ ਉਪਰੰਤ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਜੋ ਮਨੁੱਖੀ ਜੀਵਨ ਬਚਾਇਆ ਜਾ ਸਕੇ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਟਿਊਬਵੈਲਾਂ ਅਤੇ ਮੋਟਰਾਂ ਤੇ ਘੱਟੋ-ਘੱਟ 4-5 ਪੌਦੇ ਜ਼ਰੂਰ ਲਗਾਉਣ ਤੇ ਗੁਰੂਆਂ ਦੇ ਉਪਦੇਸ਼ ਤੇ ਚੱਲਣ।

ਇਸ ਮੌਕੇ ਖਾਲਸਾ ਏਡ ਵਲੋਂ ਭਾਈ ਗੁਰਪ੍ਰੀਤ ਸਿੰਘ ਨੇ ਖਾਲਸਾ ਏਡ ਸੰਸਥਾ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਿਛਲੇ 25 ਸਾਲਾਂ ਤੋਂ ਸੰਸਥਾ ਕੁਦਰਤੀ ਆਫਤਾਂ ਤੋਂ ਇਲਾਵਾ ਮਨੁੱਖਤਾ ਦੀ ਭਲਾਈ ਲਈ ਉਪਰਾਲੇ ਕਰ ਰਹੀਂ ਹੈ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ।

ਇਸ ਤੋਂ ਪਹਿਲਾ ਡਾ. ਸੰਜੀਵ ਤਿਵਾੜੀ (ਆਈਏਐਸ) ਨੇ ਵਾਤਾਰਣ, ਧਰਤੀ ਦੀ ਸੰਭਾਲ, ਰੁੱਖਾਂ ਦੀ ਮਹੱਤਤਾ ਅਤੇ ਲਗਾਏ ਜਾਣ ਵਾਲੇ ਬੂਟਿਆਂ ਦੀ ਸਾਂਭ-ਸੰਭਾਲ ਲਈ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਗਿਆਨੀ ਕੇਵਲ ਸਿੰਘ ਅਤੇ ਵਾਤਾਵਰਣ ਪ੍ਰੇਮੀ ਡਾ. ਬਲਵਿੰਦਰ ਸਿੰਘ ਲੱਖੇਵਾਲੀ ਨੇ ਵਾਤਾਰਣ ਦੀ ਸ਼ੁੱਧਤਾ ਨੂੰ ਬਰਕਰਾਰ, ਦਰੱਖਤਾਂ ਦੀ ਮਹੱਤਤਾ ਤੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ।

ਇਸ ਦੌਰਾਨ ਭਾਈ ਅਮਨਦੀਪ ਸਿੰਘ ਵਲੋਂ ਆਪਣੀ ਕਥਾ ਰਾਹੀਂ ਗੁਰ ਇਤਿਹਾਸ ਦੇ ਨਾਲ-ਨਾਲ ਮਨੁੱਖਤਾ ਦੀ ਭਲਾਈ ਲਈ ਆਪਣੀਆਂ ਆਦਤਾਂ ’ਚ ਸੁਧਾਰ ਕਰਨ ਤੇ ਆਉਣ ਵਾਲੀ ਪੀੜੀ ਦਾ ਭਵਿੱਖ ਸੁਰੱਖਿਅਤ ਰੱਖਣ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ।

ਅਖੀਰ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ ਕੁਲਤਾਰ ਸਿੰਘ ਸੰਧਵਾਂ ਅਤੇ ਡਿਪਟੀ ਕਮਿਸ਼ਨਰ ਸ ਜਸਪ੍ਰੀਤ ਸਿੰਘ ਤੇ ਹੋਰ ਮੌਜੂਦ ਸਖਸ਼ੀਅਤਾਂ ਵਲੋਂ ਪਛਾੜੀ ਸਾਹਿਬ ਗੁਰੂ ਕੇ ਬਾਗ ਦੀ ਆਰੰਭਤਾ ਦੇ ਸ਼ੁਭ ਮੌਕੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਦੇ ਮੱਦੇਨਜ਼ਰ ਵੱਖ-ਵੱਖ ਤਰ੍ਹਾਂ ਦੇ ਛਾਂਦਾਰ ਤੇ ਫਲਦਾਰ ਬੂਟੇ ਵੀ ਲਗਾਏ। ਇਸ ਮੌਕੇ ਪਹੁੰਚੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਪੀਕਰ ਵਿਧਾਨ ਸਭਾ ਦੇ ਓਐਸਡੀ ਮਨਿੰਦਰ ਸਿੰਘ, ਸਪੀਕਰ ਵਿਧਾਨ ਸਭਾ ਦੇ ਪੀਆਰਓ ਮਨਪ੍ਰੀਤ ਸਿੰਘ ਧਾਲੀਵਾਲ, ਐਡਵੋਕੇਟ ਜਸਵਿੰਦਰ ਸਿੰਘ ਅੰਮ੍ਰਿਤਸਰ, ਡਾ. ਅਮਰਬੀਰ ਸਿੰਘ, ਗੁਰਿੰਦਰ ਸਿੰਘ ਮਹਿੰਦੀਰੱਤਾ, ਜ਼ਿਲ੍ਹਾ ਬਾਰ ਐਸੋਸ਼ੀਏਸ਼ਨ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਢਿੱਲੋਂ, ਪਿੰਡ ਦੇ ਸਰਪੰਚ ਜਗਮੀਤ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਨੇ ਵੱਖ ਵੱਖ ਵਿਭਾਗਾਂ ਨਾਲ ਵਿਕਾਸ ਕਾਰਜਾਂ ਨੂੰ ਲੈ ਕੇ ਕੀਤੀ ਰੀਵਿਓ ਮੀਟਿੰਗ

## ➢ ਜਨ ਭਲਾਈ ਕਾਰਜਾਂ ਅਤੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਉਂਣ ਦੀਆਂ ਦਿੱਤੀਆਂ ਹਦਾਇਤਾਂ ➢ ਜਿਲ੍ਹਾ ਪਠਾਨਕੋਟ ਅੰਦਰ ਵਿਕਾਸ ਲਿਆਉਂਣ ਲਈ ਜਿਨ੍ਹਾਂ ਪ੍ਰੋਜੈਕਟਾਂ ਦੀ ਲੋੜ ਉਨ੍ਹਾਂ ਦੀ ਰਿਪੋਰਟ ਬਣਾ ਕੇ ਉਨ੍ਹਾ ਦੇ ਧਿਆਨ ਚੋਂ ਲਿਆਂਦੀ ਜਾਵੈ : ਸ. ਕੁਲਦੀਪ ਸਿੰਘ ਧਾਲੀਵਾਲ

ਪਠਾਨਕੋਟ, 16 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਜਿਲ੍ਹਾ ਪਠਾਨਕੋਟ ਵਿਖੇ ਵੱਖ ਵੱਖ ਵਿਭਾਗਾਂ ਅੰਦਰ ਚਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਸੇਸ ਤੋਰ ਤੇ ਰੀਵਿਓ ਮੀਟਿੰਗ ਕੀਤੀ ਗਈ ਹੈ, ਸਾਰੇ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਕੀਤੇ ਗਏ ਕਾਰਜ ਪ੍ਰਸੰਸਾ ਯੋਗ ਹਨ ਕੁਝ ਵਿਭਾਗਾਂ ਦੇ ਵਿਕਾਸ ਕਾਰਜ ਪਾਈਪਲਾਈਨ ਚੋਂ ਚਲ ਰਹੇ ਹਨ ਉਨ੍ਹਾਂ ਕਾਰਜਾਂ ਨੂੰ ਆਉਂਣ ਵਾਲੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਵੇਗਾ, ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਂਣ ਦਾ ਜੋ ਫੈਂਸਲਾ ਹੈ ਉਸ ਦੇ ਅਧੀਨ ਹਰੇਕ ਵਿਭਾਗ ਨੂੰ ਵਿਕਾਸ ਦੇ ਪੱਧਰ ਤੇ ਲੈ ਕੇ ਆਵਾਂਗੇ। ਇਹ ਪ੍ਰਗਟਾਵਾ ਸ. ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪ੍ਰਸਾਸਕੀ ਸੁਧਾਰ ਅਤੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਜੀ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਵੱਖ ਵੱਖ ਵਿਭਾਗਾਂ ਵੱਲੋਂ ਚਲਾਏ ਜਾ ਰਹੇ ਵਿਕਾਸ ਕਾਰਜਾਂ ਦਾ ਰੀਵਿਓ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ, ਸ੍ਰੀ ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਸ੍ਰੀ ਗੋਤਮ ਮਾਨ ਸਟੇਟ ਜੁਆਇੰਟ ਸਕੱਤਰ ਆਮ ਆਦਮੀ ਪਾਰਟੀ ਪੰਜਾਬ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰਕਲ੍ਹਾ, ਅਭਿਸੇਕ ਸਰਮਾ ਸਹਾਇਕ ਕਮਿਸਨਰ ਜਰਨਲ, ਡਾ. ਕੇ.ਡੀ. ਸਿੰਘ, ਸੁਰਿੰਦਰ ਰਾਹੀ ਪ੍ਰੈਸ ਸਕੱਤਰ ਆਮ ਆਦਮੀ ਪਾਰਟੀ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਪਾਰਟੀ ਆਹੁਦੇਦਾਰ ਵੀ ਹਾਜਰ ਸਨ।

ਮੀਟਿੰਗ ਦੋਰਾਨ ਜਾਣਕਾਰੀ ਦਿੰਦਿਆਂ ਸ. ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪ੍ਰਸਾਸਕੀ ਸੁਧਾਰ ਅਤੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਜੀ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਪਠਾਨਕੋਟ ਦੀ ਧਰਤੀ ਲੀਚੀ ਅਤੇ ਮੱਕੀ ਦੀ ਕਾਸਤ ਦੇ ਲਈ ਬਹੁਤ ਹੀ ਵਧੀਆ ਹੈ ਅਤੇ ਕਿਸਾਨਾਂ ਨੂੰ ਜਾਗਰੂਕ ਕਰਕੇ ਮੱਕੀ ਦੀ ਵਧੇਰੇ ਪੈਦਾਵਾਰ ਵੀ ਕੀਤੀ ਜਾ ਸਕਦੀ ਹੈ ਪਰ ਮੱਕੀ ਦੀ ਮੰਡੀ ਨਾ ਹੋਣ ਕਰਕੇ ਕਿਸਾਨਾਂ ਨੂੰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਕਿ ਕਿਸਾਨਾਂ ਨੂੰ ਮੱਕੀ ਦਾ ਸਹੀ ਰੇਟ ਨਹੀਂ ਮਿਲ ਪਾਉਂਦਾ। ਉਨ੍ਹਾਂ ਕਿਹਾ ਕਿ ਅਗਰ ਲੀਚੀ ਦੀ ਗੱਲ ਕਰੀਏ ਤਾਂ ਪਠਾਨਕੋਟ ਦੀ ਲੀਚੀ ਇਸ ਵਾਰ ਵਿਦੇਸ ਤੱਕ ਪਹੁੰਚ ਗਈ ਹੈ ਪਹਿਲੀ ਵਾਰ 12 ਮੀਟਰਿਕ ਟਨ ਲੀਚੀ ਵਿਦੇਸ ਦੀ ਧਰਤੀ ਤੱਕ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਪਠਾਨਕੋਟ ਦੀ ਮੁੱਖ ਮੰਡੀ ਅੰਦਰ ਇੱਕ ਸੈਡ ਲੀਚੀ ਲਈ ਅਤੇ ਇੱਕ ਸੈਡ ਮੱਕੀ ਦੇ ਲਈ ਤਿਆਰ ਕੀਤੀ ਜਾਣਗੀਆਂ ਤਾਂ ਜੋ ਮੱਕੀ ਨੂੰ ਮੰਡੀ ਮਿਲ ਸਕੇ ਅਤੇਕਿਸਾਨਾਂ ਨੂੰ ਮੱਕੀ ਤੋਂ ਮੁਨਾਫਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਪੰਜਾਬ ਦੇ ਹਰੇਕ ਖੇਤਰ ਅੰਦਰ ਵਿਕਾਸ ਚਾਹੁੰਦੇ ਹਨ। ਉਸ ਵਿਕਾਸ ਲਈ ਸਰਕਾਰ ਹਰੇਕ ਤਰ੍ਹਾਂ ਦੇ ਸਾਧਨ ਮੁਹੇਈਆਂ ਕਰਵਾਉਂਣ ਨੂੰ ਤਿਆਰ ਹੈ।

ਉਨ੍ਹਾਂ ਕਿਹਾ ਕਿ ਮੀਟਿੰਗ ਦੋਰਾਨ ਵਿਭਾਗੀ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਹੈ ਕਿ ਜਨ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਹੋਰ ਵੀ ਕੰਮ ਕੀਤੇ ਜਾ ਸਕਦੇ ਹਨ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਕਿਹਾ ਕਿ ਜਨਹਿੱਤ ਦੇ ਲਈ ਜਿਲ੍ਹਾ ਪਠਾਨਕੋਟ ਅੰਦਰ ਜੋ ਵੀ ਬਿਹਤਰ ਕਾਰਜ ਕੀਤੇ ਜਾ ਸਕਦੇ ਹਨ ਉਨ੍ਹਾਂ ਦੀ ਡਿਮਾਂਡ ਬਣਾ ਕੇ ਡਿਪਟੀ ਕਮਿਸਨਰ ਪਠਾਨਕੋਟ ਦੇ ਸਹਿਯੋਗ ਨਾਲ ਉਨ੍ਹਾਂ ਤੱਕ ਪਹੁੰਚਾਈ ਜਾਵੈ ਤਾਂ ਜੋ ਉਹ ਉਨ੍ਹਾਂ ਜਨਹਿੱਤ ਕਾਰਜਾਂ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਧਿਆਨ ਵਿੱਚ ਲਿਆ ਕੇ ਜਿਲ੍ਹੇ ਅੰਦਰ ਉਹ ਵਿਕਾਸ ਕਾਰਜ ਕਰਵਾਏ ਜਾ ਸਕਣ।

ਉਨ੍ਹਾਂ ਖੇਤੀ ਬਾੜੀ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਪੱਧਰ ਤੇ ਵੱਧ ਤੋਂ ਵੱਧ ਕੈਂਪ ਲਗਾ ਕੇ ਕਿਸਾਨਾਂ ਨਾਲ ਰਾਫਤਾ ਕਾਇਮ ਕੀਤਾ ਜਾਵੈ ਅਤੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੈ ਕਿ ਝੋਨੇ ਦੀ ਫਸਲ ਘਾਤਕ ਕੀਟਨਾਸਕ ਦਵਾਈਆਂ ਤੋਂ ਦੂਰ ਰੱਖਿਆ ਜਾਵੈ ਅਤੇ ਫਸਲ ਤੇ ਉਨ੍ਹਾਂ ਦਵਾਈਆਂ ਦਾ ਹੀ ਛਿੜਕਾਅ ਕੀਤਾ ਜਾਵੈ ਜੋ ਖੇਤੀ ਬਾੜੀ ਵਿਭਾਗ ਵੱਲੋਂ ਸਿਫਾਰਿਸ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਸੇ ਹੀ ਤਰ੍ਹਾਂ ਲੀਚੀ ਦੀ ਫਸਲ ਤੇ ਵੀ ਉਨ੍ਹਾਂ ਦਵਾਈਆਂ ਦਾ ਹੀ ਛਿੜਕਾਅ ਕੀਤਾ ਜਾਵੈ ਜਿਨ੍ਹਾਂ ਨੂੰ ਵਿਦੇਸਾਂ ਵੱਲੋਂ ਸਿਫਾਰਸ ਕੀਤਾ ਜਾਂਦਾ ਹੈ ਅਤੇ ਫਸਲਾਂ ਤੇ ਜਿਆਦਾ ਕੀਟਨਾਸਕਾਂ ਦਾ ਪ੍ਰਯੋਗ ਨਾ ਕੀਤਾ ਜਾਵੈ।

ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਲਗਭਗ ਸਾਰੇ ਸਕੂਲਾਂ ਦੀ ਚਾਰਦੀਵਾਰੀ ਬਣਾਈ ਗਈ ਹੈ ਬਿਲਡਿੰਗਾਂ ਦੀ ਰਿਪੇਅਰ ਕੀਤੀ ਗਈ ਹੈ ਫਰਨੀਚਰ ਅਤੇ ਪਖਾਨੇ ਵਧੀਆਂ ਬਣਾਏ ਗਏ ਹਨ। ਉਨ੍ਹਾ ਜਿਲ੍ਹਾ ਸਿੱਖਿਆ ਅਧਿਕਾਰੀ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਲ੍ਹੇ ਅੰਦਰ ਅਗਰ ਕਿਸੇ ਸਕੂਲ ਅੰਦਰ ਇਮਾਰਤ ਦੀ ਰਿਪੇਅਰ ਜਾਂ ਨਵੀਂ ਬਣਾਉਂਣੀ ਹੈ ਉਸ ਦਾ ਸਰਵੇ ਕਰਕੇ ਰਿਪੋਰਟ ਬਣਾ ਕੇ ਉਨ੍ਹਾਂ ਨੂੰ ਭੇਜੀ ਜਾਵੈ ਤਾਂ ਜੋ ਆਉਂਣ ਵਾਲੇ ਸਮੇਂ ਦੋਰਾਨ ਉਨ੍ਹਾਂ ਇਮਾਰਤਾਂ ਦਾ ਨਵਨਿਰਮਾਣ ਕੀਤਾ ਜਾਵੈ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਦੇ ਲਈ ਜਿਲ੍ਹੇ ਅੰਦਰ 25 ਆਮ ਆਦਮੀ ਕਲੀਨਿਕ ਚਲਾਏ ਜਾ ਰਹੇ ਹਨ ਅਤੇ ਪ੍ਰਤੀਦਿਨ ਭਾਰੀ ਸੰਖਿਆ ਵਿੱਚ ਲੋਕ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਿਲ੍ਹਾ ਪਠਾਨਕੋਟ ਅੰਦਰ ਨਰਸਿੰਗ ਸਟਾਫ ਦੀ ਕਮੀ ਹੈ ਅਤੇ ਉਨ੍ਹਾਂ ਵੱਲੋਂ ਸਿਹਤ ਮੰਤਰੀ ਪੰਜਾਬ ਨਾਲ ਵਿਸੇਸ ਚਰਚਾ ਕਰਕੇ ਜਿਲ੍ਹਾ ਪਠਾਨਕੋਟ ਅੰਦਰ ਨਰਸਿੰਗ ਸਟਾਫ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ।

ਉਨ੍ਹਾਂ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਹੋਵੇ ਅਤੇ ਲੋਕ ਜਨ ਭਲਾਈ ਸਕੀਮਾਂ ਤੋਂ ਲਾਭ ਪ੍ਰਾਪਤ ਕਰ ਸਕਣ।

# ਸੁਤੰਤਰਤਾ ਸੰਗਰਾਮੀ ਜਥੇਬੰਦੀ ਵੱਲੋਂ ਡੀਸੀ ਨਾਲ ਮੀਟਿੰਗ



ਪਟਿਆਲਾ, 16 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰ ਰਹੀ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀਆਂ ਐਸੋਸੀਏਸ਼ਨ ਪੰਜਾਬ ਦੀ ਅਹਿਮ ਮੀਟਿੰਗ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨਾਲ ਹੋਈ। ਮੀਟਿੰਗ ਦੀ ਅਗਵਾਈ ਕਰਦਿਆਂ ਸੂਬਾ ਜਰਨਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਅਤੇ ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ ਨੇ ਡੀਸੀ ਸਾਹਮਣੇ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਰੱਖਿਆ।

ਆਗੂਆਂ ਨੇ 15 ਅਗਸਤ ਦੇ ਸਮਾਗਮ ਵਿੱਚ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀ ਸ਼ਮੂਲੀਅਤ ਬਾਰੇ ਵੀ ਚਰਚਾ ਕੀਤੀ ਗਈ। ਡੀਸੀ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਨਾਲ ਸਬੰਧਤ ਕੇਸਾਂ ਨੂੰ ਜਲਦ ਹੱਲ ਕਰਵਾਇਆ ਜਾਵੇਗਾ। ਜਥੇਬੰਦੀ ਦੀ ਮੰਗ ’ਤੇ ਮੁੱਖ ਮਹਿਮਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪਟਿਆਲਾ ਪਹੁੰਚਣ ’ਤੇ ਪੰਜਾਬ ਸਰਕਾਰ ਨਾਲ ਸਬੰਧਿਤ ਸਨਮਾਨ ਸਹੂਲਤਾਂ ਸਬੰਧੀ ਜਥੇਬੰਦੀ ਦੇ ਆਗੂਆਂ ਕੋਲੋਂ ਮੰਗ ਪੱਤਰ ਪ੍ਰਸ਼ਾਸਨ ਵੱਲੋਂ ਦਿਵਾਇਆ ਜਾਵੇਗਾ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਅੱਜ ਲਗਾਇਆ ਜਾਵੇਗਾ ਰੋਜ਼ਗਾਰ ਕੈਂਪ

ਅੰਮ੍ਰਿਤਸਰ, 16 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਅਧੀਨ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀਮਤੀ ਨੀਲਮ ਮਹੇ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਦਫ਼ਤਰ ਵਿਖੇ ਹਰ ਬੁੱਧਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾਂਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਨਰੇਸ਼ ਕੁਮਾਰ ਜਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ 16 ਅਗਸਤ ਦਿਨ ਬੁੱਧਵਾਰ ਨੂੰ ਰੋਜ਼ਗਾਰ ਕੈਂਪ ਵਿੱਚ ਫਲਿਪਕਾਰਟ , ਐਕਸਪਰੈੱਸ ਬੀ, ਕਟਾਰੀਆ ਟੈਕ ਜ਼ੋਨ, ਅਤੇ ਏਅਰਟੈਲ ਵਰਗੀਆਂ ਨਾਮੀ ਕੰਪਨੀਆ ਵੱਲੋਂ ਭਾਗ ਲਿਆ ਜਾਣਾ ਹੈ।

ਇਸ ਰੋਜ਼ਗਾਰ ਕੈਂਪ ਵਿੱਚ ਕੰਪਨੀਆਂ ਵੱਲੋਂ ਸੇਲਜ਼ ਅਫਸਰ,ਸ ਰਵਿਸ ਇੰਜੀਨੀਅਰ ਅਤੇ ਡਿਲਿਵਰੀ ਐਗਜ਼ੀਕਿਊਟਿਵ, ਆਦਿ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਵਲੋਂ ਜ਼ਿਲ੍ਹਾ ਪ੍ਰੋਗਰਾਮ ਅ.ਫਸਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਸਮੇਤ ਸਮੂਹ ਬਲਾਕਾਂ ਦੇ ਸੀ ਡੀ ਪੀ ਓਜ਼ ਨਾਲ ਮੀਟਿੰਗ



**ਪਟਿਆਲਾ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਦਫ਼ਤਰ ਪਟਿਆਲਾ ਵਿਖੇ ਅੱਜ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਸਮੂਹ ਬਲਾਕਾਂ ਦੇ ਸੀ.ਡੀ.ਪੀ.ਓਜ਼, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆਂ ਅਫ਼ਸਰ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਚੱਲ ਰਹੀਆ ਸਕੀਮਾਂ ਨੂੰ ਲੋਕਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਜਸਵੀਰ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆਂ ਅਫ਼ਸਰ, ਪ੍ਰਦੀਪ ਸਿੰਘ ਗਿੱਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਜਿਲ੍ਹੇ ਦੇ ਸਮੂਹ ਸੀ.ਡੀ.ਪੀ.ਓਜ਼, ਜਸਵਿੰਦਰ ਕੌਰ ਸਹਾਇਕ ਖੋਜ਼ ਅਫ਼ਸਰ ਦਫ਼ਤ ?ਰ ਉਪ ਅਰਥ ਅਤੇ ਅੰਕੜਾ ਸਲਾਹਕਾਰ, ਬਿਕਰਮਜੀਤ ਸਿੰਘ ਇਨਵੈਸਟੀਗੇਟਰ ਹਾਜ਼ਰ ਰਹੇ।

ਇਸ ਦੌਰਾਨ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਪਟਿਆਲਾ ਜਿਲ੍ਹੇ ਵਿਚ ਚੱਲ ਰਹੀਆਂ ਸਕੀਮਾਂ ਬਾਰੇ ਵਿਭਾਗ ਦੇ ਅਧਿਕਾਰੀਆਂ ਨੇ ਜਾਣੂੰ ਕਰਵਾਇਆ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਅਧਿਕਾਰੀਆਂ ਨੇ ਚੇਅਰਮੈਨ ਨੂੰ ਦੱਸਿਆ ਕਿ ਜ਼ਿਲ੍ਹੇ ਵਿਚ ਕੁੱਲ 1829 ਆਂਗਣਵਾੜੀ ਸੈਂਟਰਾਂ ਵਿਚ ਔਰਤਾਂ ਅਤੇ ਬੱਚਿਆਂ ਦੀ ਪੋਸ਼ਣ ਸਥਿਤੀ ਵਿਚ ਸੁਧਾਰ ਕਰਨ ਲਈ ਵਿਭਾਗ ਆਂਗਣਵਾੜੀ ਸੇਵਾਵਾਂ ਦੇ ਤਹਿਤ ਪੂਰਕ ਪੋਸ਼ਣ ਪ੍ਰੋਗਰਾਮ ਲਾਗੂ ਕਰ ਰਿਹਾ ਹੈ। ਆਈ.ਸੀ.ਡੀ.ਐਸ ਯੋਜਨਾ ਦੇ ਤਹਿਤ (6 ਮਹੀਨੇ ਤੋਂ 6 ਸਾਲ ਦੇ ਬੱਚਿਆਂ), ਗਰਭਵਤੀ ਔਰਤਾਂ ਤੇ ਕਿਸ਼ੋਰ ਲੜਕੀਆਂ ਲਈ ਯੋਜਨਾ ਲਾਗੂ ਕੀਤੀ ਹੋਈ ਹੈ।ਦੁੱਧ ਪਿਲਾਉ ਮਾਵਾਂ ਅਤੇ ਸਕੂਲਾਂ ਤੋਂ ਬਾਹਰ ਕਿਸ਼ੋਰ ਲੜਕੀਆਂ (11 ਤੋਂ 14 ਸਾਲ) ਨੂੰ ਸੇਵਾਵਾਂ ਮੁਹੱਈਆ ਕਰਵਾਈ ਜਾ ਰਹੀ ਹੈ।ਵਿਤੀ ਸਾਲ 2024-25 ਪਹਿਲੀ ਤਿਮਾਹੀ ਦੌਰਾਨ ਜਿਲ੍ਹਾ ਮਾਰਕਫੈਡ ਪਟਿਆਲਾ ਨੂੰ ਮਿੱਠਾ ਦਲੀਆ, ਨਮਕੀਨ ਦਲੀਆ, ਖਿੱਚੜੀ, ਪੰਜੀਰੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਸਮੂਹ ਬਲਾਕਾਂ ਲਈ 50806438 ਲੱਖ ਰੁਪਏ ਦੀ ਖਰੀਦ ਕਰਕੇ 1829 ਆਂਗਣਵਾੜੀ ਸੈਂਟਰਾਂ ਨੂੰ ਮੁਹੱਈਆ ਕਰਵਾਇਆ ਗਿਆ।

ਇਸੇ ਤਰ੍ਹਾਂ ਬੇਟੀ ਬਚਾਓ ਬੇਟੀ ਪੜਾਓ ਸਕੀਮ ਤਹਿਤ ਬੁਨਿਆਦੀ ਪੱਧਰ ਉਤੇ ਸਿਖਲਾਈ, ਸੂਖਮਤਾ ਭਾਵ ਤੇ ਜਾਗਰੂਕਤਾ ਅਤੇ ਆਮ ਜਨਤਾ ਵਿਚ ਗਤੀਸ਼ੀਲਤਾ ਲਿਆ ਕੇ ਮਾਨਸਿਕਤਾ ਬਦਲਣ ਉਤੇ ਵਧੇਰੇ ਜੋਰ ਦਿਤਾ ਗਿਆ ਹੈ। ਸਖੀ ਵਨ ਸਟਾਪ ਸੈਂਟਰ ਪਟਿਆਲਾ ਮੌਜੂਦਾ ਸਮੇ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਚੱਲ ਰਿਹਾ ਹੈ, ਜਿਸ ਵਿਚ ਕਿਸੇ ਵੀ ਤਰ੍ਹਾਂ ਦੀ ਹਿੰਸਾ ਪੀੜ੍ਹਤ ਔਰਤ ਅਤੇ ਲੜਕੀਆਂ ਨੂੰ ਇੱਕੋ ਛੱਤ ਥੱਲੇ ਕਾਊਂਸਲਿੰਗ, ਮਨੋਵਿਗਿਆਨਕ ਕਾਉਂਸਲਿੰਗ, ਮੈਡੀਕਲ ਸਹਾਇਤਾ, ਪੁਲਿਸ ਸਹਾਇਤਾ, ਕਾਨੂੰਨੀ ਸਹਾਇਤਾ ਤੇ ਅਸਥਾਈ ਆਸਰਾ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਜ਼ਿਲ੍ਹਾ ਸਮਾਜਿਕ ਸੁਰੱਖਿਆਂ ਅਫ਼ਸਰ ਦੇ ਅਧਿਕਾਰੀਆਂ ਵੱਲੋਂ ਚੇਅਰਮੈਨ ਨੂੰ ਦੱਸਿਆ ਗਿਆ ਕਿ ਮਹੀਨਾ ਜੁਲਾਈ ਦੌਰਾਨ 2,32,142 ਲਾਭਪਾਤਰੀਆਂ ਨੂੰ 352713000 ਰੁਪਏ ਦੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਹੈ। ਚੇਅਰਮੈਨ ਜਸਵੀਰ ਸਿੰਘ, ਜੱਸੀ ਸੋਹੀਆਂ ਵਾਲਾ ਨੇ ਮਹਿਕਮੇ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਲੋਕ ਸੇਵਾ ਦੇ ਮਹਿਕਮੇ ਵਿੱਚ ਇਮਾਨਦਾਰੀ ਅਤੇ ਤਨਦੇਹੀ ਨਾਲ ਸੇਵਾ ਨਿਭਾਈ ਜਾਵੇ ਤੇ ਲਾਭਪਾਤਰੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਬੱਚਿਆਂ ਅਤੇ ਔਰਤਾਂ ਦਾ ਕੁਪੋਸ਼ਣ ਦੂਰ ਕਰ ਲਈ ਲਗਾਤਾਰ ਯਤਨ ਕੀਤੇ ਜਾਣ ਅਤੇ ਯੋਗ ਵਿਅਕਤੀਆਂ ਨੂੰ ਪੈਨਸ਼ਨ ਪਹਿਲ ਦੇ ਆਧਾਰ ਤੇ ਲੱਗਣੀ ਚਾਹੀਦੀ ਹੈ।

ਇਸ ਇਲਾਵਾ ਚੇਅਰਮੈਨ ਵੱਲੋਂ ਵਧੀਆ ਕੰਮ ਕਰਨ ਵਾਲੇ ਅਧਿਕਾਰੀਆਂ ਦੀ ਸ਼ਲਾਘਾ ਵੀ ਕੀਤੀ ਅਤੇ ਉਨਾਂ ਨੂੰ ਅੱਗੇ ਹੋਰ ਵਧੀਆ ਸੇਵਾਵਾਂ ਪ੍ਰਦਾਨ ਕਰਨ ਦੀ ਹੱਲਾਸ਼ੇਰੀ ਦਿੱਤੀ।

# ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਨੇ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ

## ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਡਾ. ਗੁਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਸਖਸ਼ੀਅਤਾਂ ਨੇ ਕੀਤੀ ਸ਼ਿਰਕਤ



**ਸੰਗਰੂਰ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਜ਼ਿਲਾ ਪ੍ਰਸ਼ਾਸ਼ਨ ਸੰਗਰੂਰ ਦੇ ਸਹਿਯੋਗ ਨਾਲ ਧੂਰੀ ਵਿਖੇ ਤੀਆਂ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਤਨੀ ਡਾ. ਗੁਰਪ੍ਰੀਤ ਕੌਰ, ਮਾਤਾ ਹਰਪਾਲ ਕੌਰ, ਭੈਣ ਮਨਪ੍ਰੀਤ ਕੌਰ, ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ ਅਤੇ ਇਸ ਪ੍ਰੋਗਰਾਮ ਨੂੰ ਪੰਜਾਬ ਦੇ ਰਵਾਇਤੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਉਪਰਾਲਾ ਕਰਾਰ ਦਿੱਤਾ।

ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਧੀਆਂ ਵੱਲੋਂ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਕੇ ਨਾ ਕੇਵਲ ਆਪਣੇ ਮਾਪਿਆਂ ਬਲਕਿ ਸੂਬੇ ਅਤੇ ਦੇਸ਼ ਦਾ ਨਾਮ ਵੀ ਰੌਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧੀਆਂ ਅੱਜ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਬੇਟੀਆਂ ਨੂੰ ਹਰ ਖੇਤਰ ਵਿੱਚ ਬਣਦਾ ਮਾਣ ਸਤਿਕਾਰ ਦੇਣ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਜਿੱਥੇ ਪੰਜਾਬ ਵਿੱਚ ਲੜਕੀਆਂ ਦੀ ਅਨੁਪਾਤ ਦਰ ਵਧਾਉਣ ਦੇ ਦਿਸ਼ਾ ਵਿੱਚ ਯਤਨ ਕਰ ਰਹੇ ਹਾਂ ਓਥੇ ਹੀ ਸਾਡੀਆਂ ਬੱਚੀਆਂ ਵੀ ਆਪਣੀ ਮਿਹਨਤ ਅਤੇ ਲਗਨ ਨਾਲ ਵੱਡੀਆਂ ਮੱਲਾਂ ਮਾਰ ਰਹੀਆਂ ਹਨ। ਉਹਨਾਂ ਕਿਹਾ ਕਿ ਮਾਪਿਆਂ ਅਤੇ ਸਮਾਜ ਨੂੰ ਵੀ ਬੇਟੀਆਂ ਨੂੰ ਬੇਟਿਆਂ ਦੇ ਬਰਾਬਰ ਅਧਿਕਾਰ ਦੇਣੇ ਚਾਹੀਦੇ ਹਨ ਅਤੇ ਇਸ ਸਬੰਧ ਵਿਚ ਕੋਈ ਭੇਦ ਭਾਵ ਨਹੀਂ ਕਰਨਾ ਚਾਹੀਦਾ।

ਸਮਾਗਮ ਦੌਰਾਨ ਸਾਰਾ ਮਾਹੌਲ ਪੰਜਾਬ ਦੇ ਰਵਾਇਤੀ ਰੰਗ ਵਿਚ ਰੰਗਿਆ ਹੋਇਆ ਸੀ। ਪੰਜਾਬ ਦੇ ਮਾਣਮੱਤੇ ਸਭਿਆਚਾਰ ਨੂੰ ਦਰਸਾਉਂਦੀਆਂ ਵਸਤਾਂ ਦੇ ਪ੍ਰਦਰਸ਼ਨ ਵਾਲੇ ਸੈਲਫੀ ਪੁਆਇੰਟ ਖਿੱਚ ਦਾ ਕੇਂਦਰ ਬਣੇ ਰਹੇ।

ਮੁੱਖ ਮਹਿਮਾਨ ਸਮੇਤ ਸਾਰੀਆਂ ਸਖਸ਼ੀਅਤਾਂ ਨੇ ਤੀਆਂ ਦੇ ਤਿਓਹਾਰ ਦੌਰਾਨ ਪ੍ਰਦਰਸ਼ਿਤ ਕੀਤੇ ਵਾਣ ਵਾਲੇ ਮੰਜੇ, ਹੱਥ ਨਾਲ ਬੁਣੀਆਂ ਪੱਖੀਆਂ, ਚਰਖੇ, ਫੁਲਕਾਰੀਆਂ, ਬਾਗ਼ , ਛੱਜ, ਚੁੱਲ੍ਹਾ, ਕੂੰਡਾ ਸੋਟਾ, ਸਜਾਵਟੀ ਭਾਂਡੇ, ਪੀੜ੍ਹੀਆਂ ਆਦਿ ਨੂੰ ਦੇਖਿਆ ਅਤੇ ਤਸਵੀਰਾਂ ਖਿਚਵਾ ਕੇ ਸਦੀਵੀ ਯਾਦ ਦਾ ਹਿੱਸਾ ਬਣਾਇਆ।

ਸਮਾਗਮ ਦੌਰਾਨ ਪੰਜਾਬ ਦੀ ਨਾਮਵਰ ਗਾਇਕਾ ਗੁਰਲੇਜ਼ ਅਖਤਰ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ। ਸਮਾਗਮ ਦੌਰਾਨ ਪ੍ਰਸ਼ਾਸ਼ਨਿਕ, ਪੁਲਿਸ, ਸਿਆਸੀ ਆਗੂਆਂ ਦੀਆਂ ਪਤਨੀਆਂ ਤੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ ਅਤੇ ਤੀਆਂ ਦੇ ਤਿਉਹਾਰ ਦਾ ਅਨੰਦ ਮਾਣਿਆ।

ਸਮਾਗਮ ਦੌਰਾਨ ਸਪੈਸ਼ਲ ਚੀਫ ਸੈਕਟਰੀ ਰਾਜੀ ਪੀ. ਸ਼੍ਰੀਵਾਸਤਵ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਸਪੈਸ਼ਲ ਸਕੱਤਰ ਕੇਸ਼ਵ ਹਿੰਗੋਨੀਆ, ਜੁਆਇੰਟ ਸਕੱਤਰ ਆਨੰਦ ਸਾਗਰ, ਐਸ.ਡੀ.ਐਮ ਧੂਰੀ ਅਮਿਤ ਗੁਪਤਾ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ ਸਮੇਤ ਹੋਰ ਸ਼ਖਸ਼ੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਸਕੂਲ ਦੀ ਉਸਾਰੀ ਲਈ ਰੱਖਿਆ ਨੀਂਹ ਪੱਥਰ ਡਿੱਗਿਆ



ਜੰਡ ਮੰਗੋਲੀ ਵਿੱਚ ਸਕੂਲ ਦੀ ਉਸਾਰੀ ਵਾਲਾ ਨੀਂਹ ਪੱਥਰ ਡਿੱਗਿਆ ਹੋਇਆ

**ਪਟਿਆਲਾ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਇਤਿਹਾਸਕ ਪਿੰਡ ਜੰਡ ਮੰਗੋਲੀ ਸਥਿਤ ਗੁਰਦੁਆਰਾ ਪਾਤਸ਼ਾਹੀ ਤੀਜੀ ਨਥਾਣਾ ਸਾਹਿਬ ’ਚ ਲਗਪਗ ਸਾਢੇ 13 ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਦੀ ਉਸਾਰੀ ਲਈ ਰੱਖਿਆ ਗਿਆ ਨੀਂਹ ਪੱਥਰ ਉਸਾਰੀ ਨੂੰ ਉਡੀਕਦਾ ਹੋਇਆ ਅੱਜ ਡਿੱਗ ਗਿਆ। 13 ਸਾਲ ਬੀਤ ਜਾਣ ’ਤੇ ਵੀ ਸਕੂਲ ਦੀ ਉਸਾਰੀ ਲਈ ਇਕ ਇੱਟ ਵੀ ਨਹੀਂ ਲੱਗੀ। ਹੈਰਾਨੀ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਕੀਤਾ ਇਹ ਕਾਰਜ ਅਜੇ ਤੱਕ ਲਾਰਾ ਹੀ ਨਜ਼ਰ ਆ ਰਿਹਾ ਹੈ। ਇੱਥੇ ਗੁਰਦੁਆਰਾ ਸਾਹਿਬ ਦੇ ਇਕ ਪ੍ਰਬੰਧਕ ਨੇ ਦੱਸਿਆ ਕਿ 13 ਜਨਵਰੀ 2011 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਕੂਲ ਦਾ ਨੀਂਹ ਪੱਥਰ ਰੱਖ ਕੇ ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਸਕੂਲ ਦੀ ਉਸਾਰੀ ਇਕ ਸਾਲ ਦੇ ਅੰਦਰ ਮੁਕੰਮਲ ਕਰਨ ਦਾ ਵਾਅਦਾ ਕੀਤਾ ਸੀ ਜੋ ਸਾਢੇ 13 ਸਾਲ ਬੀਤ ਜਾਣ ਮਗਰੋਂ ਵੀ ਪੂਰਾ ਨਹੀਂ ਹੋਇਆ, ਸਗੋਂ ਨੀਂਹ ਪੱਥਰ ਵੀ ਢਹਿ ਢੇਰੀ ਹੋ ਗਿਆ। ਸੂਤਰਾਂ ਅਨੁਸਾਰ ਪਿਛਲੇ ਸਮੇਂ ’ਚ ਕਈ ਵਾਰ ਸਕੂਲ ਦੀ ਉਸਾਰੀ ਕਰਾਉਣ ਲਈ ਕਈ ਮਤੇ ਸ਼੍ਰੋਮਣੀ ਕਮੇਟੀ ਨੂੰ ਭੇਜੇ ਜਾ ਚੁੱਕੇ ਹਨ ਪਰ ਹਾਲੇ ਤੱਕ ਨਾ ਕੋਈ ਗਰਾਂਟ ਆਈ ਤੇ ਨਾ ਹੀ ਸਕੂਲ ਬਣਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਉਸਾਰੀ ਸਬੰਧੀ ਮਤਾ ਪਾਇਆ ਹੋਇਆ ਹੈ, ਆਉਣ ਵਾਲੀ ਸ਼੍ਰੋਮਣੀ ਕਮੇਟੀ ਦੀ ਮੀਟਿੰਗ ’ਚ ਇਸ ਨੂੰ ਪਾਸ ਕਰਵਾ ਕੇ ਜਲਦ ਹੀ ਕੰਮ ਸ਼ੁਰੂ ਕਰਵਾਇਆ ਜਾਵੇਗਾ। ਪਾਏ ਗਏ ਮਤਾ ਨੰਬਰ 7 ਵਿਚ ਹੁਣ ਇਹ ਸਕੂਲ ਸ਼੍ਰੋਮਣੀ ਕਮੇਟੀ ਨਹੀਂ ਸਗੋਂ ਕਾਰ ਸੇਵਾ ਵਾਲੇ ਬਾਬਾ ਅਮਰੀਕ ਸਿੰਘ ਬਣਾਉਣਗੇ। ਇਸ ਲਈ ਸ਼੍ਰੋਮਣੀ ਕਮੇਟੀ ਬਾਬਾ ਅਮਰੀਕ ਸਿੰਘ ਨੂੰ ਬੇਨਤੀ ਕਰੇਗੀ।

ਇਸ ਬਾਰੇ ਸਾਬਕਾ ਕਾਂਗਰਸੀ ਵਿਧਾਇਕ ਮਦਨਲਾਲ ਜਲਾਲਪੁਰ ਨੇ ਕਿਹਾ ਕਿ ‘ਕਾਂਗਰਸ ਸਰਕਾਰ ਵੇਲੇ ਉਸ ਕੋਲ ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ ਆਏ ਸਨ ਉਨ੍ਹਾਂ ਮੰਗ ਰੱਖੀ ਸੀ ਕਿ ਇਤਿਹਾਸਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਅਮਰ ਦਾਸ ਵੱਲ ਜਾਂਦੀਆਂ ਇਲਾਕੇ ਦੀਆਂ ਸੜਕਾਂ ਦਾ ਬੁਰਾ ਹਾਲ ਹੈ।

ਸ੍ਰੀ ਲਾਛੜੂ ਦੇ ਕਹਿਣ ’ਤੇ ਉਨ੍ਹਾਂ ਨੇ ਸਾਰੀਆਂ ਸੜਕਾਂ 18 ਫੁੱਟ ਚੌੜੀਆਂ ਤੇ ਨਵੀਆਂ ਬਣਾ ਦਿੱਤੀਆਂ ਸਨ ਪਰ ਸਕੂਲ ਅਜੇ ਤੱਕ ਨਹੀਂ ਬਣਿਆ।

# ਵਧੀਕ ਡਿਪਟੀਕ ਕਮਿਸ਼ਨਰ ਵੱਲੋਂ ’ਕੈਚ ਦ ਰੇਨ’ ਪ੍ਰੋਗਰਾਮ ਅਧੀਨ ਪ੍ਰੋਜੈਕਟਾਂ ਦੀ ਸਮੀਖਿਆ



**ਲੁਧਿਆਣਾ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਵੱਲੋਂ ਜ਼ਿਲ੍ਹੇ ਵਿੱਚ ਜਲ ਸ਼ਕਤੀ ਅਭਿਆਨ: ’ਕੈਚ ਦ ਰੇਨ’ ਪ੍ਰੋਗਰਾਮ ਤਹਿਤ ਸ਼ੁਰੂ ਕੀਤੇ ਗਏ ਵੱਖ-ਵੱਖ ਪਾਣੀ ਦੀ ਸੰਭਾਲ ਅਤੇ ਹੋਰ ਸੰਭਾਲ ਦੇ ਉਪਰਾਲਿਆਂ ਦਾ ਜਾਇਜ਼ਾ ਲਿਆ।

ਸਥਾਨਕ ਬੱਚਤ ਭਵਨ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਾਣੀ ਦੇ ਪੱਧਰ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ ਤਾਂ ਪਾਣੀ ਦੀ ਸੰਭਾਲ ਇੱਕ ਜ਼ਰੂਰੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਰੇਨ ਵਾਟਰ ਹਾਰਵੈਸਟਿੰਗ ਅਤੇ ਜ਼ਮੀਨੀ ਪਾਣੀ ਰੀਚਾਰਜ ਸਿਸਟਮ ਸਥਾਪਤ ਕਰਨ, ਪੌਦੇ ਲਗਾਉਣ, ਚੈਕ ਡੈਮ ਬਣਾਉਣ, ਛੱਪੜਾਂ ਦੀ ਸਫ਼ਾਈ, ਛੱਪੜਾਂ ਨੂੰ ਨਹਿਰਾਂ ਨਾਲ ਜੋੜਨ, ਨਰਸਰੀਆਂ ਦੀ ਸਥਾਪਨਾ ਆਦਿ ਰਾਹੀਂ ਪਾਣੀ ਦੀ ਸੰਭਾਲ ਲਈ ਸਾਰੇ ਭਾਈਵਾਲਾਂ ਨੂੰ ਜਾਗਰੂਕ ਕਰਨ ਲਈ ਹੈ।

ਵਧੀਕ ਡਿਪਟੀ ਕਮਿਸ਼ਨਰ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਬੂਟੇ ਲਗਾ ਕੇ, ਹਰਿਆਵਲ ਵਧਾਉਣ, ਨਵੇਂ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਰੀਚਾਰਜ ਸਿਸਟਮ ਸਥਾਪਤ ਕਰਨ ਅਤੇ ਹੋਰ ਉਪਰਾਲਿਆਂ ਰਾਹੀਂ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਪਾਣੀ ਦੀ ਸੰਭਾਲ ਹਰੇਕ ਵਿਅਕਤੀ ਦੀ ਸਮਾਜਿਕ ਜ਼ਿੰਮੇਵਾਰੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਵਿਭਾਗਾਂ ਨੂੰ ਇਸ ਦਿਸ਼ਾ ਵਿੱਚ ਆਉਣ ਵਾਲੇ ਪ੍ਰੋਜੈਕਟਾਂ ਦੇ ਵੇਰਵੇ ਵੀ ਸੌਂਪਣ ਲਈ ਕਿਹਾ।

# ਸ਼ਾਹੀ ਇਮਾਮ ਵੱਲੋਂ ਕਬਰਿਸਤਾਨ ਵਾਲੀ ਵਿਵਾਦਤ ਜ਼ਮੀਨ ਦਾ ਦੌਰਾ



ਸ਼ੁਤਰਾਣਾ ਵਿੱਚ ਵਿਵਾਦਤ ਥਾਂ ਦਾ ਦੌਰਾ ਕਰਦੇ ਹੋਏ ਸ਼ਾਹੀ ਇਮਾਮ।

**ਪਾਤੜਾਂ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਸ਼ੁਤਰਾਣਾ ਵਿੱਚ ਮੁਸਲਿਮ ਭਾਈਚਾਰੇ ਨਾਲ ਸਬੰਧਤ ਕਬਰਿਸਤਾਨ ਦੀ ਥਾਂ ’ਤੇ ਕੁਝ ਵਿਅਕਤੀਆਂ ਵੱਲੋਂ ਘਰ ਉਸਾਰਨ ਕਾਰਨ ਮੁਸਲਿਮ ਭਾਈਚਾਰੇ ਵਿੱਚ ਭਾਰੀ ਰੋਸ ਹੈ। ਇਸ ਮਸਲੇ ਦੇ ਹੱਲ ਲਈ ਅੱਜ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਵਿਵਾਦਤ ਥਾਂ ਦਾ ਦੌਰਾ ਕੀਤਾ। ਇਸੇ ਦੌਰਾਨ ਉਕਤ ਥਾਂ ’ਤੇ ਘਰ ਬਣਾਉਣ ਲੱਗੇ ਪਰਿਵਾਰਾਂ ਨੇ ਕਿਸਾਨ ਆਗੂ ਸਰਵਣ ਸਿੰਘ ਦੀ ਅਗਵਾਈ ਵਿੱਚ ਸ਼ਾਹੀ ਇਮਾਮ ਨੂੰ ਮਿਲ ਕੇ ਸਥਿਤੀ ਤੋਂ ਜਾਣੂ ਕਰਵਾਇਆ। ਉਨ੍ਹਾਂ ਸਬੰਧਤ ਪਰਿਵਾਰਾਂ ਨੂੰ ਵਕਫ ਬੋਰਡ ਤੱਕ ਪਹੁੰਚ ਕਰਕੇ ਜ਼ਮੀਨ ਦਾ ਪਟਾ ਲੈਣ ਦੀ ਸਲਾਹ ਦਿੱਤੀ। ਵਿਵਾਦਤ ਜ਼ਮੀਨ ’ਤੇ ਘਰ ਬਣਾ ਰਹੇ ਸੰਤੋਸ਼, ਰਾਮ ਤੇਜ਼, ਜੋਗਿੰਦਰ ਕੁਮਾਰ, ਲਾਲ ਅਤੇ ਮੂਲੀ ਰਾਮ ਨੇ ਕਿਹਾ ਕਿ ਬੇਹੱਦ ਗ਼ਰੀਬ ਪਰਿਵਾਰਾਂ ਨੇ ਘਰ ਬਣਾਉਣ ਲਈ ਜਗ੍ਹਾ ਮੁੱਲ ਲਈ ਹੈ। ਉਨ੍ਹਾਂ ਜਿਸ ਪਰਿਵਾਰ ਤੋਂ ਜ਼ਮੀਨ ਖ਼ਰੀਦੀ ਹੈ ਉਨ੍ਹਾਂ ਨੇ 99 ਸਾਲਾ ਪਟਾ ਹੋਣ ਦੀ ਗੱਲ ਕਹੀ ਸੀ। ਇਸੇ ਦੌਰਾਨ ਸ਼ਾਹੀ ਇਮਾਮ ਲੁਧਿਆਣਵੀ ਨੇ ਕਿਹਾ ਕਿ ਜੋ ਜ਼ਮੀਨ ਫ਼ਸਲਾਂ ਦੀ ਕਾਸ਼ਤ ਲਈ ਹੈ ਉਹ ਪਟੇ ਉੱਤੇ ਲਈ ਜਾ ਸਕਦੀ ਹੈ ਅਤੇ ਪਰਿਵਾਰ ਇਸ ਜ਼ਮੀਨ ਦਾ ਪਟਾ ਲੈਣ ਲਈ ਵਕਫ ਬੋਰਡ ਕੋਲ ਪਹੁੰਚ ਕਰਨ ਜਦੋਂ ਕਿ ਕਬਰਿਸਤਾਨ ਲਈ ਰਾਖਵੀਂ ਜ਼ਮੀਨ ਦਾ ਨਿਯਮਾਂ ਮੁਤਾਬਕ ਪਟਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਹੈ ਕਿ ਜੇ ਇਹ ਜ਼ਮੀਨ ਕਬਰਿਸਤਾਨ ਲਈ ਰਾਖਵੀਂ ਹੈ ਤਾਂ ਇਸ ’ਤੇ ਕੀਤੀ ਜਾਣ ਵਾਲੀ ਉਸਾਰੀ ਗ਼ੈਰ-ਕਾਨੂੰਨੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਕਬਰਿਸਤਾਨ ਦੀ ਜ਼ਮੀਨ ਉੱਤੇ ਉਸਾਰੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਸਲਿਮ ਆਗੂ ਦਿਲਬਰ ਖਾਨ ਬਾਦਸ਼ਾਹਪੁਰ, ਸਾਬਕਾ ਸਰਪੰਚ ਭਗਵੰਤ ਸਿੰਘ, ਨੰਬਰਦਾਰ ਅਮਰੀਕ ਸਿੰਘ ਤੇ ਸਾਬਕਾ ਸਰਪੰਚ ਵਧਾਵਾ ਸਿੰਘ ਆਦਿ ਹਾਜ਼ਰ ਸਨ।

# ਤਕਨੀਕੀ ਯੁੱਗ ਵਿੱਚ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੀ ਜ਼ਰੂਰਤ : ਦੀਪਾਲੀ ਸ਼ਰਮਾ



**ਜ਼ੀਰਾ ,16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੋਕੇ ਤਕਨੀਕੀ ਯੁੱਗ ਵਿੱਚ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੀ ਬੇਹੱਦ ਜਰੂਰਤ ਹੈ ਤਾਂ ਕਿ ਬੱਚੇ ਬਦਲ ਰਹੇ ਜਮਾਨੇ ਦੇ ਨਾਲ ਮਿਲਕੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋ ਸਕਣ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਟੀ ਬੀ ਐੱਸ ਇੰਟਰਨੈਸ਼ਨਲ ਪਬਲਿਕ ਸਕੂਲ ਫਿਰੋਜਸ਼ਾਹ ( ਫਿਰੋਜ਼ਪੁਰ ) ਦੇ ਮੈਨੇਜਿੰਗ ਡਾਇਰੈਕਟਰ ਮੈਡਮ ਦੀਪਾਲੀ ਸ਼ਰਮਾ ਨੇ ਫਿਰੋਜ਼ਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਅੱਗੇ ਕਿਹਾ ਕਿ ਸਮੇਂ ਦੇ ਨਾਲ ਸਭ ਕੁਝ ਬਦਲ ਰਿਹਾ ਹੈ, ਇਸ ਲਈ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਇਨਸਾਨ ਨੂੰ ਵੀ ਸਮੇਂ ਦੇ ਨਾਲ ਬਦਲਣ ਦੀ ਜਰੂਰਤ ਹੈ। ਮੈਡਮ ਦੀਪਾਲੀ ਸ਼ਰਮਾ ਨੇ ਕਿਹਾ ਕਿ ਉਹਨਾਂ ਦੇ ਟੀ ਬੀ ਐੱਸ ਇੰਟਰਨੈਸ਼ਨਲ ਪਬਲਿਕ ਸਕੂਲ ਫਿਰੋਜ਼ਸ਼ਾਹ ਵਿਖੇ ਪੜ੍ਹ ਰਹੇ ਬੱਚਿਆਂ ਨੂੰ ਹਰ ਪੱਖ ਤੋਂ ਮਜਬੂਤ ਅਤੇ ਮਾਪਿਆਂ ਦੇ ਸੁਪਨੇ ਸਕਾਰ ਕਰਨ ਲਈ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਸਕੂਲ ਵਿੱਚ ਸਕਿਲ ਡਿਵੈਲਪਮੈਂਟ ਲਈ ਵਿਦਿਆਰਥੀਆਂ ਦੇ ਵਿਸ਼ੇਸ਼ ਪੀਰੀਅਡ ਲਗਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਸਕੂਲ ਪੜ੍ਹ ਰਹੇ ਬੱਚਿਆਂ ਨੂੰ ਜਿੱਥੇ ਮਿਆਰੀ ਸਿੱਖਿਆ ਦਿੱਤੀ ਜਾ ਰਹੀ ਹੈ, ਉੱਥੇ ਉਹਨਾਂ ਨੂੰ ਧਾਰਮਿਕ ਨੈਤਿਕ ਅਤੇ ਅਜੋਕੇ ਯੁੱਗ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਉਹਨਾਂ ਇਹ ਵੀ ਕਿਹਾ ਕਿ ਸ਼ੋਸ਼ਲ ਮੀਡੀਆ ਦੇ ਯੁੱਗ ਵਿੱਚ ਬੱਚਿਆਂ ਨੂੰ ਮੋਬਾਇਲ ਫੋਨ ਦੇ ਚੰਗੇ ਅਤੇ ਮਾੜੇ ਪ੍ਰਭਾਵ ਬਾਰੇ ਮਾਪਿਆਂ ਅਤੇ ਅਧਿਆਪਕਾ ਵੱਲੋਂ ਦੱਸਣਾ ਵੀ ਬਹੁਤ ਜਰੂਰੀ ਹੈ ਅਤੇ ਬੱਚਿਆਂ ਨੂੰ ਜਿੰਨ੍ਹਾਂ ਹੋ ਸਕੇ ਮੋਬਾਇਲ ਫੋਨ ਤੋਂ ਦੂਰ ਰੱਖਿਆ ਜਾਵੇ। ਇਸ ਸਮੇਂ ਐੱਮ ਡੀ ਮੈਡਮ ਦੀਪਾਲੀ ਸ਼ਰਮਾਂ ਦੇ ਨਾਲ ਫਿਰੋਜ਼ਪੁਰ ਗਰੁੱਪ ਆਫ ਕਾਲਜ ਫਿਰੋਜਸ਼ਾਹ ਦੇ ਚੇਅਰਮੈਨ ਸ਼੍ਰੀ ਹੀਰਾ ਲਾਲ ਸ਼ਰਮਾ, ਜਨਰਲ ਸੈਕਟਰੀ ਸ੍ਰੀ ਸ਼ਿਵਮ ਸ਼ਰਮਾ, ਪ੍ਰਿੰਸੀਪਲ ਮੈਡਮ ਰੇਖਾ ਪਾਸੀ ਆਦਿ ਹਾਜ਼ਰ ਸਨ।

# ਖਿਡੌਣਾ ਪਿਸਤੌਲ ਨਾਲ ਲੁੱਟਣ ਚੱਲੇ ਸੀ ਪੈਟਰੋਲ ਪੰਪ, ਸਲਾਹਾਂ ਕਰਦਿਆਂ ਨੂੰ ਹੀ ਪੁਲਿਸ ਨੇ ਕਰ ਲਿਆ ਕਾਬੂ



**ਲੁਧਿਆਣਾ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਨੇਵਾਲ ਇਲਾਕੇ ’ਚ ਪੈਟਰੋਲ ਪੰਪ ਲੁੱਟਣ ਦੀ ਯੋਜਨਾ ਬਣਾ ਰਹੇ 4 ਬਦਮਾਸ਼ ਥਾਣਾ ਸਦਰ ਦੀ ਪੁਲਸ ਦੇ ਹੱਥੇ ਚੜ੍ਹ ਗਏ, ਜਦੋਂਕਿ ਉਨ੍ਹਾਂ ਦਾ ਇਕ ਸਾਥੀ ਮੌਕੇ ਤੋਂ ਭੱਜ ’ਚ ਕਾਮਯਾਬ ਹੋ ਗਿਆ। ਪੁਲਸ ਨੇ ਮੁਲਜ਼ਮਾਂ ਦੇ ਕੋਲੋਂ ਖਿਡੌਣਾ ਪਿਸਤੌਲ, ਏਅਰਗੰਨ, ਮੋਟਰਸਾਈਕਲ, ਐਕਟਿਵਾ ਅਤੇ 2 ਦਾਤਰ ਬਰਾਮਦ ਕਰ ਕੇਸ ਦਰਜ ਕਰ ਲਿਆ ਹੈ। ਉਕਤ ਜਾਣਕਾਰੀ ਏ. ਸੀ. ਪੀ. ਗੁਰਇਕਬਾਲ ਸਿੰਘ, ਐੱਸ. ਐੱਚ. ਓ. ਹਰਸ਼ਵੀਰ ਸਿੰਘ ਅਤੇ ਚੌਕੀ ਮਰਾਡੋ ਇੰਚਾਰਜ ਐੱਸ. ਆਈ. ਗੁਰਮੀਤ ਸਿੰਘ ਨੇ ਪੱਤਰਕਾਰ ਸੰਮੇਲਨ ਦੌਰਾਨ ਦਿੱਤੀ।

ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਮਨਿੰਦਰ ਸਿੰਘ ਮਨੀ, ਹਰਦੇਵ ਸਿੰਘ ਬਸੰਤ ਨਗਰ, ਨਿਰਮਲ ਸਿੰਘ ਨਿਵਾਸੀ ਪਿੰਡ ਦੁੱਗਰੀ, ਵਿਕਾਸ ਕੁਮਾਰ ਨਿਵਾਸੀ ਪ੍ਰੀਤ ਨਗਰ, ਸ਼ਿਮਲਾਪੁਰੀ ਅਤੇ ਫਰਾਰ ਗੁਰਪ੍ਰੀਤ ਸਿੰਘ ਨਿਵਾਸੀ ਜਨਤਾ ਕਾਲੋਨੀ, ਪਿੰਡ ਗਿੱਲ ਵਜੋਂ ਹੋਈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਉਕਤ ਮੁਲਜ਼ਮ ਤੇਜ਼ਧਾਰ ਹਥਿਆਰ ਦੇ ਦਮ ’ਤੇ ਲੁੱਟਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਅਤੇ ਸ਼ਨੀਵਾਰ ਨੂੰ ਸੰਗੋਵਾਲ ਦੇ ਇਲਾਕੇ ’ਚ ਸੁੰਨਸਾਨ ਜਗ੍ਹਾ ’ਤੇ ਬੈਠ ਕੇ ਪਟਰੋਲ ਪੰਪ ਲੁੱਟਣ ਦਾ ਪਲਾਨ ਬਣਾ ਰਹੇ ਸਨ। ਪੁਲਸ ਨੇ ਰੇਡ ਮਾਰ ਕੇ ਉਨ੍ਹਾਂ ਨੂੰ ਦਬੋਚ ਲਿਆ।

ਪੁਲਿਸ ਅਨੁਸਾਰ ਮੁਲਜ਼ਮ ਵਿਕਾਸ ਖਿਲਾਫ ਪਹਿਲਾਂ ਵੀ ਚੋਰੀ ਦੇ 3 ਅਤੇ ਮੁਲਜ਼ਮ ਨਿਰਮਲ ਖਿਲਾਫ ਧੋਖਾਦੇਹੀ ਦਾ ਇਕ ਮਾਮਲਾ ਦਰਜ ਹੈ। ਸਾਰੇ ਨਸ਼ਾ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਲਈ ਗੈਂਗ ਬਣਾ ਕੇ ਵਾਰਦਾਤਾਂ ਕਰਨ ਲੱਗ ਪਏ। ਪੁਲਸ ਮੁਲਜ਼ਮਾਂ ਨੂੰ ਅਦਾਲਤ ’ਚ ਪੇਸ਼ ਕਰ ਕੇ 2 ਦਿਨ ਦੇ ਪੁਲਸ ਰਿਮਾਂਡ ’ਤੇ ਗੰਭੀਰਤਾ ਨਾਲ ਪੁੱਛਗਿੱਛ ਕਰ ਰਹੀ ਹੈ।

# ਡੀਨ ਦ.ਫਤਰ ਅੱਗੇ ਗੈਸਟ ਫੈਕਲਟੀ ਪ੍ਰੋਫੈਸਰਾਂ ਦਾ ਧਰਨਾ ਜਾਰੀ



ਪੰਜਾਬੀ ਯੂਨੀਵਰਸਿਟੀ ਵਿੱਚ ਧਰਨਾ ਦਿੰਦੇ ਹੋਏ ਗੈਸਟ ਫੈਕਲਟੀ ਪ੍ਰੋਫੈਸਰ।

**ਪਟਿਆਲਾ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨੇਬਰਹੁੱਡ ਕੈਂਪਸ ਅਤੇ ਕਾਂਸਟੀਚੂਐਂਟ ਕਾਲਜਾਂ ਵਿੱਚ ਕੰਮ ਕਰਦੇ ਸਹਾਇਕ ਪ੍ਰੋਫੈਸਰਾਂ (ਗੈੱਸਟ ਫੈਕਲਟੀ) ਵੱਲੋਂ ਅਕਾਦਮਿਕ ਸੈਸ਼ਨ 2024-25 ਦੀ ਪ੍ਰਵਾਨਗੀ ਲਈ ਡੀਨ ਦਫ਼ਤਰ ਅੱਗੇ ਲਾਇਆ ਪੱਕਾ ਧਰਨਾ ਅੱਜ 22ਵੇਂ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਯੂਨੀਅਨ ਆਗੂਆਂ ਨੇ ਕਿਹਾ ਕਿ ਇਹ ਸਾਰੇ ਪ੍ਰੋਫੈਸਰ ਯੂਜੀਸੀ, ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਜੋ ਪ੍ਰੋਫੈਸਰ ਲੱਗਣ ਦੇ ਲਈ ਨਿਰਧਾਰਿਤ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਇਨ੍ਹਾਂ ਪ੍ਰੋਫੈਸਰਾਂ ਨੂੰ 12 ਮਹੀਨੇ ਤਨਖ਼ਾਹ ਦੇਣ ਦਾ ਪ੍ਰਸਤਾਵ ਸਿੰਡੀਕੇਟ ਵਿੱਚ ਪਾਸ ਕੀਤਾ ਗਿਆ ਸੀ ਪਰ ਕੁਝ ਦਿਨ ਪਹਿਲਾਂ ਯੂਨੀਵਰਸਿਟੀ ਨੇ ਇਹ ਨੋਟਿਸ ਜਾਰੀ ਕਰ ਦਿੱਤਾ ਕਿ ਕਾਂਸਟੀਚੂਐਂਟ ਕਾਲਜ ਅਤੇ ਨੇਬਰਹੁੱਡ ਕੈਂਪਸ ਵਿੱਚ ਪੜ੍ਹਾਉਂਦੇ ਇਨ੍ਹਾਂ ਪ੍ਰੋਫੈਸਰਾਂ ਨੂੰ ਮੁੜ ਤੋਂ ਇੰਟਰਵਿਊ ਦੇਣੀ ਪਵੇਗੀ, ਜਿਸ ਨਾਲ ਕਾਂਸਟੀਚੂਐਂਟ ਕਾਲਜ ਅਤੇ ਨੇਬਰਹੁੱਡ ਕੈਂਪਸ ਵਿੱਚ ਕੰਮ ਕਰਦੇ ਪ੍ਰੋਫੈਸਰਾਂ ਨੂੰ ਨੌਕਰੀਆਂ ਗੁਆਉਣ ਦਾ ਡਰ ਬਣ ਗਿਆ। ਅੱਜ ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਡੇ ਅੱਠ ਸਰਕਾਰੀ ਕਾਲਜਾਂ ਦਾ ਖ਼ੁਦ-ਮੁਖ਼ਤਿਆਰੀ ਦੇ ਨਾਮ ’ਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ ਜਿਸ ਦਾ ਸਹਾਇਕ ਪ੍ਰੋਫੈਸਰ (ਗੈੱਸਟ ਫੈਕਲਟੀ) ਯੂਨੀਅਨ ਵਿਰੋਧ ਕਰਦੀ ਹੈ ਕਿਉਂਕਿ ਸਰਕਾਰ ਦੇ ਇਸ ਲੋਕ ਵਿਰੋਧੀ ਨੀਤੀ ਕਰਨ ਗ਼ਰੀਬ ਵਰਗ ਦੇ ਬੱਚਿਆਂ ਤੋਂ ਪੜ੍ਹਾਈ ਖੋਹੀ ਜਾਣੀ ਹੈ। ਇਸ ਮੌਕੇ ਕੁਲਵਿੰਦਰ ਸਿੰਘ, ਦੇਵ ਕਰਨ, ਮਨਪ੍ਰੀਤ ਸਿੰਘ, ਪ੍ਰਗਟ ਸਿੰਘ, ਡਾ ਹਰਜੀਤ ਕੌਰ, ਗੁਰਪ੍ਰੀਤ ਕੌਰ ਸਮੇਤ ਸਮੂਹ ਪ੍ਰੋਫੈਸਰ ਹਾਜ਼ਰ ਸਨ।

# ਕਲਕੱਤਾ ਵਿਖੇ ਡਾਕਟਰ ਦਾ ਰੇਪ ਤੇ ਕਤਲ ਕਰਨ ਦੇ ਮਾਮਲੇ ’ਚ ਡਾਕਟਰੀ ਅਮਲੇ ਨੇ ਜਤਾਇਆ ਰੋਸ

**ਧੂਰੀ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਕੱਤਾ ਵਿਖੇ ਇਕ ਡਾਕਟਰ ਨਾਲ ਰੇਪ ਤੇ ਉਸਦਾ ਦਰਿੰਦਗੀ ਨਾਲ ਕਤਲ ਕਰਨ ਦੇ ਰੋਸ ਵਜੋਂ ਅੱਜ ਪੀ.ਸੀ.ਐਮ.ਐਸ.ਏ ਦੇ ਸੱਦੇ ’ਤੇ ਸਥਾਨਕ ਸਿਵਲ ਹਸਪਤਾਲ ਵਿਖੇ ਮਾਹਿਰ ਡਾਕਟਰਾਂ ਤੇ ਪੈਰਾ ਮੈਡੀਕਲ ਸਟਾਫ ਵੱਲੋਂ ਸਵੇਰੇ 8 ਵਜੇ ਤੋਂ 10 ਵਜੇ ਤੱਕ 2 ਘੰਟੇ ਲਈ ਸਿਹਤ ਸੇਵਾਵਾਂ ਠੱਪ ਰੱਖੀਆਂ ਗਈਆਂ, ਜਦੋਂ ਕਿ ਐਮਰਜੈਂਸੀ ਸੇਵਾਵਾਂ ਬਹਾਲ ਰੱਖੀਆਂ ਗਈਆਂ। ਇਸ ਦੌਰਾਨ ਘਟਨਾ ਦੀ ਸਖਤ ਸ਼ਬਦਾਂ ’ਚ ਨਿੰਦਾ ਕਰਦਿਆਂ ਡਾ.ਰਾਜੀਵ ਚੈਂਬਰ ਨੇ ਕਿਹਾ ਕਿ ਅਜਿਹੀ ਘਟਨਾ ਬੇਹੱਦ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਡਾਕਟਰੀ ਅਮਲੇ ਨਾਲ ਬਦਸਲੂਕੀ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਡਾਕਟਰੀ ਅਮਲੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਉਹ ਬਿਨਾਂ ਕਿਸੇ ਡਰ ਤੋਂ ਮਰੀਜ਼ਾਂ ਦੀ ਸੇਵਾ ਕਰ ਸਕਣ। ਜਿਕਰਯੋਗ ਹੈ ਕਿ 2 ਘੰਟੇ ਲਈ ਓ.ਪੀ.ਡੀ ਸੇਵਾਵਾਂ ਬੰਦ ਰਹਿਣ ਕਾਰਨ ਹਸਪਤਾਲ ’ਚ ਆਏ ਮਰੀਜ਼ਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ।

# ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਪਟਿਆਲਾ ਵਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪ੍ਰੋਗਰਾਮ ਦਾ ਆਯੋਜਨ ਕਰਨਾ ਸ਼ਲਾਘਾਯੋਗ ਉਪਰਾਲਾ: ਇੰਸਪੈਕਟਰ ਝਰਮਲ ਸਿੰਘ




ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਪਟਿਆਲਾ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਚੁਕਾਉਂਦੇ ਹੋਏ ਇੰਸਪੈਕਟਰ ਝਰਮਲ ਸਿੰਘ, ਇੰਸਪੈਕਟਰ ਰਾਮਕੇਸ, ਪਰਮਿੰਦਰ ਭਲਵਾਨ, ਅਤੇ ਡੀ ਐਸ ਐਸ ਓ ਦਫਤਰ ਦੇ ਮੁਲਾਜ਼ਮ ਅਤੇ ਹੋਰ ਮੈਂਬਰ।

**ਪਟਿਆਲਾ, 16 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਪਟਿਆਲਾ ਵਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਰੇਂਜ ਅ.ਫਸਰ ਸੜਕ ਸੁਰੱਖਿਆ ਫੋਰਸ ਪਟਿਆਲਾ ਦੇ ਸਹਿਯੋਗ ਨਾਲ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਵਿਖੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਪਟਿਆਲਾ ਜਸਬੀਰ ਕੌਰ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਅਤੇ ਵਾਇਸ ਪ੍ਰਿੰਸੀਪਲ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਅਤੇ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਇੰਸਪੈਕਟਰ ਝਰਮਲ ਸਿੰਘ ਜ਼ਿਲ੍ਹਾ ਇੰਚਾਰਜ ਸਾਂਝ ਕੇਂਦਰ ਪਟਿਆਲਾ ਅਤੇ ਇੰਸਪੈਕਟਰ ਰਾਮਕੇਸ ਰੇਂਜ ਅ.ਫਸਰ ਸੜਕ ਸੁਰੱਖਿਆ ਫੋਰਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅ.ਫਸਰ ਸਰਕਾਰੀ ਆਈ ਟੀ ਆਈ ਲੜਕਿਆਂ ਨੇ ਕੀਤੀ। ਵਿਸ਼ੇਸ਼ ਤੌਰ ’ਤੇ ਏ ਐਸ ਆਈ ਹੀਰਾ ਸਿੰਘ ਐਡੀਸ਼ਨਲ ਰੇਂਜ ਇੰਚਾਰਜ ਸੜਕ ਸੁਰੱਖਿਆ ਫੋਰਸ ਪਟਿਆਲਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅ.ਫਸਰ ਵਿਭਾਗ ਤੋਂ ਇੰਦਰਪ੍ਰੀਤ ਸਿੰਘ, ਬਲਜਿੰਦਰ ਸਿੰਘ ਅਤੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਜਪਨੀਤ ਸਿੰਘ, ਵਰਿੰਦਰ ਸਿੰਘ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਇੰਸਪੈਕਟਰ ਝਰਮਲ ਸਿੰਘ, ਇੰਸਪੈਕਟਰ ਰਾਮਕੇਸ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। ਛੋਟੇ-ਛੋਟੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਕੇ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਆ ਕੇ ਸੇਵਾ ਕਰਨੀ ਚਾਹੀਦੀ ਹੈ ਅਤੇ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨੀ ਪਵੇਗੀ। ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਵੀ ਚੁਕਾਈ ਗਈ।

# ਪਠਾਣਮਾਜਰਾ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਦੇਵੀਗੜ੍ਹ, 16 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਹਲਕੇ ’ਚ ਰੋਜ਼ਾਨਾ ਲੋਕ ਮਿਲਣੀ ਕੈਂਪਾਂ ਦਾ ਆਗਾਜ਼ ਕਰ ਦਿੱਤਾ ਹੈ, ਜਿਸ ਵਿੱਚ ਬਲਵੇੜਾ, ਸਨੌਰ, ਬਹਾਦਰਗੜ੍ਹ, ਭੁਨਰਹੇੜੀ, ਦੇਵੀਗੜ੍ਹ ਨਾਲ ਸਬੰਧਤ ਪਿੰਡਾਂ ਦੇ ਲੋਕ ਆਪਣੀਆਂ ਸਮਸਿਆਵਾਂ ਲੈ ਕੇ ਮਿਲ ਸਕਦੇ ਹਨ।

ਇਸ ਦੀ ਸ਼ੁਰੂਆਤ ਹਲਕਾ ਸਨੌਰ ਤੋਂ ਕਰਦਿਆਂ ਅੱਜ ਵਿਧਾਇਕ ਹਰਮੀਤ ਪਠਾਣਮਾਜਰਾ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ ’ਤੇ ਨਿਬੇੜਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਰਹੇ।

# ਯਿਸੂ ਤੇ ਯੂਹੰਨਾ ਦੀ ਮੁਲਾਕਾਤ

***ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।***

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਇਕ ਬੀ.ਸੀ. (ਭਾਵ ਅੱਜ ਤੋਂ 2018 ਸਾਲ ਪਹਿਲਾਂ) ਦੌਰਾਨ ਗਰਮੀਆਂ ਦੀ ਰੁੱਤ ਵਿਚ ਜ਼ਕਰੀਆਹ ਅਤੇ ਐਲਿਜ਼ਾਬੈਥ ਆਪਣੇ ਪੁੱਤਰ ਜੌਨ (ਜਿਨ੍ਹਾਂ ਨੂੰ ਹਿੰਦੀ ਤੇ ਉਰਦੂ ਵਿਚ ਯੂਹੰਨਾ ਆਖਦੇ ਹਨ ਤੇ ਉਹੀ ਬਾਅਦ ਵਿਚ 'ਯੂਹੰਨਾ-ਬਪਤਿਸਮਾ ਦੇਣ ਵਾਲੇ' ਵੀ ਅਖਵਾਏ) ਯਿਸੂ ਮਸੀਹ ਦੇ ਪਰਿਵਾਰ ਨੂੰ ਮਿਲਣ ਲਈ ਨਾਸਰਤ ਪੁੱਜੇ। ਯਿਸੂ ਤੇ ਯੂਹੰਨਾ ਨੂੰ ਆਪਣੀ ਇਹ ਬਚਪਨ ਦੀ ਮੁਲਾਕਾਤ ਸਦਾ ਚੇਤੇ ਰਹੇ, ਉਨ੍ਹਾਂ ਦੋਵਾਂ ਦੇ ਮਾਪਿਆਂ ਨੇ ਆਪਣੇ ਪੁੱਤਰਾਂ ਦੇ ਭਵਿੱਖ ਬਾਰੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਸੀ। ਬਾਲ ਯਿਸੂ ਤੇ ਬਾਲ ਯੂਹੰਨਾ ਤਦ ਘਰ ਦੀ ਛੱਤ 'ਤੇ ਕਾਫ਼ੀ ਸਮਾਂ ਖੇਡਦੇ ਰਹੇ ਸਨ (ਯੂਰੈਂਸ਼ੀਆ 123:3.4)

ਯੂਹੰਨਾ ਤਦ ਯੇਰੂਸਲੇਮ ਦੇ ਕੋਲ਼ ਹੀ ਰਹਿੰਦੇ ਸਨ। ਇਸੇ ਦੌਰਾਨ ਬਾਲ ਯਿਸੂ ਵਿਚ ਇਜ਼ਰਾਇਲ ਦਾ ਇਤਿਹਾਸ ਜਾਣਨ ਦੀ ਤੀਬਰ ਇੱਛਾ ਪੈਦਾ ਹੋਈ। ਤਦ ਉਨ੍ਹਾਂ ਸਬਤ (ਵਿਸ਼ਰਾਮ-ਦਿਵਸ) ਦੇ ਦਿਨ ਅਤੇ ਉਸ ਦੀਆਂ ਰੀਤਾਂ ਦੇ ਅਰਥ ਜਾਣੇ, ਧਾਰਮਿਕ ਸਥਾਨਾਂ 'ਤੇ ਉਪਦੇਸ਼ ਦੇਣ ਦੀਆਂ ਵਿਧੀਆਂ ਨੂੰ ਸਮਝਿਆ ਤੇ ਯਾਦਗਾਰੀ ਪ੍ਰੀਤੀ-ਭੋਜ (ਫ਼ੀਸਟ) ਦੇ ਮਹੱਤਵ ਨੂੰ ਵੀ ਜਾਣਿਆ। ਉਨ੍ਹਾਂ ਦੇ ਦੁਨਿਆਵੀ ਪਿਤਾ ਯੂਸਫ਼ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਵਿਸਥਾਰਪੂਰਬਕ ਸਮਝਾਈਆਂ ਤੇ ਉਨ੍ਹਾਂ ਨੂੰ ਉਸ ਵੇਲੇ ਦੇ ਪ੍ਰਚਲਿਤ ਸਾਰੇ ਤਿਉਹਾਰਾਂ ਬਾਰੇ ਦੱਸਿਆ (ਯੂਰੈਂਸ਼ੀਆ 123:3.5)

ਉਨ੍ਹੀਂ ਦਿਨੀਂ ਪਿਤਾ ਯੂਸਫ਼ ਤੇ ਮਾਂ ਮਰੀਅਮ ਨੂੰ ਇਕ ਸਮੱਸਿਆ ਦਾ ਸਾਹਮਣਾ ਵੀ ਕਰਨਾ ਪਿਆ ਤੇ ਉਹ ਬਾਲ ਯਿਸੂ ਨੂੰ ਲੈ ਕੇ ਕੁਝ ਫ਼ਿਕਰਮੰਦ ਹੋਣ ਲੱਗੇ। ਕਿਉਂਕਿ ਤਦ ਯਿਸੂ ਜਦ ਵੀ ਕਦੇ ਪ੍ਰਾਰਥਨਾ ਕਰਦੇ, ਤਾਂ ਇਹੋ ਆਖਦੇ ਸਨ ਕਿ ਉਹ ਸੁਰਗ ਵਿਚ ਰਹਿਣ ਵਾਲੇ ਆਪਣੇ ਪਿਤਾ ਨਾਲ ਗੱਲਾਂ ਕਰਨ ਜਾ ਰਹੇ ਹਨ। ਮਾਂ ਮਰੀਅਮ ਨੇ ਉਨ੍ਹਾਂ ਨੂੰ ਇਸ ਸਿਲਸਿਲੇ ਵਿਚ ਕੁਝ ਸਮਝਾਉਣ ਦਾ ਜਤਨ ਕੀਤਾ ਪਰ ਬਾਲ ਯਿਸੂ ਨੇ ਸਦਾ ਇਹੋ ਜਵਾਬ ਦਿੱਤਾ ਕਿ ਉਹ ਪ੍ਰਾਰਥਨਾ ਦਾ ਸਿਰਫ਼ ਇਹੋ ਤਰੀਕਾ ਜਾਣਦੇ ਹਨ ਅਤੇ ਉਹ ਉਸ ਸਮੇਂ ਪ੍ਰਚਲਿਤ ਪ੍ਰਾਰਥਨਾ ਦੇ ਢੰਗ ਤੋਂ ਕੁਝ ਵੱਖ ਤੇ ਹੋਰ ਤਰੀਕੇ ਨਾਲ ਹੀ ਪ੍ਰਾਰਥਨਾ ਕਰਦੇ ਰਹੇ (ਯੂਰੈਂਸ਼ੀਆ 123 : 3.8)

ਯਿਸੂ ਦੀ ਉਮਰ ਦੇ ਉਸੇ ਛੇਵੇਂ ਸਾਲ ਜੂਨ ਮਹੀਨੇ ਦੌਰਾਨ ਪਿਤਾ ਯੂਸਫ਼ ਨੇ ਨਾਸਰਤ ਵਿਖੇ ਮੌਜੂਦ ਆਪਣੀ ਦੁਕਾਨ ਆਪਣੇ ਭਰਾਵਾਂ ਹਵਾਲੇ ਕਰ ਦਿੱਤੀ ਤੇ ਖ਼ੁਦ ਇਕ ਬਿਲਡਰ ਦਾ ਕੰਮ ਕਰਨ ਲੱਗੇ। ਇਸੇ ਵਰ੍ਹੇ ਦੇ ਅੰਤ ਤਕ ਉਨ੍ਹਾਂ ਦੇ ਪਰਿਵਾਰ ਦੀ ਆਮਦਨ ਤਿੰਨ ਗੁਣਾ ਵਧ ਗਈ ਸੀ। ਫਿਰ ਪਿਤਾ ਯੂਸਫ਼ ਦੇ ਦੇਹਾਂਤ ਤਕ ਇਸ ਪਰਿਵਾਰ ਨੇ ਕਦੇ ਗ਼ਰੀਬੀ ਨਹੀਂ ਵੇਖੀ। ਪਰਿਵਾਰ ਦਾ ਵਧੇਰੇ ਖ਼ਰਚਾ ਯਾਤਰਾਵਾਂ ਤੇ ਸਿੱਖਿਆ ਹਾਸਲ ਕਰਨ ਉੱਤੇ ਹੁੰਦਾ ਸੀ। ਪਿਤਾ ਯੂਸਫ਼ ਦੀ ਆਮਦਨ ਜਿਵੇਂ-ਜਿਵੇਂ ਵਧਦੀ ਗਈ, ਉਂਝ ਹੀ ਉਨ੍ਹਾਂ ਦੇ ਖ਼ਰਚੇ ਵੀ ਵਧਦੇ ਗਏ (ਯੂਰੈਂਸ਼ੀਆ 123 : 3.7)

ਪਿਤਾ ਯੂਸਫ਼ ਨੇ ਕਾਨਾ, ਬੈਤਲਹੇਮ (ਗਲੀਲ ਦਾ), ਮੈਗਦਾਲਾ, ਨਾਇਨ, ਸੇਫੋਰਿਸ, ਕਫ਼ਰਨਹੂਮ ਤੇ ਐਂਡੋਰ ਸਮੇਤ ਨਾਸਰਤ ਆਲੇ-ਦੁਆਲੇ ਦੇ ਅਨੇਕ ਸਥਾਨਾਂ ਉੱਤੇ ਇਮਾਰਤ-ਉਸਾਰੀ ਦੇ ਕਾਰਜ ਵੱਡੇ ਪੱਧਰ ਉੱਤੇ ਕੀਤੇ। ਜਦੋਂ ਯਿਸੂ ਦੇ ਛੋਟੇ ਦੁਨਿਆਵੀ ਭਰਾ ਜੇਮਸ (ਯਾਕੂਬ) ਆਪਣੀ ਮਾਂ ਦੇ ਕੰਮ ਵਿਚ ਹੱਥ ਵੰਡਾਉਣ ਦੇ ਯੋਗ ਹੋ ਗਏ, ਤਾਂ ਯਿਸੂ ਆਪਣੇ ਪਿਤਾ ਦੇ ਨਾਲ ਆਲੇ-ਦੁਆਲੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਣ ਲੱਗੇ। ਯਿਸੂ ਨੇ ਆਪਣੀਆਂ ਉਨ੍ਹਾਂ ਨਿੱਕੀਆਂ-ਨਿੱਕੀਆਂ ਯਾਤਰਾਵਾਂ ਦੌਰਾਨ ਹੀ ਬਹੁਤ ਸਾਰਾ ਵਿਵਹਾਰਕ ਗਿਆਨ ਹਾਸਲ ਕੀਤਾ (ਯੂਰੈਂਸ਼ੀਆ 123:3.8)

ਬਾਲ ਯਿਸੂ ਨੇ ਇੰਨੀ ਨਿੱਕੀ ਜਿਹੀ ਉਮਰੇ ਹੀ ਆਪਣੇ ਅੰਦਰ ਮਜ਼ਬੂਤ ਭਾਵਨਾਵਾਂ ਪੈਦਾ ਕਰ ਲਈਆਂ ਸਨ। ਉਹ ਜਾਣਦੇ ਸਨ ਕਿ ਪਰਿਵਾਰਕ ਸਹਿਯੋਗ ਤੇ ਘਰ ਵਿਚ



ਅਨੁਸ਼ਾਸਨ ਜਿਹੀਆਂ ਘਰੇਲੂ ਜ਼ਰੂਰਤਾਂ ਦੀ ਪੂਰਤੀ ਕਿਵੇਂ ਕੀਤੀ ਜਾ ਸਕਦੀ ਹੈ। ਮਾਂ ਮਰੀਅਮ ਅਸਲ ਵਿਚ ਬਹੁਤ ਹੀ ਜ਼ਿਆਦਾ ਅਨੁਸ਼ਾਸਨਿਕ ਸਨ। ਉਨ੍ਹਾਂ ਤੋਂ ਯਿਸੂ ਨੇ ਬਹੁਤ ਕੁਝ ਸਿੱਖਿਆ ਹੀ ਸੀ, ਸਗੋਂ ਪਿਤਾ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਬਹੁਤ ਧਿਆਨ ਨਾਲ ਸਮਝਾਈਆਂ ਸਨ (ਯੂਰੈਂਸ਼ੀਆ 123:3.9)

ਜਦੋਂ ਕਦੇ ਮਾਂ ਮਰੀਅਮ ਨੂੰ ਘਰ ਵਿਚ ਕੋਈ ਕੰਮ ਨਹੀਂ ਹੁੰਦਾ ਸੀ ਤਾਂ ਯਿਸੂ ਦਿਨ ਵਿਚ ਫੁੱਲਾਂ, ਪੌਦਿਆਂ ਤੇ ਰਾਤ ਨੂੰ ਤਾਰਿਆਂ ਦਾ ਅਧਿਐਨ ਕਰਦੇ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਬਹੁਤ ਦੇਰ ਤਕ ਤਾਰਿਆਂ ਨੂੰ ਪੂਰੇ ਗਹੁ ਨਾਲ ਵਾਚਦੇ ਰਹਿੰਦੇ ਸਨ (ਯੂਰੈਂਸ਼ੀਆ 123 : 3.10)

ਸੰਨ 1 ਈਸਵੀ ਵਿਚ ਯਿਸੂ ਸੱਤ ਵਰ੍ਹਿਆਂ ਦੇ ਹੋ ਗਏ ਸਨ। ਇਸੇ ਵਰ੍ਹੇ ਜਨਵਰੀ ਮਹੀਨੇ 'ਚ ਗਲੀਲ ਖੇਤਰ ਵਿਚ ਭਾਰੀ ਬਰਫ਼ਾਨੀ ਤੂਫ਼ਾਨ ਆਇਆ, ਚੁਫੇਰੇ ਦੋ-ਦੋ ਫ਼ੁੱਟ ਬਰਫ਼ ਵਿਖਾਈ ਦੇ ਰਹੀ ਸੀ। ਯਿਸੂ ਨੇ ਪਹਿਲਾਂ ਇੰਨੀ ਬਰਫ਼ਬਾਰੀ ਕਦੇ ਨਹੀਂ ਵੇਖੀ ਸੀ ਅਤੇ ਨਾਸਰਤ 'ਚ ਤਾਂ ਪਿਛਲੇ ਇਕ ਸੌ ਸਾਲਾਂ 'ਚ ਵੀ ਇੰਨੀ ਬਰਫ਼ਬਾਰੀ ਕਦੇ ਨਹੀਂ ਹੋਈ ਸੀ (ਯੂਰੈਂਸ਼ੀਆ 123 :4.1)

ਉਨ੍ਹੀਂ ਦਿਨੀਂ ਯਹੂਦੀ ਬੱਚਿਆਂ ਨੂੰ ਆਪਣੇ ਵੱਡਿਆਂ ਦੀ ਹਰੇਕ ਗਤੀਵਿਧੀ ਉੱਤੇ ਬਾਰੀਕੀ ਨਾਲ ਨਜ਼ਰ ਰੱਖਣ ਲਈ ਆਖਿਆ ਜਾਂਦਾ ਸੀ। ਇਸੇ ਲਈ ਬੱਚੇ ਜੇ ਕੋਈ ਖੇਡ ਖੇਡਦੇ ਸਨ, ਤਾਂ ਉਹ ਵੀ ਵਿਆਹ ਜਾਂ ਅਰਥੀ ਚੁੱਕਣ ਦੀਆਂ ਰਸਮਾਂ ਖੇਡਦੇ ਸਨ ਕਿਉਂਕਿ ਉਹ ਜ਼ਿਆਦਾਤਰ ਆਪਣੇ ਵੱਡਿਆਂ-ਬਜ਼ੁਰਗਾਂ ਨੂੰ ਅਜਿਹਾ ਕੁਝ ਕਰਦਿਆਂ ਤੇ ਅਜਿਹੇ ਰੀਤੀ-ਰਿਵਾਜ ਨਿਭਾਉਂਦਿਆਂ ਹੀ ਵੇਖਦੇ ਸਨ। ਉਹ ਨਾਚ-ਗਾਣਾ ਵੀ ਕਰਦੇ ਸਨ ਪਰ ਉਹ ਸਾਰੀਆਂ ਖੇਡਾਂ ਸੰਗਠਤ ਤੇ ਸਮੂਹਕ ਰੂਪ ਵਿਚ ਹੀ ਹੁੰਦੀਆਂ ਸਨ (ਯੂਰੈਂਸ਼ੀਆ 123:4.2)

*ਅਨੁਵਾਦ -**ਮਹਿਤਾਬ-ਉਦ-ਦੀਨ***

---

# ਇਤਿਹਾਸਕ ਗੁਰਦੁਆਰਾ ਟਾਹਲੀ ਸਾਹਿਬ



ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਦੋਰਾਂਗਲਾ ਅਧੀਨ ਆਉਂਦਾ ਇਤਿਹਾਸਕ ਪਿੰਡ ਗਾਹਲੜੀ ਆਪਣੀ ਮਿੱਟੀ ਵਿਚ ਵਿਸ਼ੇਸ਼ ਇਤਿਹਾਸ ਲੁਕਾਈ ਬੈਠਾ ਹੈ। ਇਸ ਪਵਿੱਤਰ ਨਗਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਹੈ। ਬਾਲ ਜਤੀ ਉਦਾਸੀਨ ਅਚਾਰੀਆ ਬਾਬਾ ਸ੍ਰੀ ਚੰਦ ਜੀ ਦਾ ਜਨਮ ਬਾਰੇ ਜਦੋਂ ਬੇਬੇ ਨਾਨਕੀ ਜੀ ਨੂੰ ਪਤਾ ਚੱਲਿਆ ਤਾਂ ਉਨ੍ਹਾਂ ਦੇ ਪੈਰ ਜ਼ਮੀਨ 'ਤੇ ਨਹੀਂ ਸੀ ਲੱਗ ਰਹੇ ਸਨ। ਉਹ ਆਪਣੇ ਪਿਤਾ ਕਾਲੂ ਜੀ ਨੂੰ ਕਹਿਣ ਲੱਗੀ ਕਿ, 'ਮੇਰੇ ਵੀਰ ਨਾਨਕ ਦੇ ਘਰ ਰੱਬੀ ਰੂਹ ਨੇ ਜਨਮ ਲਿਆ ਹੈ, ਬਾਪੂ ਤੂੰ ਭਾਗਾਂ ਵਾਲਾ ਏ, ਤੇਰਾ ਵੰਸ਼ ਅਮਰ ਹੋ ਗਿਆ ਹੈ। ਨਾਨਕੀ ਨੇ ਕਿਹਾ ਕਿ ਸ੍ਰੀ ਚੰਦ ਰਿਜ਼ਕ ਦਾਤਾ, ਰਿਧੀਆਂ ਸਿੱਧੀਆਂ ਦਾ ਭੰਡਾਰ ਹੈ। ਜਿਸ ਸਥਾਨ 'ਤੇ ਸ੍ਰੀ ਚੰਦ ਜੀ ਦੇ ਚਰਨ ਪੈਣਗੇ ਉਹ ਸਥਾਨ ਪੂਜਨ ਯੋਗ ਹੋ ਜਾਵੇਗੀ। ਜਿਸ ਕਾਰਨ ਨਾਨਕੀ ਜੀ ਦੇ ਕਹੇ ਸ਼ਬਦਾਂ ਕਾਰਨ ਅੱਜ ਪਿੰਡ ਗਾਹਲੜੀ ਸਥਿਤ ਗੁਰਦੁਆਰਾ ਟਾਹਲੀ ਸਾਹਿਬ ਪੂਜਨਯੋਗ ਹੈ।'

ਪੁਰਾਤਨ ਇਤਿਹਾਸ ਮੁਤਾਬਕ ਕਿਸੇ ਸਮੇਂ ਰਾਵੀ ਦਰਿਆ ਪਿੰਡ ਗਾਹਲੜੀ ਨਜ਼ਦੀਕ ਵਗਦਾ ਸੀ, ਜਿਸ ਦੇ ਤੇਜ਼ ਪਾਣੀ ਵਹਾਅ ਨਾਲ ਇਲਾਕੇ ਦੀਆਂ ਸੰਗਤਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਕ ਦਿਨ ਬਾਬਾ ਸ੍ਰੀ ਚੰਦ ਜੀ ਗਾਹਲੜੀ ਪਿੰਡ ਦੇ ਕੋਲੋਂ ਗੁਜ਼ਰ ਰਹੇ ਸਨ ਤਾਂ ਉਹ ਕੁੱਝ ਸਮਾਂ ਇਥੇ ਰੁਕੇ। ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਰਾਵੀ ਕਿਨਾਰੇ ਕੋਈ ਸਾਧੂ ਭੇਖ ਵਿਚ ਮਹਾਂਪੁਰਸ਼ ਰੁਕਿਆ ਹੋਇਆ ਹੈ। ਇਸ ਦੌਰਾਨ ਲੋਕ ਬਾਬਾ ਸ੍ਰੀ ਚੰਦ ਜੀ ਦੇ ਨਜ਼ਦੀਕ ਇਕੱਠੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਬਾਬਾ ਜੀ ਨੂੰ ਆਪਣੀਆਂ ਸਮੱਸਿਆਵਾਂ ਦੱਸਦਿਆਂ ਕਿਹਾ ਕਿ ਰਾਵੀ ਦਰਿਆ ਦਾ ਵਹਾਅ ਪਿੰਡ ਦੀ ਆਬਾਦੀ ਵੱਲ ਹੋਣ ਕਰਕੇ ਬਹੁਤ ਨੁਕਸਾਨ ਕਰਦਾ ਹੈ। ਬਾਬਾ ਸ੍ਰੀ ਚੰਦ ਜੀ ਵੱਲੋਂ ਲੋਕਾਂ ਦੀ ਫਰਿਆਦ ਸੁਣਨ ਤੋਂ ਬਾਅਦ ਰਾਵੀ ਦਰਿਆ ਵਿਚ ਖਲੋ ਕੇ ਬੇਨਤੀ ਕੀਤੀ ਗਈ।

ਦੱਸਿਆ ਜਾਂਦਾ ਹੈ ਕਿ ਉਸ ਦਿਨ ਤੋਂ ਬਾਅਦ ਰਾਵੀ ਦਰਿਆ ਦਾ ਵਹਾਅ ਆਬਾਦੀ ਵਾਲੇ ਇਲਾਕੇ 'ਚੋਂ ਬਹੁਤ ਦੂਰੀ 'ਤੇ ਚਲਾ ਗਿਆ। ਜਦੋਂ ਬਾਬਾ ਸ੍ਰੀ ਚੰਦ ਜੀ ਬਾਰਠ ਸਾਹਿਬ ਨੂੰ ਜਾਣ ਲੱਗੇ ਤਾਂ ਲੋਕਾਂ ਵੱਲੋਂ ਅਰਜ਼ ਕੀਤੀ ਗਈ ਕਿ ਬਾਬਾ ਜੀ ਇਸ ਸਥਾਨ ਨੂੰ ਵੀ ਕੋਈ ਆਪਣੀ ਚਮਤਕਾਰੀ ਸ਼ਕਤੀ ਨਾਲ ਇਤਿਹਾਸਕ ਬਣਾ ਦਿਓ, ਤਾਂ ਬਾਬਾ ਜੀ ਨੂੰ ਜਿਸ ਸਮੇਂ ਇਹ ਬੇਨਤੀ ਕੀਤੀ ਗਈ ਸੀ ਉਸ ਸਮੇਂ ਉਹ ਟਾਹਲੀ ਦੀ ਦਾਤਨ ਕਰ ਰਹੇ ਸਨ। ਉਨ੍ਹਾਂ ਉਸੇ ਸਮੇਂ ਹੀ ਦਾਤਨ ਨੂੰ ਗਾਹਲੜੀ ਦੀ ਬੰਜਰ ਧਰਤੀ 'ਤੇ ਗੱਡ ਦਿੱਤਾ ਤੇ ਕਿਹਾ ਕਿ ਇਹ ਸਥਾਨ ਬਹੁਤ ਪੂਜਣ ਯੋਗ ਹੋਵੇਗਾ।

ਇਸ ਸਥਾਨ 'ਤੇ ਕੋਈ ਵੀ ਵਿਅਕਤੀ ਆਪਣੀ ਮਨੋਕਾਮਨਾ ਪੂਰੀ ਕੀਤੇ ਬਿਨਾਂ ਵਾਪਸ ਖ਼ਾਲੀ ਹੱਥ ਨਹੀ ਜਾਵੇਗਾ। ਅੱਜ ਇਹ ਪਿੰਡ ਗਾਹਲੜੀ ਬਾਬਾ ਸ੍ਰੀ ਚੰਦ ਜੀ ਦੀ ਚਰਨਛੋਹ ਪ੍ਰਾਪਤ ਹੋਣ ਕਰਕੇ ਇਤਿਹਾਸਕ ਸਥਾਨ ਬਣ ਗਿਆ ਹੈ, ਜਿਸ ਦਾ ਨਾਮ ਬਾਬਾ ਸ੍ਰੀ ਚੰਦ ਗੁਰਦੁਆਰਾ ਟਾਹਲੀ ਸਾਹਿਬ ਦੇ ਨਾਂ ਨਾਲ ਪ੍ਰਚਲਤ ਹੈ। ਇਸ ਪਵਿੱਤਰ ਸਥਾਨ 'ਤੇ ਹਰ ਐਤਵਾਰ ਵੀ ਮੇਲੇ ਵਰਗਾ ਮਾਹੌਲ ਹੁੰਦਾ ਹੈ ਅਤੇ ਮੱਸਿਆ ਦਾ ਦਿਹਾੜਾ ਵੀ ਬੜੀ ਸਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

**• ਰਾਕੇਸ਼ ਜੀਵਨ ਚੱਕ (ਦੋਰਾਂਗਲਾ)**
**ਮੋਬਾਈਲ 9855840585**

---

# ਮਹਾਨ ਤਪੱਸਵੀ ਬਾਬਾ ਸ਼੍ਰੀ ਚੰਦ ਜੀ

**ਗਿਆਨੀ ਰਾਜਿੰਦਰ ਸਿੰਘ ਰਾਜਨ**

**ਜਨਮ ਦਿਹਾੜੇ 'ਤੇ ਵਿਸ਼ੇਸ਼**

ਪਠਾਨਕੋਟ ਤੋਂ 8 ਕਿਲੋਮੀਟਰ ਦੂਰ ਪੈਂਦਾ ਗੁਰਦੁਆਰਾ ਬਾਰਠ ਸਾਹਿਬ ਇਕ ਇਤਿਹਾਸਕ ਸਥਾਨ ਹੈ। ਜਿਸ ਨੂੰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਸਥਾਨ ਸਿੱਖ ਇਤਿਹਾਸ ਵਿਚ ਵੱਡੀ ਮਹਾਨਤਾ ਦਾ ਪ੍ਰਤੀਕ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ 62 ਸਾਲ ਤਪ ਕੀਤਾ। ਸਿੱਖ ਇਤਿਹਾਸ ਵਿਚ ਇਹ ਗੱਲ ਦਰਜ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਸਥਾਨ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਆਪਣੀ ਰਚੀ ਹੋਈ ਬਾਣੀ ਸੁਣਾਈ ਤੇ ਉਨ੍ਹਾਂ ਪ੍ਰਸੰਨ ਹੋ ਕੇ ਕਿਹਾ ਕਿ ਅੱਠ ਪਹਿਰਾਂ ਵਿਚ ਪ੍ਰਾਣੀ ਦੇ ਕੇਵਲ 24 ਹਜ਼ਾਰ ਸਵਾਸ ਚੱਲਦੇ ਹਨ। ਤੁਸੀ ਇਸ ਬਾਣੀ ਨੂੰ 24 ਅਸ਼ਟਪਦੀਆਂ ਵਿਚ ਇੰਨੇ ਹੀ 24 ਹਜ਼ਾਰ ਅੱਖਰਾਂ ਨਾਲ ਸੰਪੂਰਨ ਕਰੋ ਤਾਂ ਕਿ ਪ੍ਰੇਮ ਨਾਲ ਪੜ੍ਹਨ ਵਾਲਿਆਂ ਦੇ 8 ਪਹਿਰਾਂ ਵਿਚ ਦਿਨ ਰਾਤ ਦੇ ਸਾਰੇ ਸਵਾਸ ਸਫਲ ਹੋ ਜਾਇਆ ਕਰਨ। ਤਦ ਗੁਰੂ ਜੀ ਨੇ ਬੇਨਤੀ ਕੀਤੀ ਕਿ ਅੱਗੇ ਆਪ ਜੀ ਉਚਾਰਕੇ ਸੰਪੂਰਣਤਾ ਬਖਸ਼ੋ, ਪਰ ਉਨ੍ਹਾਂ ਫੁਰਮਾਇਆ ਕਿ ਗੁਰੂ ਨਾਨਕ ਪਿਤਾ ਜੀ ਵੱਲੋਂ ਬਾਣੀ ਉਚਾਰਣ ਦੀ ਸੇਵਾ ਤੁਹਾਡੇ ਜ਼ਿੰਮੇ ਲੱਗੀ ਹੈ ਅਤੇ ਗੱਦੀ-ਨਸ਼ੀਨ ਦੀ ਉਚਾਰੀ ਬਾਣੀ ਗੁਰੂ ਬਾਣੀ ਹੈ। ਗੁਰੂ ਜੀ ਦੇ ਜ਼ੋਰ ਦੇਣ 'ਤੇ ਬਾਬਾ ਸ੍ਰੀ ਚੰਦ ਜੀ ਨੇ 17ਵੀਂ ਅਸ਼ਟਪਦੀ ਦਾ ਮੁੱਢਲਾ ਸਲੋਕ ਜੋ 'ਸ੍ਰੀ ਜਪੁਜੀ' ਸਾਹਿਬ ਦੇ ਆਦਿ ਦਾ ਸੀ, ਸਿਰਫ ਬਿਹਾਰੀ ਦੀ ਥਾਂ ਦੋ ਵਾਰ ਸਿਹਾਰੀ ਬਦਲ ਕੇ ਇਉਂ ਸੁਣਾ ਦਿੱਤਾ 'ਆਦਿ ਸੱਚ ਜੁਗਾਦਿ ਸਚ॥ ਹੈ ਭੀ ਸੱਚ ਨਾਨਕ ਹੋਸੀ ਭਿ ਸਚੁ॥।

ਜ਼ਿਕਰਯੋਗ ਹੈ ਕਿ ਬਾਬਾ ਸ੍ਰੀ ਚੰਦ ਜੀ ਦਾ ਜਨਮ ਭਾਦੋਂ ਸੁਦੀ 9 ਸੰਮਤ 1551 ਬਿਕਰਮੀ ਨੂੰ ਮਾਤਾ ਸੁਲੱਖਣੀ ਜੀ ਦੀ ਕੁਖੋਂ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਨ੍ਹਾਂ ਦਾ ਪਾਲਣ ਪੋਸ਼ਣ ਬੇਬੇ ਨਾਨਕੀ ਨੇ ਕੀਤਾ। ਬਾਬਾ ਜੀ ਦੇ ਨਾਨਾ ਮੂਲ ਚੰਦ ਨੂੰ ਛੋਟੀ ਉਮਰ ਵਿਚ ਹੀ ਪਿੰਡ ਪੱਖੋਕੇ (ਡੇਰਾ ਬਾਬਾ ਨਾਨਕ) ਲੈ ਆਏ। ਉਹ ਛੋਟੀ ਉਮਰ ਵਿਚ ਹੀ ਪ੍ਰਭੂ ਚਰਨਾਂ ਅਤੇ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੇ ਛੋਟੇ ਭਰਾ ਬਾਬਾ ਲਖਮੀ ਚੰਦ ਨੇ ਗ੍ਰਹਿਸਥ ਮਾਰਗ ਧਾਰਨ ਕੀਤਾ ਜਦ ਕਿ ਬਾਬਾ ਜੀ ਨੇ ਸੰਨਿਆਸ ਲੈ ਲਿਆ। ਆਪਣੇ ਭਰਾ ਲਖਮੀ ਚੰਦ ਤੇ ਭਰਜਾਈ ਦੇ ਪ੍ਰਲੋਕ ਗਮਨ ਕਰ ਜਾਣ ਪਿੱਛੋਂ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੇ ਆਸ਼ੀਰਵਾਦ ਨੂੰ ਯਾਦ ਕਰ ਅਕਾਸ਼ ਵੱਲ ਹੱਥ ਵਧਾਇਆ ਅਤੇ ਆਪਣੇ ਭਤੀਜੇ ਧਰਮ ਚੰਦ ਨੂੰ ਹੇਠਾਂ ਖਿੱਚ ਲਿਆ। ਭਤੀਜੇ ਦਾ ਪਾਲਣ ਪੋਸ਼ਣ ਦਾ ਕੰਮ ਮੁਸ਼ਕਿਲ ਵੇਖਦਿਆਂ ਬਾਬਾ ਜੀ ਨੇ ਗੁਰੂ ਨਾਨਕ ਦੇਵ ਦੇ ਪਿੰਡ ਬਾਰਠ ਵਿਖੇ ਰਹਿਣ ਦੀ ਤਿਆਰੀ ਕੀਤੀ।

ਬਾਰਠ ਵਿਖੇ ਆਇਆਂ ਬਾਬਾ ਜੀ ਨੂੰ ਅਜੇ ਸਾਲ ਹੀ ਹੋਇਆ ਸੀ ਕਿ ਉਨ੍ਹਾਂ ਦੇ ਦਰਸ਼ਨ ਕਰਨ ਲਈ 1609 ਦੇ ਚੇਤ ਸੁਦੀ ਦੇ ਮਹੀਨੇ ਗੁਰੂ ਅਮਰਦਾਸ ਜੀ ਆਏ ਅਤੇ ਉਹ ਬਾਬਾ ਜੀ ਨੂੰ ਵੇਖ ਬਾਗ਼ੋ ਬਾਗ਼ ਹੋ ਉੱਠੇ ਅਤੇ 'ਅਨੰਦ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ'। ਇਸ ਪਾਉੜੀ ਦਾ ਉਚਾਰਨ ਕਰ ਕੇ ਸੁਣਾਇਆ ਤੇ ਭੇਟਾ ਧਾਰ ਨਮਸਕਾਰ ਕੀਤੀ। ਗੁਰੂ ਅਮਰਦਾਸ ਜੀ ਦੇ ਜੋਤੀ



ਜੋਤ ਸਮਾਉਣ ਪਿਛੋਂ ਗੁਰੂ ਰਾਮਦਾਸ ਜੀ ਗੁਰੂ ਗੱਦੀ 'ਤੇ ਬੈਠੇ ਤੇ ਉਹ ਵੀ ਬਾਬਾ ਜੀ ਦੇ ਦਰਸ਼ਨ ਕਰਨ ਲਈ ਬਾਰਠ ਸਾਹਿਬ ਪੁੱਜੇ ਅਤੇ ਪੰਜ ਸੌ ਰੁਪਏ ਨਗਦ ਭੇਟ ਰੱਖ ਕੇ ਬਾਬਾ ਜੀ ਨੂੰ ਨਮਸਕਾਰ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਸਾਹਿਬਜ਼ਾਦਿਆਂ ਸਮੇਤ ਬਾਬਾ ਜੀ ਦੇ ਦਰਸ਼ਨ ਲਈ ਇੱਥੇ ਆਏ ਅਤੇ 500 ਰੁਪਏ ਨਗਦੀ, ਘੋੜਾ ਤੇ ਬਸਤਰਾਂ ਦੀ ਭੇਟ ਧਾਰ ਸਾਰਿਆਂ ਨੇ ਨਮਸਕਾਰ ਕੀਤਾ। ਗੁਰੂ ਸਾਹਿਬ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਗੱਦੀ ਨਸ਼ੀਨ ਬਣਾਉਣ ਵਾਸਤੇ ਕੀਤੀ ਮੰਗ ਵੀ ਗੁਰੂ ਸਾਹਿਬ ਨੇ ਏਥੇ ਹੀ ਕਬੂਲੀ ਸੀ ਅਤੇ ਆਪਣਾ ਉਦਾਸੀ ਭੇਖ ਬਾਬਾ ਗੁਰਦਿੱਤਾ ਜੀ ਨੂੰ ਬਖਸ਼ ਕੇ ਉਨ੍ਹਾਂ ਨੂੰ ਮਾਲਾ ਫੜਾਈ ਅਤੇ 'ੴ ਸਤਿਨਾਮ' ਦਾ ਸਾਰਾ ਮੂਲ ਮੰਤਰ ਸੁਣਾ ਕੇ ਵਾਹਿਗੁਰੂ ਨਾਮ ਦਾ ਨਿਰਨੈ ਸਹਿਤ ਸਿਮਰਨ ਭੇਦ ਵੀ ਸਮਝਾਇਆ।

ਗੁਰੂ ਅਰਜਨ ਦੇਵ ਜੀ ਤਾਂ ਬਾਬਾ ਸ੍ਰੀ ਚੰਦ ਜੀ ਨੂੰ ਏਥੇ ਅਨੇਕਾਂ ਵਾਰ ਮਿਲਣ ਆਏ ਅਤੇ ਬਾਬਾ ਜੀ ਦੀ ਸਮਾਧੀ ਖੁੱਲ੍ਹਣ ਦਾ ਇੰਤਜ਼ਾਰ ਵੀ ਕਰਦੇ, ਜਿੱਥੇ ਆ ਕੇ ਬੈਠਦੇ ਸਨ ਉੱਥੇ ਅੱਜ ਥੰਮ੍ਹ ਸਾਹਿਬ ਮੌਜੂਦ ਹੈ। ਬਾਬਾ ਸ੍ਰੀ ਚੰਦ ਜੀ ਨੇ ਪਿੰਡ ਬਾਰਠ ਸਾਹਿਬ ਵਿਚ ਰਹਿੰਦਿਆਂ ਇਕ ਬਾਉਲੀ ਖੁਦਵਾਈ। ਗੁਰੂ ਅਰਜਨ ਦੇਵ ਜੀ ਨੇ ਜਦੋਂ ਇਸ ਸਥਾਨ ਤੋਂ ਜਾਣ ਦੀ ਤਿਆਰੀ ਕੀਤੀ ਤਾਂ ਬਾਬਾ ਸ੍ਰੀ ਚੰਦ ਨੇ ਇਸ ਬਾਉਲੀ ਵਿੱਚੋਂ ਇਕ ਗਾਗਰ ਜਲ ਦੀ ਭਰ ਕੇ ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਵਿਚ ਪਾਉਣ ਵਾਸਤੇ ਦਿੱਤੀ ਤਾਂ ਕਿ ਬਾਬਾ ਸ੍ਰੀ ਚੰਦ ਜੀ ਦੇ ਚਰਨ ਛੂਹੇ ਜਲ ਨਾਲ ਉੱਥੇ ਦੇ ਕੋਹੜਿਆਂ ਦੇ ਕੋਹੜ ਦੂਰ ਹੋ ਸਕਣ।

**ਮੋਬਾਈਲ - 9417427656**

---

# ਗੁੱਗਾ ਜ਼ਾਹਰ ਵੀਰ ਦੀ ਯਾਦ 'ਚ ਮੇਲਾ ਛਪਾਰ



**ਇਕਬਾਲ ਪਾਲੀ ਫਲੌਂਡ**

ਪੰਜਾਬ ਵਿਚ ਕੋਈ ਮਹੀਨਾ ਅਜਿਹਾ ਨਹੀਂ ਹੈ ਜਿਸ ਵਿਚ ਕੋਈ ਤਿਉਹਾਰ ਜਾਂ ਮੇਲਾ ਨਾ ਆਉਂਦਾ ਹੋਵੇ। ਇਨ੍ਹਾਂ ਮੇਲਿਆਂ 'ਚ ਪੰਜਾਬੀਆਂ ਦੀ ਖੁੱਲ੍ਹ-ਦਿਲੀ, ਚਾਵਾਂ, ਖ਼ੁਸ਼ੀਆਂ, ਮਲਾਰਾਂ ਆਦਿ ਦੀ ਝਲਕ ਪੈਂਦੀ ਹੈ। ਪੰਜਾਬੀ ਵਿਰਸੇ ਦੀ ਹੋਂਦ ਨੂੰ ਕਾਇਮ ਰੱਖਣ ਲਈ ਇਨ੍ਹਾਂ ਮੇਲਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਮੇਲਿਆਂ ਵਿਚ ਸਿਰ ਕੱਢਵਾਂ ਮੇਲਾ ਛਪਾਰ ਹੈ ਜੋ ਮਾਲਵੇ ਦੇ ਪ੍ਰਸਿੱਧ ਮੇਲਿਆਂ ਵਿਚ ਸ਼ਾਮਲ ਹੈ।

ਇਹ ਮੇਲਾ ਮੰਡੀ ਅਹਿਮਦਗੜ੍ਹ (ਲੁਧਿਆਣਾ) ਦੀ ਬੁੱਕਲ ਵਿਚ ਵੱਸਦੇ ਪਿੰਡ ਛਪਾਰ ਦੀ ਦੱਖਣੀ ਗੁੱਠੇ ਭਾਦੋਂ ਚਾਨਣੀ ਚੌਦਸ ਨੂੰ ਬਾਬਾ ਸਿੱਧ ਸੁਲੱਖਣ ਗੁੱਗੇ ਪੀਰ ਦੀ ਮਾੜੀ 'ਤੇ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਨਾਲ ਕਈ ਲੋਕ ਗਾਥਾਵਾਂ ਜੁੜੀਆਂ ਹੋਈਆਂ ਹਨ। ਇਕ ਗਾਥਾ ਮੁਤਾਬਕ ਭਾਦੋਂ ਦੀ ਚਾਨਣੀ ਚੌਦਸ ਨੂੰ ਗੁੱਗਾ ਪੀਰ ਆਪਣੇ ਪਰਿਵਾਰ ਸਣੇ ਇਸ ਮਾੜੀ 'ਤੇ ਪੁੱਜਦਾ ਹੈ। ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਗੁੱਗਾ ਰਾਣੀ ਬਾਛਲ ਦੀ ਕੁੱਖੋਂ ਗੋਰਖ ਨਾਥ ਦੇ ਵਰ ਨਾਲ ਪੈਦਾ ਹੋਇਆ ਸੀ। ਰਾਣੀ ਬਾਛਲ ਦਾ ਪਤੀ ਜੈਮਲ ਜੋ ਉਸ ਸਮੇਂ ਬੀਕਾਨੇਰ ਦਾ ਰਾਜਾ ਸੀ ਨੂੰ ਰਾਣੀ ਦੇ ਚਰਿੱਤਰ 'ਤੇ ਸ਼ੱਕ ਹੋਣ ਕਾਰਨ ਕਿਸੇ ਨੂੰ ਰਾਜ ਭਾਗ ਵਿਚ ਆਉਣ ਦੀ ਆਗਿਆ ਨਹੀਂ ਸੀ। ਪਰ ਗੁੱਗਾ ਸੰਘਰਸ਼ ਦੀ ਜੰਗ ਜਿੱਤ ਕੇ ਰਾਜ ਦਰਬਾਰ ਵਿਚ ਦਾਖ਼ਲ ਹੋ ਗਿਆ। ਉਸ ਦੀ ਮੰਗਣੀ ਸੁੰਦਰ ਮੁਟਿਆਰ ਸੀਲੀਅਰ ਨਾਲ ਹੋਈ। ਇਸ ਗੱਲੋਂ ਉਸ ਦੀ ਮਾਸੀ ਦੇ ਪੁੱਤਰ ਖ਼ਾਰ ਖਾਣ ਲੱਗ ਪਏ। ਆਖ਼ਿਰ ਉਨ੍ਹਾਂ ਨੇ ਗੁੱਗੇ ਦੀ ਕੁੜਮਾਈ ਤੁੜਵਾ ਦਿੱਤੀ ਤੇ ਉਹ ਧੁਰ ਅੰਦਰੋਂ ਟੁੱਟ ਗਿਆ।

ਇਸ ਹਾਲਤ ਵਿਚ ਗੁੱਗੇ ਦੀ ਮਦਦ ਕਰਨ ਲਈ ਨਾਗ ਦੇਵਤਾ ਪਹੁੰਚੇ। ਉਨ੍ਹਾਂ ਗੁੱਗੇ ਦੀ ਮੰਗੇਤਰ ਨੂੰ ਡੱਸ ਦਿੱਤਾ। ਬਾਅਦ ਵਿਚ ਇਸ ਸ਼ਰਤ 'ਤੇ ਜਿੰਦਾ ਕਰਨ ਮੰਨਿਆ ਕਿ ਇਸ ਦਾ ਵਿਆਹ ਗੁੱਗੇ ਨਾਲ ਕੀਤਾ ਜਾਵੇ। ਫਿਰ ਦੋਹਾਂ ਦੀ ਸ਼ਾਦੀ ਹੋਣ ਤੋਂ ਬਾਅਦ ਗੁੱਗੇ ਦੀ ਮਾਸੀ ਦੇ ਪੁੱਤਰਾਂ ਨਾਲ ਝਗੜਾ ਹੋ ਗਿਆ। ਉਹ ਦੋਵੇਂ ਮਰ ਗਏ। ਇਸ ਕਰਕੇ ਗੁੱਗੇ ਦੀ ਮਾਂ ਨੇ ਉਸ ਨੂੰ ਜਿਉਂਦੇ ਜੀ ਧਰਤੀ 'ਚ ਗ਼ਰਕ ਜਾਣ ਦੀ ਬਦਸੀਸ ਦਿੱਤੀ। ਧਰਤੀ 'ਚ ਸਮਾਅ ਜਾਣ ਦਾ ਨਿਰਣਾ ਲੈ ਕੇ ਗੁੱਗਾ ਆਪਣੇ ਸਾਥੀ ਘੋੜੇ ਸਮੇਤ ਧਰਤੀ 'ਚ ਅਲੋਪ ਹੋ ਗਿਆ। ਇਸ ਕਰਕੇ ਸ਼ਾਇਦ ਸ਼ਰਧਾਲੂ ਗੁੱਗੇ ਦੀ ਮਾੜੀ 'ਤੇ ਮਿੱਟੀ ਕੱਢ ਕੇ ਉਸ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਭਾਵੇਂ ਵਿਗਿਆਨਕ ਤੇ ਤਕਨਾਲੋਜੀ ਦੇ ਦੌਰ ਵਿਚ ਮੇਲਿਆਂ ਦੀ ਮਹੱਤਤਾ ਘੱਟ ਗਈ ਹੈ ਪਰ ਫਿਰ ਵੀ ਛਪਾਰ ਦੇ ਮੇਲੇ ਵਿਚ ਲੋਕੀ ਭਾਰੀ ਗਿਣਤੀ ਵਿਚ ਪਹੁੰਚਦੇ ਹਨ।

**ਮੋਬਾਈਲ : 94786-55572**

---

# ਈਦ-ਉਲ-ਜ਼ੁਹਾ ਇਕ ਪਿਤਾ ਵੱਲੋਂ ਪੁੱਤਰ ਨੂੰ ਕੁਰਬਾਨ ਕਰ ਦੇਣ ਅਤੇ ਹਜ਼ਰਤ ਇਸਮਾਈਲ ਵੱਲੋਂ ਆਪਾ ਵਾਰਨਾ ਦੀ ਇਕ ਬੇਮਿਸਾਲ ਇਤਿਹਾਸਕ ਘਟਨਾ ਹੈ...

**ਮੁਹੰਮਦ ਬਸ਼ੀਰ**

ਈਦ-ਏ-ਕੁਰਬਾਨੀ ਜਾਂ ਈਦ-ਉਲ-ਜ਼ੁਹਾ ਮੁਸਲਮਾਨ ਭਾਈਚਾਰੇ ਦਾ ਈਦ-ਉਲ-ਫਿਤਰ ਤੋਂ ਬਾਅਦ ਦੂਜਾ ਵੱਡਾ ਤਿਉਹਾਰ ਹੈ। ਇਹ ਤਿਉਹਾਰ ਅੱਜ ਤੋਂ ਲਗਪਗ ਸਾਢੇ-ਪੰਜ ਹਜ਼ਾਰ ਸਾਲ ਪਹਿਲਾਂ ਮੈਸੋਪਟਾਮੀਆ (ਇਰਾਕ) ਦੀ ਧਰਤੀ 'ਤੇ ਜਨਮੇ ਪੈਗੰਬਰ ਹਜ਼ਰਤ ਇਬਰਾਹੀਮ (ਅਲਹੈ.) ਅਤੇ ਅਰਬ ਦੀ ਧਰਤੀ 'ਤੇ ਰਹਿੰਦੀ ਉਨ੍ਹਾਂ ਦੀ ਛੋਟੀ ਪਤਨੀ ਹਜ਼ਰਤ ਹਾਜਰਾਂ ਦੀ ਕੁੱਖੋਂ ਜਨਮੇ ਸਪੁੱਤਰ ਹਜ਼ਰਤ ਇਸਮਾਇਲ (ਅਲਹੈ.) ਦਰਮਿਆਨ ਵਾਪਰੀ ਉਸ ਘਟਨਾ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਜਿਸ ਵਿਚ ਹਜ਼ਰਤ ਇਬਰਾਹੀਮ (ਅਲਹੈ.) ਨੇ ਆਪਣੇ ਚਹੇਤੇ ਅਤੇ ਵੱਡੇ ਪੁੱਤਰ ਇਸਮਾਇਲ ਦੀ ਕੁਰਬਾਨੀ ਆਪਣੇ ਰੱਬ ਨੂੰ ਖ਼ੁਸ਼ ਕਰਨ ਲਈ ਕਰਨੀ ਕਬੂਲ ਕਰ ਲਈ ਸੀ।

ਘਟਨਾ ਇਸ ਪ੍ਰਕਾਰ ਹੈ ਕਿ ਇਬਰਾਹੀਮ (ਅਲਹੈ.) ਇਰਾਕ ਤੋਂ ਹਿਜਰਤ ਕਰ ਕੇ ਮੌਜੂਦਾ ਸੀਰੀਆ ਵਿਖੇ ਆਪਣੀ ਰਿਹਾਇਸ਼ ਕਰ ਚੁੱਕੇ ਸਨ। ਜਿੱਥੇ ਉਨ੍ਹਾਂ ਦੀ ਤੀਜੀ ਅਤੇ ਛੋਟੀ ਪਤਨੀ ਹਾਜਰਾਂ ਜੀ ਦੀ ਕੁੱਖੋਂ ਉਨ੍ਹਾਂ ਦੇ ਵੱਡੇ ਪੁੱਤਰ ਇਸਮਾਇਲ ਦਾ ਜਨਮ ਹੋਇਆ। ਰੱਬ ਵੱਲੋਂ ਮਿਲੇ ਹੁਕਮ ਅਨੁਸਾਰ ਉਨ੍ਹਾਂ ਆਪਣੀ ਪਤਨੀ ਹਾਜਰਾਂ ਅਤੇ ਲਗਪਗ ਇਕ ਸਾਲ ਦੇ ਪੁੱਤਰ ਇਸਮਾਇਲ ਨੂੰ ਅਰਬ ਦੇ ਤਪਦੇ ਮਾਰਥੂਲ (ਅੱਜ ਦਾ ਮੱਕਾ) ਵਿਚ ਛੱਡ ਕੇ ਚਲੇ ਗਏ ਸਨ। ਬਾਅਦ ਵਿਚ ਉਨ੍ਹਾਂ ਦੀ ਵੱਡੀ ਪਤਨੀ ਸਾਇਰਾ ਦੀ ਕੁੱਖੋਂ ਉਨ੍ਹਾਂ ਦੇ ਦੂਜੇ ਪੁੱਤਰ ਇਸਹਾਕ ਦਾ ਜਨਮ ਹੋਇਆ। ਇਬਰਾਹੀਮ (ਅਲਹੈ.) ਨੂੰ ਆਪਣੇ ਵੱਡੇ ਪੁੱਤਰ ਨਾਲ ਇਸ ਕਰਕੇ ਜ਼ਿਆਦਾ ਮੋਹ ਸੀ ਕਿਉਂਕਿ ਉਹ ਅਰਬ ਦੇ ਤਪਦੇ ਮਾਰੂਥਲ ਵਿਚ ਇਕੱਲੀ ਮਾਂ ਕੋਲ ਪਰਵਰਿਸ਼ ਪਾ ਰਿਹਾ ਸੀ। ਉਹ ਸਾਲ-ਛੇ ਮਹੀਨਿਆਂ ਮਗਰੋਂ ਆਪਣੀ ਪਤਨੀ ਅਤੇ ਬੱਚੇ ਨੂੰ ਮਿਲਣ ਲਈ ਮੱਕੇ ਜਾਇਆ ਕਰਦੇ ਸਨ। ਇਸਮਾਇਲ ਦਸ ਸਾਲ ਦਾ ਹੋ ਚੁੱਕਾ ਸੀ।

ਇਕ ਵਾਰ ਇਬਰਾਹੀਮ (ਅਲਹੈ.) ਮੱਕਾ ਵਿਖੇ ਆਏ ਹੋਏ ਸਨ। ਸੌਂਦੇ ਸਮੇਂ ਉਨ੍ਹਾਂ ਨੂੰ ਸੁਪਨੇ 'ਚ ਰੱਬ ਵੱਲੋਂ ਹੁਕਮ ਹੁੰਦਾ ਹੈ ਕਿ, "ਐ ਇਬਰਾਹੀਮ! ਆਪਣੀ ਸਭ ਤੋਂ ਪਿਆਰੀ ਚੀਜ਼ ਮੇਰੇ ਲਈ ਕੁਰਬਾਨ ਕਰ ਦਿਓ।" ਅਗਲੇ ਦਿਨ ਇਬਰਾਹੀਮ (ਅਲਹੈ.) 100 ਊਠ ਕੁਰਬਾਨ ਕਰ ਦਿੰਦੇ ਹਨ। ਦੂਸਰੀ ਰਾਤ ਸੌਂਦੇ ਸਮੇਂ ਉਨ੍ਹਾਂ ਨੂੰ ਉਹੀ ਸੁਪਨਾ ਫਿਰ ਆਉਂਦਾ ਹੈ। ਦਿਨ ਚੜ੍ਹਦਾ ਹੈ ਤਾਂ ਇਬਰਾਹੀਮ (ਅਲਹੈ.) 100 ਊਠ ਹੋਰ ਕੁਰਬਾਨ ਕਰ ਦਿੰਦੇ ਹਨ ਪਰ ਤੀਸਰੀ ਰਾਤ ਸੌਂਦੇ ਸਮੇਂ ਸੁਪਨੇ ਦਾ ਸਿਲਸਿਲਾ ਬੰਦ ਨਹੀਂ ਹੁੰਦਾ। ਸਵੇਰੇ ਉੱਠ ਕੇ ਇਬਰਾਹੀਮ (ਅਲਹੈ.) ਉਦਾਸ ਬੈਠੇ ਸੋਚ ਰਹੇ ਸਨ। ਇਸਮਾਇਲ ਆਪਣੇ ਬੁੱਢੇ ਬਾਪ ਦੀ ਪਰੇਸ਼ਾਨੀ ਜਾਣਨ ਦੀ ਜ਼ਿੱਦ ਕਰਦਾ ਹੈ ਤਾਂ ਇਬਰਾਹੀਮ (ਅਲਹੈ.) ਤਿੰਨੋਂ ਰਾਤਾਂ ਦੇ ਆਏ ਸੁਪਨੇ ਦਾ ਹਾਲ ਦੱਸਦੇ ਹਨ। "ਮੇਰਾ ਰੱਬ ਮੇਰੀ ਸਭ ਤੋਂ ਪਿਆਰੀ ਚੀਜ਼ ਦੀ ਕੁਰਬਾਨੀ ਮੰਗਦਾ ਹੈ" ਦੱਸਦਿਆਂ ਬਾਪ (ਇਬਰਾਹੀਮ) ਦੀਆਂ ਅੱਖਾਂ ਭਰ ਆਉਂਦੀਆਂ ਹਨ। ਹੋਣਹਾਰ ਪੁੱਤਰ ਆਪਣੇ ਬੁੱਢੇ ਬਾਪ ਦੀਆਂ ਅੱਖਾਂ ਸਾਫ਼ ਕਰਦਾ ਹੋਇਆ ਕਹਿੰਦਾ ਹੈ, "ਅੱਬਾ ਜੀ ਮੈਂ ਆਪਣੇ ਰੱਬ ਤੇ ਬਾਪ ਦੀ ਖ਼ੁਸ਼ੀ ਲਈ ਹਾਜ਼ਰ ਹਾਂ, ਮੇਰੀ ਕੁਰਬਾਨੀ ਕਰ ਕੇ ਆਪਣਾ ਫਰਜ਼ ਪੂਰਾ ਕਰੋ ਕਿਉਂਕਿ ਮੈਨੂੰ ਪਤਾ ਹੈ ਕਿ ਮੈਂ ਹੀ ਤੁਹਾਡੀ ਸਭ ਤੋਂ ਪਿਆਰੀ ਚੀਜ਼ ਹਾਂ"।

ਇਬਰਾਹੀਮ (ਅਲਹੈ.) 10 ਸਾਲਾਂ ਦੇ ਆਪਣੇ ਲਾਡਲੇ ਸਪੁੱਤਰ ਨੂੰ ਲੈ ਕੇ ਤੁਰਦੇ ਹਨ ਅਤੇ ਮੱਕੇ ਤੋਂ 5 ਮੀਲ ਦੂਰ ਮੀਨਾਹ ਨਾਮੀ ਜਗ੍ਹਾ 'ਤੇ ਇਕ ਪਹਾੜੀ ਦੇ ਉੱਪਰ ਚੜ੍ਹ ਕੇ ਇਕ ਸਖ਼ਤ ਚਟਾਨ 'ਤੇ ਇਸਮਾਇਲ ਨੂੰ ਲਿਟਾ ਲੈਂਦੇ ਹਨ ਤੇ ਤੇਜ਼ਧਾਰ ਛੁਰੀ ਹੱਥ ਵਿਚ ਫੜ ਲੈਂਦੇ ਹਨ। ਇਬਰਾਹੀਮ (ਅਲਹੈ.) ਦੁਆਰਾ ਅੱਖਾਂ 'ਤੇ ਕੱਪੜਾ ਬੰਨ੍ਹ ਕੇ ਆਪਣੇ ਬੇਟੇ ਦੀ ਗਰਦਨ 'ਤੇ ਛੁਰੀ ਚਲਾਈ ਗਈ, ਪਰ ਰੱਬ ਦੇ ਹੁਕਮ ਨਾਲ ਫਰਿਸ਼ਤੇ ਨੇ ਛੁਰੀ ਹੇਠੋਂ ਇਸਮਾਈਲ ਨੂੰ ਹਟਾ ਕੇ ਦੁੰਬਾ ਲਿਟਾ ਦਿੱਤਾ ਅਤੇ ਰੱਬ ਵੱਲੋਂ ਹੁਕਮ ਹੁੰਦਾ ਹੈ ਕਿ ਐ ਇਬਰਾਹੀਮ ਤੇਰੀ ਅਤੇ ਤੇਰੇ ਪੁੱਤਰ ਦੀ ਕੁਰਬਾਨੀ ਕਬੂਲ ਕਰ ਲਈ ਗਈ ਹੈ।

ਅੱਜ ਹਜ਼ਾਰਾਂ ਸਾਲ ਬਾਅਦ ਪੂਰੀ ਦੁਨੀਆ ਦੇ ਮੁਸਲਮਾਨ ਇਬਰਾਹੀਮ ਅਤੇ ਉਨ੍ਹਾਂ ਦੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੀ ਯਾਦ ਵਿਚ ਇਸਲਾਮੀ ਕੈਲੰਡਰ ਦੇ ਬਾਰ੍ਹਵੇਂ ਮਹੀਨੇ ਦੀ ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਤਰੀਕ



**ਤਿਆਗ ਤੇ ਕੁਰਬਾਨੀ ਦਾ ਪ੍ਰਤੀਕ**

**ਈਦ-ਉਲ-ਜ਼ੁਹਾ**

ਨੂੰ ਚੌਪਈ ਜਾਨਵਰ ਦੀ ਕੁਰਬਾਨੀ ਕਰਦੇ ਹਨ। ਕੁਰਬਾਨੀ ਕਰਨਾ ਹਰ ਮਾਲਦਾਰ ਮੁਸਲਮਾਨ ਲਈ ਜ਼ਰੂਰੀ ਹੈ ਕਿਉਂਕਿ ਕੁਰਾਨ ਦੀ ਸੂਰਤ (ਚੈਪਟਰ) ਨੰ: 108 ਦੀ ਆਇਤ ਨੰ: 2 ਵਿਚ ਅਲਾਹ ਹੁਕਮ ਦਿੰਦਾ ਹੈ ਕਿ ਹੇ ਬੰਦੇ ਤੂੰ ਆਪਣੇ ਪਾਲਣਹਾਰ ਲਈ ਨਮਾਜ਼ ਪੜ੍ਹ ਅਤੇ ਕੁਰਬਾਨੀ ਕਰ। ਇਸੇ ਪ੍ਰਕਾਰ ਹਜ਼ਰਤ ਅਨਸ ਰਜ਼ਿ: ਬਿਆਨ ਕਰਦੇ ਹਨ ਕਿ ਹਜ਼ਰਤ ਮੁਹੰਮਦ (ਸ) ਨੇ ਦੋ ਭੇਡੂ ਸਿੰਗਾਂ ਵਾਲ ਖਰੀਦੇ ਅਤੇ ਆਪਣੇ ਹੱਥੀਂ ਕੁਰਬਾਨੀ ਕੀਤੀ। ਸਾਰੇ ਮੁਸਲਮਾਨਾਂ ਲਈ ਕੁਰਬਾਨੀ ਦਾ ਹੁਕਮ ਸਨ. 2 ਹਿਜਰੀ ਵਿਚ ਦਿੱਤਾ ਗਿਆ ਅਤੇ ਇਸੇ ਸਾਲ ਜ਼ਕਾਤ ਅਤੇ ਸਦਕਾ ਫਿਤਰ ਦਾ ਹੁਕਮ ਵੀ ਜਾਰੀ ਹੋਇਆ। ਈਦ-ਉਲ-ਅਜਹਾ ਵਾਲੇ ਦਿਨ ਲੋਕ ਆਪਣੀ ਹੈਸੀਅਤ ਦੇ ਅਨੁਸਾਰ ਨਵੇਂ ਕੱਪੜੇ ਪਾ ਕੇ ਈਦ ਦੀ ਨਮਾਜ਼ ਪੜ੍ਹਦੇ ਹਨ। ਇਸ ਤੋਂ ਬਾਅਦ ਜਿਨ੍ਹਾਂ ਨੇ ਕੁਰਬਾਨੀ ਕਰਨੀ ਹੁੰਦੀ ਹੈ ਉਹ ਈਦ ਦੇ ਤਿੰਨੋਂ ਦਿਨਾਂ 'ਚ ਕਿਸੇ ਵੀ ਦਿਨ ਕੁਰਬਾਨੀ ਕਰ ਸਕਦੇ ਹਨ। ਕੁਰਬਾਨੀ ਦੇ ਗੋਸ਼ਤ ਦੇ ਤਿੰਨ ਬਰਾਬਰ ਹਿੱਸੇ ਕੀਤੇ ਜਾਂਦੇ ਹਨ ਇਕ ਹਿੱਸਾ ਕੁਰਬਾਨੀ ਕਰਨ ਵਾਲੇ ਲਈ, ਇਕ ਹਿੱਸਾ ਗ਼ਰੀਬਾਂ ਲਈ ਅਤੇ ਇਕ ਹਿੱਸਾ ਰਿਸ਼ਤੇਦਾਰਾਂ ਲਈ ਰਖਿਆ ਜਾਂਦਾ ਹੈ।

**ਮੋਬਾਈਲ 94171-58300**

---

# ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਬਿਭੌਰ ਸਾਹਿਬ

**ਗੁਰਨਾਮ ਸਿੰਘ ਭੱਲੜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਪਵਿੱਤਰ ਅਸਥਾਨ ਗੁਰਦੁਆਰਾ ਬਿਭੌਰ ਸਾਹਿਬ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ 'ਚ ਵਸ, ਨੰਗਲ ਡੈਮ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਤਲੁਜ ਝੀਲ ਦੇ ਕੰਢੇ 'ਤੇ ਸੁਸ਼ੋਭਿਤ ਹੈ। ਖ਼ਾਲਸਾ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਕਰੀਬ 23 ਕਿਲੋਮੀਟਰ ਉੱਤਰ ਦਿਸ਼ਾ ਵੱਲ ਸਥਿਤ ਇਸ ਪਾਵਨ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਸਾਲ 1696 ਪਧਾਰੇ ਸਨ। ਇਕ ਮਾਨਤਾ ਅਨੁਸਾਰ ਇਸ ਪਾਵਨ ਅਸਥਾਨ ਤੇ ਗੁਰੂ ਜੀ ਨੇ ਤੇਰਾਂ ਮਹੀਨੇ, ਤੇਰਾਂ ਦਿਨ, ਤੇਰਾਂ ਘੜੀਆਂ ਅਤੇ ਤੇਰਾ ਪਲ ਗੁਜਾਰੇ ਸਨ। ਇਸ ਪਾਵਨ ਅਸਥਾਨ 'ਤੇ ਹੀ ਗੁਰੂ ਜੀ ਵਲੋਂ ਪਵਿੱਤਰ ਬਾਣੀ 'ਕਬਯੋਵਾਚ ਬੇਨਤੀ ਚੌਪਈ' ਸਾਹਿਬ ਦੀ ਰਚਨਾ ਕੀਤੀ ਤੇ ਸੰਮਤ 1753 ਭਾਦੋਂ ਸੁਦੀ ਅਸ਼ਟਮੀ ਦਿਨ ਐਤਵਾਰ ਨੂੰ ਚੌਪਈ ਸਾਹਿਬ ਦੀ ਬਾਣੀ ਦਾ ਉਚਾਰਨ ਕੀਤਾ ਸੀ।

ਬਿਭੌਰ ਸਾਹਿਬ ਉਸ ਸਮੇਂ ਰਾਜਾ ਬਾਰਥਿਕ ਰਿਆਸਤ ਸੀ। ਬਾਰਥਿਕ ਰਿਆਸਤ ਦੇ ਨਾਂ ਤੋਂ ਹੀ ਇਸ ਦਾ ਨਾਂ ਬਿਭੌਰ ਸਾਹਿਬ ਰੱਖਿਆ ਗਿਆ। ਇਥੋਂ ਦੇ ਰਾਜਾ ਰਤਨ ਰਾਏ ਅਤੇ ਰਾਣੀ ਗੁਰੂ ਜੀ ਦੇ ਸੇਵਕ ਸਨ।ਅਤੇ ਗੁਰੂ ਜੀ ਦੇ ਕਹਿਣ 'ਤੇ ਹੀ, ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਆਪਣੀ ਧੀ ਸ਼ੰਮਾਂ ਰਾਣੀ, ਬਿਭੌਰ ਰਿਆਸਤ ਦੇ ਰਾਜੇ ਰਤਨ ਰਾਏ ਨਾਲ ਵਿਆਹੀ ਹੋਈ ਸੀ। ਬਿਭੌਰ ਦੇ ਰਾਜਾ ਵਲੋਂ ਗੁਰੂ ਜੀ ਨੂੰ ਵਾਰ-ਵਾਰ ਬਿਭੌਰ ਸਾਹਿਬ ਆਉਣ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ। ਅਖ਼ੀਰ ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸਾਲ 1696 ਵਿਚ ਬਿਭੌਰ ਸਾਹਿਬ ਲਈ ਨੰਗਲ ਡੈਮ ਵਿਖੇ ਪਹੁੰਚੇ ਸਨ।ਜਿੱਥੇ ਸਤਲੁਜ ਦਰਿਆ ਲੰਘਣ ਲਈ ਨੰਗਲ ਵਿਖੇ ਇਕ ਘਾਟ ਸੀ ਜਿਥੋਂ ਕਿਸਤੀ ਰਾਹੀ ਬਿਭੌਰ ਸਾਹਿਬ ਨੂੰ ਜਾਣਾ ਪੈਂਦਾ ਸੀ। ਪਿੰਡ ਦੁਬੇਟਾ ਅਤੇ ਬਿਭੌਰ ਸਾਹਿਬ, ਸਤਲੁਜ ਦਰਿਆ ਦੇ ਕੰਢੇ 'ਤੇ ਬਹੁਤ ਉਚੀਆਂ ਪਹਾੜੀਆਂ 'ਤੇ ਵਸੇ ਦੋ ਪਿੰਡ ਸਨ। ਇਨ੍ਹਾਂ ਪਿੰਡਾਂ ਵਿਚਕਾਰ ਪੈਂਦੀ ਸਤਲੁਜ ਨਦੀ ਨੂੰ ਪਾਰ ਕਰਨ ਲਈ ਬੇੜੀ ਪੈਂਦੀ ਸੀ। ਗੁਰੂ ਜੀ ਨੇ ਇਸ ਘਾਟ ਤੋਂ ਬੇੜੀ ਰਸਤੇ ਬਿਭੌਰ ਸਾਹਿਬ ਜਾਣਾ ਸੀ, ਜਿਸ ਦੀ ਭਿਣਕ ਸਾਰੇ ਮਲਾਹਾਂ ਨੂੰ ਲੱਗ ਚੁੱਕੀ ਸੀ। ਇਸ ਲਈ ਹਰੇਕ ਮਲਾਹ ਨੇ ਆਪਣੀ ਆਪਣੀ ਬੇੜੀ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸਜਾ ਲਿਆ ਤਾਂ ਕਿ ਗੁਰੂ ਜੀ ਉਸ ਦੀ ਬੇੜੀ ਵਿਚ ਬੈਠ ਕੇ ਸਤਲੁਜ ਦਰਿਆ ਪਾਰ ਕਰਨਗੇ ਅਤੇ ਮੋਟੀ ਮਾਇਆ ਜਾ ਮੋਹਰਾਂ ਦਾ ਗੱਫਾ ਦੇ ਕੇ ਜਾਣਗੇ।

ਇਸ ਘਾਟ 'ਤੇ ਬੇੜੀ ਚਲਾਉਣ ਵਾਲਾ ਰੁਕਨਦੀਨ ਮਲਾਹ ਵੀ ਸੀ। ਜਿਸ ਨੂੰ ਲੋਕ ਸੈਦਾ ਮਲਾਹ ਵੀ ਆਖਦੇ ਸਨ। ਰੱਬ ਦੀ ਰਜ਼ਾ ਵਿਚ ਰਹਿਣ ਵਾਲਾ ਰੁਕਨਦੀਨ ਬਹੁਤ ਗ਼ਰੀਬ ਸੀ ਇਸ ਕਾਰਨ ਉਸ ਦੀ ਕਿਸ਼ਤੀ ਵੀ ਕਈ ਥਾਂ ਤੋਂ ਟੁੱਟੀ ਹੋਈ ਸੀ। ਇਸ ਕਾਰਨ ਦੂਜੇ ਮਲਾਹਾਂ ਵਲੋਂ ਸੈਦਾ ਮਲਾਹ ਦੀ ਕਿਸ਼ਤੀ ਨੂੰ ਇਕ ਸਾਈਡ 'ਤੇ ਕਰਾ ਦਿੱਤਾ। ਜਦੋਂ ਗੁਰੂ ਜੀ ਇਸ ਘਾਟ 'ਤੇ ਪਹੁੰਚੇ ਤਾਂ ਉਹ ਵਾਰੀ-ਵਾਰੀ ਹਰ ਇਕ ਕਿਸ਼ਤੀ ਦੇ ਮਲਾਹ ਕੋਲ ਜਾ ਕੇ ਪੁੱਛਣ ਲੱਗੇ ਕਿ ਇਹ ਕਿਸ਼ਤੀ ਕਿਸਦੀ ਹੈ, ਤਾਂ ਹਰੇਕ ਮਲਾਹ ਨੇ ਹੰਕਾਰ ਵਿੱਚ ਆ ਕੇ ਕਿਹਾ ਕਿ ਇਹ ਕਿਸ਼ਤੀ ਮੇਰੀ ਹੈ, ਇਹ ਕਿਸਤੀ ਮੇਰੀ ਹੈ।।ਸੈਦਾ ਮਲਾਹ ਬਹੁਤ ਨਿਤਾਣਾ ਹੋ ਕੇ ਇਕ ਪਾਸੇ ਖੜ੍ਹਾ ਸੀ। ਜਦੋਂ ਗੁਰੂ ਜੀ ਨੇ ਸੈਦੇ ਮਲਾਹ ਦੀ ਕਿਸ਼ਤੀ ਵੱਲ ਉਂਗਲ ਕਰ ਕੇ ਪੁੱਛਿਆ ਕਿ ਇਹ ਕਿਸ਼ਤੀ ਕਿਸਦੀ ਹੈ।ਤਾਂ ਸਾਰੇ ਮਲਾਹ ਹੱਸ ਪਏ।ਪਰ ਸੈਦਾ ਮਲਾਹ ਬਹੁਤ ਹੀ ਨਿਮਰਤਾ ਨਾਲ ਬੋਲਿਆ ਕਿ ਸੱਚੇ ਪਾਤਸ਼ਾਹ ਜੀ ਇਹ ਬੇੜੀ ਆਪ ਦੀ ਹੀ ਹੈ ਅਤੇ ਮੈਂ ਆਪ ਦੇ ਦਰ ਦਾ ਕੂਕਰ ਹਾਂ।।ਸੈਦੇ ਮਲਾਹ ਦੀ ਨਿਮਰਤਾ ਨੂੰ ਵੇਖ ਕੇ ਗੁਰੂ ਜੀ ਬਹੁਤ ਖ਼ੁਸ਼ ਹੋਏ ਅਤੇ ਸੈਦੇ ਮਲਾਹ ਦੀ ਕਿਸ਼ਤੀ ਵਿਚ ਬੈਠ ਕੇ ਸਤਲੁਜ ਦਰਿਆ ਪਾਰ ਕੀਤਾ।

ਜਦੋਂ ਗੁਰੂ ਜੀ ਸੈਦੇ ਮਲਾਹ ਨੂੰ ਕੁਝ ਮੋਹਰਾਂ ਦੇਣ ਲੱਗੇ ਤਾਂ ਉਹ ਹੱਥ ਜੋੜ ਕੇ ਖੜ੍ਹਾ ਹੋ ਗਿਆ।ਤੇ ਕਹਿਣ ਲੱਗਾ ਕਿ



ਗ਼ਰੀਬ ਨਿਵਾਜ ਜੀ ਤੁਸੀ ਵੀ ਮਲਾਹ ਹੋ ਅਤੇ ਮੈਂ ਵੀ ਮਲਾਹ ਹਾਂ।।ਮੇਰਾ ਅਸੂਲ ਹੈ ਕਿ ਮੈਂ ਕਿਸੇ ਮਲਾਹ ਤੋਂ ਕੋਈ ਭੇਟਾ ਨਹੀ ਲੈਂਦਾ। ਗੁਰੂ ਜੀ ਹੈਰਾਨ ਹੋ ਕੇ ਪੁੱਛਣ ਲੱਗੇ ਉਹ ਕਿਵੇਂ? ਤਾਂ ਸੈਦਾ ਮਲਾਹ ਹੱਥ ਜੋੜ ਕੇ ਕਹਿਣ ਲੱਗਾ ਕਿ ਗੁਰੂ ਜੀ ਮੈਂ ਇਸ ਨਦੀ ਤੋਂ ਆਪ ਜੀ ਨੂੰ ਪਾਰ ਲੰਘਾਇਆ ਹੈ ਇਸ ਲਈ ਮੈਂ ਇਕ ਮਲਾਹ ਹਾਂ ਅਤੇ ਤੁਸੀ ਲੋਕਾਂ ਨੂੰ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਲੰਘਾਉਂਦੇ ਹੋ ਇਸ ਲਈ ਤੁਸੀ ਵੀ ਇਕ ਮਲਾਹ ਹੀ ਹੋ। ਗੁਰੂ ਜੀ ਕਹਿਣ ਲੱਗੇ ਕੁਝ ਮੰਗ ਲੈ ਤਾਂ ਸੈਦਾ ਮਲਾਹ ਨੇ ਹੱਥ ਜੋੜ ਕੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੇ ਤੁੱਠੇ ਹੋ ਤਾਂ ਮੇਰੀ ਇਕ ਬੇਨਤੀ ਕਬੂਲ ਕਰੋ।ਕਿ ਮੈਨੂੰ ਇਸ ਸੰਸਾਰ ਦੇ ਭਵਸਾਗਰ ਤੋਂ ਪਾਰ ਲਗਾ ਦਿਉ। ਗੁਰੂ ਜੀ ਨੇ ਵਰ ਦਿੱਤਾ ਕਿ ਸੈਦਿਆ ਤੂੰ ਤਾਂ ਆਪਣੀ ਗੱਲ ਕਰਦਾ ਹੈ ਤੇਰੀਆਂ 21 ਕੁਲਾਂ ਤਰਨਗੀਆਂ।

ਇਸ ਜਗ੍ਹਾ 'ਤੇ ਸਿੱਖ ਸੰਗਤਾਂ ਵਲੋਂ ਇਕ ਝੋਪੜੀ ਬਣਾ ਕੇ ਗੁਰਦੁਆਰਾ ਸਾਹਿਬ ਬਣਾਇਆ ਗਿਆ ਸੀ ਜੋ ਦੇਸ਼ ਵੰਡ ਸਮੇਂ ਜਨੂੰਨੀਆਂ ਵਲੋਂ ਸਾੜ ਦਿੱਤਾ ਗਿਆ ਸੀ। ਮੁੜ ਸੰਗਤਾਂ ਵਲੋਂ 1950 'ਚ ਇਸ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਆਰੰਭ ਕੀਤੀ ਗਈ ਅਤੇ 13 ਅਪਰੈਲ 1952 ਨੂੰ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਅੱਜ ਇਸ ਥਾਂ 'ਤੇ ਆਲੀਸ਼ਾਨ ਗੁਰਦੁਆਰਾ ਘਾਟ ਸਾਹਿਬ ਬਣਿਆ ਹੋਇਆ ਹੈ। ਇਸ ਅਸਥਾਨ 'ਤੇ ਹਰ ਸਾਲ ਭਾਦੋਂ ਸੁਦੀ ਅਸ਼ਟਮੀ ਨੂੰ 'ਕਬਯੋਵਾਚ ਬੇਨਤੀ ਚੌਪਈ' ਦੇ ਉਚਾਰਨ ਦਿਵਸ ਮੌਕੇ ਭਾਰੀ ਮੇਲਾ ਅਤੇ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ।

**ਮੋਬਾਈਲ : 94173 35325**

## ਪਿੰਡ ਜਾਤੀਵਾਲ ਦੇ ਮਨਰੇਗਾ ਮਜ਼ਦੂਰਾਂ ਨੂੰ ਇੱਕ ਸਾਲ ਤੋਂ ਨਹੀਂ ਮਿਲਿਆ ਕੰਮ -ਸੀਟੂ



**ਮਾਛੀਵਾੜਾ ਸਾਹਿਬ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਥੋੜ੍ਹੀ ਦੂਰ ਪਿੰਡ ਜਾਤੀਵਾਲ ਦੇ ਮਨਰੇਗਾ ਮਜ਼ਦੂਰਾਂ ਦੀ ਇੱਕ ਮੀਟਿੰਗ ਸਾਥੀ ਹਰੀ ਰਾਮ ਭੱਟੀ ਅਤੇ ਬੀਬੀ ਸੁਰਿੰਦਰ ਕੌਰ ਦੀ ਅਗਵਾਈ ਵਿੱਚ ਕੀਤੀ ਗਈ। ਮੀਟਿੰਗ ਦੌਰਾਨ ਇਹ ਮਾਮਲਾ ਸਾਹਮਣੇ ਆਇਆ ਕਿ ਪਿਛਲੇ ਇੱਕ ਸਾਲ ਤੋਂ ਪਿੰਡ ਦੇ ਮਨਰੇਗਾ ਮਜ਼ਦੂਰਾਂ ਨੂੰ ਕੋਈ ਵੀ ਕੰਮ ਨਹੀਂ ਦਿੱਤਾ ਗਿਆ। ਮਜ਼ਦੂਰਾਂ ਵੱਲੋਂ ਬੀਡੀਪੀਓ ਦਫ਼ਤਰ ਮਾਛੀਵਾੜਾ ਸਾਹਿਬ ਵਿਖੇ ਬਹੁਤ ਵਾਰੀ ਪਹੁੰਚ ਕੀਤੀ ਗਈ ਪ੍ਰੰਤੂ ਕੋਈ ਵੀ ਸੁਣਵਾਈ ਨਹੀਂ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਪੁੱਜੇ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਕੂੰਮਕਲਾਂ ਨੇ ਮਨਰੇਗਾ ਐਕਟ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਕਾਨੂੰਨ ਅਨੁਸਾਰ ਹਰ ਜੌਬ ਕਾਰਡ ਧਾਰਕ ਨੂੰ ਇੱਕ ਸਾਲ ਵਿੱਚ 100 ਦਿਨ ਕੰਮ ਦੇਣਾ ਜ਼ਰੂਰੀ ਹੈ ਉਨ੍ਹਾਂ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਮਨਰੇਗਾ ਕਾਨੂੰਨ ਦੀ ਅਵਗਿਆ ਹੈ ਕਿ ਇੱਕ ਸਾਲ ਤੋਂ ਮਨਰੇਗਾ ਮਜ਼ਦੂਰਾਂ ਨੂੰ ਕੋਈ ਕੰਮ ਹੀ ਨਹੀਂ ਦਿੱਤਾ ਗਿਆ।ਜਦ ਕਿ ਕਾਨੂੰਨ ਅਨੁਸਾਰ ਮਨਰੇਗਾ ਮਜ਼ਦੂਰਾਂ ਨੂੰ ਜੇਕਰ 100 ਦਿਨ ਕੰਮ ਨਹੀਂ ਦਿੱਤਾ ਜਾਂਦਾ ਤਾਂ ਮਜ਼ਦੂਰ ਬੇਰੁਜ਼ਗਾਰੀ ਭੱਤਾ ਲੈਣ ਦੇ ਹੱਕਦਾਰ ਹਨ।ਪਰ ਇਥੇ ਮਜ਼ਦੂਰਾਂ ਨੂੰ ਨਾਂ ਪੂਰਾ ਕੰਮ, ਨਾਂ ਕੋਈ ਭੱਤਾ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰ ਨੂੰ ਸਾਲ ਵਿੱਚ 200 ਦਿਨ ਕੰਮ ਦਿੱਤਾ ਜਾਵੇ, 44ਵੀਂ 45ਵੀਂ 46ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ 700/-ਰੁਪਏ ਪ੍ਰਤੀ ਦਿਨ ਦਿਹਾੜੀ ਦਿੱਤੀ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਕੰਮ ਕਰਨ ਵਾਲੇ ਔਜਾਰ ਦਾਤੀ, ਕਹੀ, ਖੁਰਪਾ,ਬਠੱਲ ਆਦਿ ਸਰਕਾਰ ਵੱਲੋਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਕੰਮ ਦੌਰਾਨ ਮਨਰੇਗਾ ਮਜ਼ਦੂਰਾਂ ਨਾਲ ਕੋਈ ਹਾਦਸਾ ਵਾਪਰ ਜਾਣ ਉਪਰੰਤ 5-5 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਕੰਮ ਨਾਂ ਦਿੱਤਾ ਗਿਆ ਤਾਂ ਸੰਘਰਸ਼ ਵਿੱਢਿਆ ਜਾਵੇਗਾ ਜਿਸ ਦੇ ਚੰਗੇ ਮਾੜੇ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰ ਹੋਵੇਗੀ ਪੰਜਾਬ ਸਰਕਾਰ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਕਸ਼ਮੀਰੀ ਲਾਲ ਜੱਸੋਵਾਲ, ਬੀਬੀ ਕੁਲਵਿੰਦਰ ਕੌਰ, ਰਮਨਦੀਪ ਕੌਰ,ਦਲਜੀਤ ਕੌਰ, ਰਮਨਦੀਪ ਕੌਰ ਕੁਲਬੀਰ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ।

## ਪਿੰਡ ਪੂਨੀਆਂ ਵਿਖੇ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ

**ਮਾਛੀਵਾੜਾ ਸਾਹਿਬ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸਾਉਣ ਦੇ ਮਹੀਨੇ ਵਿੱਚ ਮੁਟਿਆਰਾਂ ਦਾ ਪਸੰਦੀਦਾ ਤੀਆਂ ਦਾ ਤਿਉਹਾਰ ਨੇੜਲੇ ਪਿੰਡ ਪੂਨੀਆ ਵਿਖੇ ਚਰਨਜੀਤ ਕੌਰ ਪੂਨੀਆਂ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਚਰਨਜੀਤ ਕੌਰ ਪੂਨੀਆਂ ਨੇ ਦੱਸਿਆ ਕਿ ਪੇਂਡੂ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ ਪਿੰਡਾਂ ਵਿੱਚ ਤੀਆਂ ਦਾ ਤਿਉਹਾਰ ਮਨਾਉਣਾ ਸਮੇਂ ਦੀ ਲੋੜ ਹੈ ਕਿਉਂਕਿ ਤੀਆਂ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਹਨਾਂ ਤੀਆਂ ਵਿੱਚ ਨਵ ਵਿਆਹੀਆਂ ਮੁਟਿਆਰਾਂ ਆਪਣੇ ਪੇਕੇ ਪਿੰਡ ਆ ਕੇ ਆਪਣੀ ਸਹੇਲੀਆਂ ਨੂੰ ਮਿਲਦੀਆਂ ਹਨ ਅਤੇ ਗਿੱਧਾ ਪਾ ਕੇ ਦੁੱਖ ਸੁੱਖ ਸਾਂਝੇ ਕਰਦੀਆਂ ਹਨ। ਉਹਨਾਂ ਕਿਹਾ ਕਿ ਇਹ ਤਿਉਹਾਰ ਹੁਣ ਸ਼ਹਿਰਾਂ ਵਿੱਚ ਵੀ ਮਨਾਇਆ ਜਾਣ ਲੱਗਿਆ ਹੈ ਜੋ ਕਿ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰੇ ਤੋਂ ਹੀ ਪਿੰਡ ਦੀਆਂ ਨਵਵਿਆਹੁਤਾ ਮੁਟਿਆਰਾਂ, ਕੁੜੀਆਂ ਅਤੇ ਬਜ਼ੁਰਗ ਔਰਤਾਂ ਵੱਲੋਂ ਪਿੰਡ ਦੇ ਪੁਰਾਤਨ ਦਰਵਾਜ਼ੇ (ਨਗਰ ਖੇੜੇ) ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਅਤੇ ਬਾਅਦ ਵਿੱਚ ਪਿੱਪਲਾਂ ਤੇ ਪੀਂਘਾਂ ਪਾਈਆਂ ਗਈਆਂ। ਇਸ ਮੌਕੇ ਪਿੰਡ ਦੀਆਂ ਔਰਤਾਂ ਅਤੇ ਮੁਟਿਆਰਾਂ ਰੰਗ ਬਰੰਗੇ ਸੂਟਾਂ ਅਤੇ ਫੁਲਕਾਰੀਆਂ ਵਿੱਚ ਸੱਜ ਕੇ ਆਈਆਂ ਤੇ ਉਹਨਾਂ ਨੇ ਬੋਲੀਆਂ ਨਾਲ ਗਿੱਧਾ ਪਾ ਕੇ ਅਤੇ ਡੀਜੇ ਤੇ ਨੱਚ ਕੇ ਖੂਬ ਰੰਗ ਬੰਨਿਆ। ਇਸ



ਮੌਕੇ ਤੀਆਂ ਨਾਲ ਸੰਬੰਧਿਤ ਪੁਰਾਤਨ ਸੱਭਿਆਚਾਰ ਨੂੰ ਦਰਸਾਉਂਦੀਆਂ ਝਾਕੀਆਂ ਵੀ ਪੇਸ਼ ਕੀਤੀਆਂ ਜਿਨਾਂ ਵਿੱਚ ਚਰਖੇ ਕੱਤਣ , ਪੱਖੀਆਂ ਝੱਲਣਾ, ਮਧਾਣੀਆਂ, ਭੜੋਲੀਆਂ ਅਤੇ ਫੁਲਕਾਰੀਆਂ ਤੇ ਚਾਦਰਾਂ ਕੱਢਣ ਦੇ ਦ੍ਰਿਸ਼ ਦਿਖਾਏ ਗਏ। ਇਸ ਮੌਕੇ ਤੇ ਕੁੜੀਆਂ ਤੇ ਮੁਟਿਆਰਾਂ ਵੱਲੋਂ ਪੀਘਾਂ ਝੂਟ ਕੇ ਖੂਬ ਮਨੋਰੰਜਨ ਕੀਤਾ। ਇਹਨਾਂ ਤੀਆਂ ਵਿੱਚ ਭਰਾ ਵੱਲੋਂ ਭੈਣਾਂ ਨੂੰ ਦਿੱਤੇ ਜਾਣ ਵਾਲੇ ਸੰਧਾਰੇ ਦਾ ਦ੍ਰਿਸ਼ ਵੀ ਪੇਸ਼ ਕੀਤਾ ਗਿਆ।

ਜਿਸ ਨੂੰ ਸਾਰੇ ਪਿੰਡ ਨੇ ਗਹੁ ਨਾਲ ਤੱਕਿਆ ਅਤੇ ਸਾਰਿਆਂ ਵਿੱਚ ਬਿਸਕੁਟ ਵੀ ਵੰਡੇ ਗਏ। ਅੰਤ ਵਿੱਚ ਸਾਰੇ ਪਿੰਡ ਲਈ ਖੀਰ-ਪੂੜਿਆਂ ਦਾ ਲੰਗਰ ਵੀ ਵਰਤਾਇਆ ਗਿਆ। ਇਹ ਤੀਆਂ ਦਾ ਤਿਉਹਾਰ ਮਨਾਉਣ ਵਿੱਚ ਪ੍ਰਭਜੋਤ ਕੌਰ, ਰਵਿੰਦਰ ਕੌਰ, ਜਸਪ੍ਰੀਤ ਕੌਰ ਤੇ ਸਿਮਰਨਜੀਤ ਕੌਰ ਦਾ ਅਹਿਮ ਯੋਗਦਾਨ ਰਿਹਾ।

## ਪੱਤਰਕਾਰੀ ਦੇ ਭੀਸ਼ਮ ਪਿਤਾਮਾ ਬਾਬਾ ਬੋਹੜ ਰਾਜਪਾਲ ਆਂਗਰਾ ਤੇ ਮਦਨ ਲਾਲ ਨੇ ਬੂਟੇ ਲਗਾਏ

**ਸ੍ਰੀ ਅਨੰਦਪੁਰ ਸਾਹਿਬ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਹਰਿਆ ਭਰਿਆ ਬਣਾਉਣ ਮੁਹਿੰਮ ਤਹਿਤ ਅੱਜ ਪੱਤਰਕਾਰੀ ਦੇ ਭੀਸ਼ਮ ਪਿਤਾਮਾ ਬਾਬਾ ਬੋਹੜ ਰਾਜਪਾਲ ਆਂਗਰਾ ਅਤੇ ਮਦਨ ਲਾਲ ਸੈਨਟਰੀ ਇੰਸਪੈਕਟਰ ਨੇ ਜਨਮ ਦਿਨ ਮੌਕੇ ਚਰਨਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਏ ਗਏ।

ਇਸ ਮੌਕੇ ਵਾਤਾਵਰਣ ਪ੍ਰੇਮੀ , ਸਿਟੀ ਇੰਚਾਰਜ ਸਬ ਇੰਸਪੈਕਟਰ ਗੁਰਮੁੱਖ ਸਿੰਘ ਉਚੇਚੇ ਤੌਰ ਤੇ ਹਾਜ਼ਰ ਹੋਏ ਅਤੇ ਉਹਨਾਂ ਨੇ ਕਿਹਾ ਕਿ ਅਸੀਂ ਗੁਰੂ ਨਗਰੀ ਹਰਿਆ ਭਰਿਆ ਬਣਾਉਣ ਦੇ ਨਾਲ ਨਾਲ ਇਸ ਵਿਚੋਂ ਨਸ਼ੇ (ਚਿੱਟਾ) ਵਰਗੀਆਂ ਭੈੜੀਆਂ ਅਲਾਮਤਾਂ ਨੂੰ ਖਤਮ ਕਰਨਾ ਹੈ। ਇਸ ਮੌਕੇ ਰਾਜਪਾਲ ਆਂਗਰਾ ਨੇ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਜਨਮ ਦਿਨ ਤੇ ਵੱਧ ਤੋਂ ਵੱਧ ਬੂਟੇ ਲਗਾਣੇ ਚਾਹੀਦੇ ਹਨ ਅਸੀਂ ਦੇਖਿਆ ਕਿ ਇਸ ਸਾਲ ਗਰਮੀ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਦਾ ਕਾਰਨ ਰੁੱਖਾਂ ਅਤੇ ਪਹਾੜਾਂ ਦੀ ਅੰਨ੍ਹੇਵਾਹ ਕਟਾਈ ਹੈ। ਜੇਕਰ ਸਮੇਂ ਸਿਰ ਸਾਵਧਾਨੀ ਨਾ ਵਰਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਦਾ ਸੰਤੁਲਨ ਵਿਗੜ ਜਾਵੇਗਾ, ਜਿਸ ਦਾ ਨਤੀਜਾ ਸਾਨੂੰ ਸਾਰਿਆਂ ਨੂੰ ਭੁਗਤਣਾ ਪਵੇਗਾ। ਇਸ ਲਈ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਜ਼ਰੂਰੀ ਹਨ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਬੂਟੇ ਰੁੱਖ ਬਣਦੇ ਹਨ, ਉਦੋਂ ਤੱਕ ਸਾਨੂੰ ਸਾਰਿਆਂ ਨੂੰ ਇਹਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਵੱਲ ਗੰਭੀਰਤਾ ਨਾਲ ਧਿਆਨ ਦਿੰਦੇ ਹੋਏ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਉਣ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕੌਂਸਲਰ ਦਲਜੀਤ ਸਿੰਘ ਕੈਂਥ,ਭੰਗੜਾ ਕੋਚ ਦੀਦਾਰ ਸਿੰਘ, ਮੈਡਮ ਓਮਾ ਕੁਮਾਰੀ ਚੀਫ ਫਾਰਮਾਸਿਸਟ ਵਰਿੰਦਰ ਕੁਮਾਰ ਮਲਕੀਤ ਸਿੰਘ,ਰਾਜ ਘਈ ਹਾਜ਼ਰ ਸਨ।

## 15 ਅਗਸਤ ਨੂੰ ਦੇਸ਼ ਭਰ ਵਿੱਚ ਕੀਤਾ ਜਾਵੇਗਾ ਟਰੈਕਟਰ ਮਾਰਚ

**ਅੰਮ੍ਰਿਤਸਰ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਨੇ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਦੇਸ਼ ਦੇ ਸੰਵਿਧਾਨ ਨੇ ਲੋਕਾਂ ਨੂੰ ਆਪਣੇ ਹੱਕ ਹਕੂਕਾਂ ਦੇ ਲਈ ਆਵਾਜ਼ ਬੁਲੰਦ ਕਰਨ ਦਾ ਅਧਿਕਾਰ ਦਿੱਤਾ ਹੈ ਅਤੇ ਆਪਣੀਆ ਹੱਕੀ ਮੰਗਾਂ ਲਈ ਦਿੱਲੀ ਨੂੰ ਜਾ ਰਹੇ ਕਿਸਾਨਾਂ ਨੂੰ ਰੋਕਣ ਵਾਸਤੇ ਭਾਜਪਾ ਵੱਲੋਂ ਆਪਣੇ ਹੀ ਦੇਸ਼ ਦੇ ਲੋਕਾਂ ਉੱਪਰ ਅੱਤਿਆਚਾਰ ਕਰਨ ਵਾਲੇ ਅਤੇ ਆਪਣੇ ਲੋਕਾਂ ਦਾ ਕਤਲ ਕਰਨ ਵਾਲੇ ਜਾਲਮ ਪੁਲਿਸ ਅਫਸਰਾਂ ਦਾ ਨਾਮ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਿਤ ਕਰਨ ਲਈ ਸਿਫਾਰਿਸ਼ ਕਰਨ ਤੋ ਸਿੱਧ ਹੋ ਜਾਂਦਾ ਹੈ ਕਿ ਜੋ ਕੰਮ ਅੰਗਰੇਜੀ ਹਕੂਮਤ ਵੱਲੋ ਜ਼ਿਲ੍ਹਿਆ ਵਾਲੇ ਬਾਗ ਦੇ ਖੂਨੀ ਸਾਕੇ ਦੇ ਦੋਸ਼ੀ ਜਰਨਲ ਡਾਇਰ ਨੂੰ ਸਨਮਾਨਿਤ ਕਰਕੇ ਨਹੀ ਕੀਤਾ ਗਿਆ ਸੀ ਉਹ ਕੰਮ ਭਾਜਪਾ ਦੀ ਸਰਕਾਰ ਵੱਲੋਂ ਆਪਣੇ ਹੀ ਦੇਸ਼ ਦੇ ਲੋਕਾਂ ਦਾ ਕਤਲ ਕਰਨ ਵਾਲੇ ਦੋਸ਼ੀ ਪੁਲਸ ਅਫਸਰਾਂ ਨੂੰ ਸਨਮਾਨਿਤ ਕਰਨ ਦੀ ਸਿਫਾਰਿਸ਼ ਕਰਕੇ ਕੀਤਾ ਗਿਆ ਹੈ

ਜਿਸ ਤੋਂ ਭਾਜਪਾ ਸਰਕਾਰ ਦੀ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ। ਉਹਨਾਂ ਅੱਗੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਜੋ ਕਿਸਾਨ ਝੋਨਾ ਲਗਾਉਣ ਲਈ ਵਾਪਸ ਪਿੰਡ ਆ ਗਏ ਸਨ ਉਹਨਾਂ ਦੀ ਮੋਰਚਿਆਂ ਵਿੱਚ ਵੱਧ ਤੋਂ ਵੱਧ ਹਾਜਰੀ ਵਧਾਉਣ ਲਈ ਹਰ ਪਿੰਡ ਵਿੱਚ ਵੱਡੀ ਪੱਧਰ ਤੇ ਤਿਆਰੀਆਂ ਲਈ ਮੀਟਿੰਗਾ ਕੀਤੀਆਂ ਜਾ ਰਹੀਆਂ ਹਨ ਤਾ ਜੋ ਬਾਰਡਰਾਂ ਉੱਪਰ ਚੱਲ ਰਹੇ ਮੋਰਚਿਆਂ ਵਿੱਚ ਹੋਰ ਟਰੈਕਟਰ ਟਰਾਲੀਆਂ ਨਾਲ ਮੋਰਚੇ ਨੂੰ ਹੋਰ ਵੀ ਮਜਬੂਤ ਕਰਨ ਲਈ ਸ਼ਮੂਲੀਅਤ ਕੀਤੀ ਜਾਵੇ।

ਕਰਮਜੀਤ ਸਿੰਘ ਨੰਗਲੀ ਨੇ ਅੱਗੇ ਗੱਲਬਾਤ ਕਰਦਿਆਂ ਦੱਸਿਆ ਕਿ 15 ਅਗਸਤ ਨੂੰ ਦੇਸ਼ ਭਰ ਵਿੱਚ ਕਿਸਾਨੀ ਮੰਗਾਂ ਦੀ ਪੂਰਤੀ ਲਈ ਅਤੇ ਬਾਰਡਰਾ ਉੱਪਰ ਚੱਲ ਰਹੇ ਮੋਰਚਿਆਂ ਦੀ ਹਮਾਇਤ ਵਿੱਚ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੂਰੇ ਦੇਸ਼ ਭਰ ਵਿੱਚ ਟਰੈਕਟਰ ਮਾਰਚ ਕੀਤਾ ਜਾਵੇਗਾ ਅਤੇ ਭਾਜਪਾ ਸਰਕਾਰ ਵੱਲੋਂ ਲੋਕਾਂ ਦੀ ਆਜ਼ਾਦੀ ਖੋਹਣ ਲਈ ਜੋ ਤਿੰਨ ਕਾਨੂੰਨ ਲਿਆਂਦੇ ਗਏ ਹਨ ਉਹਨਾਂ ਦੀਆ ਕਾਪੀਆ ਸਾੜੀਆਂ ਜਾਣਗੀਆਂ ਜਿਸ ਸੰਬੰਧੀ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਸਾਰੇ ਬਲਾਕਾਂ ਵਿੱਚ ਟਰੈਕਟਰ ਮਾਰਚ ਕਰਨ ਅਤੇ ਕਾਨੂੰਨ ਦੀਆਂ ਕਾਪੀਆਂ ਸਾੜਨ ਸਬੰਧੀ ਮੀਟਿੰਗਾਂ ਕਰਕੇ ਸਾਰੇ ਬਲਾਕਾ ਦੀਆ ਡਿਊਟੀਆ ਲਗਾ ਦਿੱਤੀਆਂ ਗਈਆਂ ਹਨ।

## ਨਗਰ ਕੌਂਸਲ ਨਵਾਂਗਾਓਂ ਦੇ ਸਫ਼ਾਈ ਕਰਮਚਾਰੀ 120 ਦੀ ਬਜਾਏ ਸਿਰਫ਼ 39 ਹੀ ਕੰਮ ਕਰ ਰਹੇ ਸਨ

**ਨਿਊ ਚੰਡੀਗੜ੍ਹ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਨਵਾਂਗਾਓਂ ਨਗਰ ਕੌਂਸਲ ’ਚ ਚੱਲ ਰਹੀ ਧਾਂਦਲੀ ਵਿਰੁੱਧ ਕੌਂਸਲਰਾਂ ਨੇ ਖੁਦ ਦਫਤਰ ਦੇ ਗੇਟ ’ਤੇ ਧਰਨਾ ਦਿੱਤਾ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੀ ਗਿਣਤੀ 120 ਹੈ ਪਰ ਜਦੋਂ ਕੰਮ ਕਰਨ ਵੇਲੇ ਗਿਣਿਆ ਜਾਂਦਾ ਹੈ ਤਾਂ ਸਿਰਫ਼ 39 ਹੀ ਮਿਲਦੇ ਹਨ। ਕਿੱਥੇ ਹਨ ਬਾਕੀ ਕਰਮਚਾਰੀ ਜਿਨ੍ਹਾਂ ਦੀ ਸੂਚੀ ਠੇਕੇਦਾਰ ਕੋਲ ਹੈ ? ਇਨ੍ਹਾਂ ਕੌਂਸਲਰਾਂ ਦਾ ਅਸਲ ਮਨਸੂਬਾ ਇਹ ਹੈ ਕਿ ਨਵਾਂਗਾਓਂ ਵਿੱਚ ਸਫ਼ਾਈ ਵਿਵਸਥਾ ਠੀਕ ਢੰਗ ਨਾਲ ਕੰਮ ਨਹੀਂ ਕਰ ਰਹੀ। ਪੂਰੇ ਨਵਾਂਗਾਓਂ ਵਿੱਚ ਗੰਦਗੀ ਫੈਲੀ ਹੋਈ ਹੈ ਅਤੇ ਉਹ ਵੀ ਬਰਸਾਤ ਦੇ ਮੌਸਮ ਵਿੱਚ, ਜੋ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ। ਨਵਾਂਗਾਓਂ ਨਗਰ ਕੌਂਸਲ ਦੀ ਸੈਨੇਟਰੀ ਇੰਸਪੈਕਟਰ ਮੈਡਮ ਸੰਤੋਸ਼ ਵਰਮਾ ਦਾ ਸਫ਼ਾਈ ’ਤੇ ਕੋਈ ਕੰਟਰੋਲ ਨਹੀਂ ਹੈ। ਇਸ ਮੌਕੇ ਕੌਂਸਲਰ ਪ੍ਰਮੋਦ ਕੁਮਾਰ, ਕੌਂਸਲਰ ਸੁਸ਼ੀਲ ਸ਼ਰਮਾ, ਕੌਂਸਲਰ ਕੁਲਬੀਰ ਬਿਸ਼ਟ, ਸਾਬਕਾ ਕੌਂਸਲਰ ਸੁਰਿੰਦਰ ਕੁਮਾਰ ਮੂਸਾ ਬੱਬਲ, ਕੌਂਸਲਰ ਅਵਤਾਰ ਸਿੰਘ ਤਾਰੀ, ਕੌਂਸਲਰ ਕੁਲਜਿੰਦਰ ਕੌਰ ਦੇ ਪਤੀ ਮਨਜੀਤ ਸਿੰਘ ਸਿੱਧੂ, ਕੌਂਸਲਰ ਅਰਚਨਾ ਕੋਰੀ ਦੇ ਪਤੀ ਸਮਾਜ ਸੇਵੀ ਬਬਲੂ ਕੋਰੀ, ਸੀਨੀਅਰ ਭਾਜਪਾ ਆਗੂ ਵਿਨੀਤ ਜੋਸ਼ੀ ਸਮੇਤ ਹੋਰ ਕੌਂਸਲਰ ਮੌਜੂਦ ਸਨ। ਦੇ ਮੁੱਖ ਗੇਟ ’ਤੇ ਧਰਨਾ ਦਿੱਤਾ ਹੈ ਪਰ ਉਹ ਉਨ੍ਹਾਂ ਦੀ ਗੱਲ ਵੱਲ ਧਿਆਨ ਦੇਣ ਨੂੰ ਤਿਆਰ ਨਹੀਂ ਹਨ। ਇਨ੍ਹਾਂ ਸਾਰਿਆਂ ਦਾ ਕਹਿਣਾ ਹੈ ਕਿ ਹਰ ਗਲੀ ਦਾ ਸੀਵਰੇਜ ਬੰਦ ਹੈ ਅਤੇ ਗੰਦਾ ਕਾਲਾ ਬਦਬੂਦਾਰ ਪਾਣੀ ਇਨ੍ਹਾਂ ਵਿੱਚ ਵਹਿ ਰਿਹਾ ਹੈ। ਮੇਨਾ ਨਾਡਾ ਰੋਡ, ਅਰਦਾਸ ਨਗਰ, ਗੋਵਿੰਦ ਨਗਰ, ਪੌਸ਼ ਇਲਾਕਾ, ਸ਼ਿਵਾਲਿਕ ਬਿਹਾਰ ਵੀ ਸਫ਼ਾਈ ਤੋਂ ਵਾਂਝੇ ਹਨ। ਨਵਾਂਗਾਓਂ ਵਾਸੀਆਂ ਅਤੇ ਕੌਂਸਲਰਾਂ ਦੀ ਮੰਗ ਹੈ ਕਿ ਇਸ ਸੈਨੇਟਰੀ ਇੰਸਪੈਕਟਰ ਮੈਡਮ ਸੰਤੋਸ਼ ਵਰਮਾ ਨੂੰ ਇੱਥੋਂ ਬਦਲਿਆ ਜਾਵੇ। ਨਾ ਸਿਰਫ਼ ਨਵਾਂਗਾਓਂ ਨਗਰ ਕੌਂਸਲ ਵਿੱਚ ਸਫ਼ਾਈ ਵਿਵਸਥਾ ਦਾ ਬੁਰਾ ਹਾਲ ਹੈ, ਸਗੋਂ ਨਵਾਂਗਾਓਂ ਦੇ ਲਗਭਗ ਸਾਰੇ ਸੀਵਰੇਜ ਦੇ ਢੱਕਣ ਟੁੱਟੇ ਹੋਏ ਹਨ, ਜਿਨ੍ਹਾਂ ਦੀ ਮੁਰੰਮਤ ਲਈ ਨਗਰ ਕੌਂਸਲ ਹਰ ਮਹੀਨੇ 50 ਲੱਖ ਰੁਪਏ ਦਾ ਬਿੱਲ ਵਸੂਲਦੀ ਹੈ। ਕੌਂਸਲਰਾਂ ਦਾ ਕਹਿਣਾ ਹੈ ਕਿ ਕੁਝ ਗਲੀਆਂ ਵਿੱਚ ਪੇਵਰ ਬਲਾਕ ਪਾਉਣੇ ਹਨ ਪਰ ਠੇਕੇਦਾਰ ਨੇ ਉਨ੍ਹਾਂ ਦੀ ਸਾਰੀ ਪੇਮੈਂਟ ਲੈ ਲਈ ਹੈ। ਮਨਜੀਤ ਸਿੰਘ ਸਿੱਧੂ ਨੇ ਕਿਹਾ ਕਿ ਨਵਾਂਗਾਓਂ ਨਗਰ ਕੌਂਸਲ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਦੀ ਵਿਜੀਲੈਂਸ ਤੋਂ ਜਾਂਚ ਹੋਣੀ ਚਾਹੀਦੀ ਹੈ।

## ਸਰਕਾਰੀ ਸਕੂਲਾਂ ਵਿੱਚ ਟ੍ਰੈਫਿਕ ਪੁਲਿਸ ਸੈਮੀਨਾਰ ਲਾ ਕੇ ਜਾਣਕਾਰੀ ਦਿੱਤੀ



**ਨਿਊ ਚੰਡੀਗੜ੍ਹ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਦੇ ਵੱਖ ਵੱਖ ਸਰਕਾਰੀ ਸਕੂਲਾਂ ਵਿੱਚ ਟ੍ਰੈਫਿਕ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਬੱਚਿਆਂ, ਅਧਿਆਪਕਾਂ ਅਤੇ ਬੱਸ ਡਰਾਈਵਰਾਂ ਨੂੰ ਸੜਕੀ ਨਿਯਮਾਂ ਅਤੇ ਕਾਨੂੰਨਾਂ ਬਾਰੇ ਸੈਮੀਨਾਰ ਲਾ ਕੇ ਜਾਣਕਾਰੀ ਦਿੱਤੀ ਗਈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਏ ਐੱਸ ਆਈ ਜਗੀਰ ਸਿੰਘ ਇੰਚਾਰਜ ਟ੍ਰੈਫਿਕ ਪੁਲਿਸ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਨੇ ਦੱਸਿਆ ਕਿ ਮਾਨਯੋਗ ਸੀਨੀਅਰ ਕਪਤਾਨ ਪੁਲਿਸ ਸੰਦੀਪ ਗਰਗ ਜੀ, ਐਸ.ਪੀ ਟਰੈਫਿਕ ਐੱਚ ਐੱਸ ਮਾਨ ਜੀ , ਡੀ.ਐਸ. ਪੀ ਟ੍ਰੈਫਿਕ ਸ. ਮਹੇਸ਼ ਸੈਣੀ ਦੇ ਹੁਕਮਾਂ ਤਹਿਤ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਏ ਐਸ ਆਈ ਜਨਕ ਰਾਜ ਵੱਲੋਂ ਮੁੱਲਾਂਪੁਰ ਟ੍ਰੈਫਿਕ ਪੁਲਿਸ ਨਾਲ ਮਿਲ ਕੇ ਵਿਖੇ ਸਰਕਾਰੀ ਹਾਈ ਸਕੂਲ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਅਤੇ ਮੁੰਨਾ ਲਾਲ ਪੁਰੀ ਸ ਸ ਸ ਸਕੂਲ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ ਅਧਿਆਪਕਾਂ, ਬੱਚਿਆਂ, ਬਸ ਡਰਾਇਵਰਾਂ ਅਤੇ ਫੀਮੇਲ ਅਟੈਂਡੈਂਟਸ ਨਾਲ ਸੈਮੀਨਾਰ ਕੀਤਾ, ‘ਸੇਫ ਸਕੂਲ ਵਾਹਨ’ ਪਾਲਿਸੀ, ‘ਫਰਿਸ਼ਤੇ ਸਕੀਮ’ ਬਾਰੇ ਜਾਣਕਾਰੀ ਦਿੱਤੀ, ਗੱਡੀਆਂ ਵਿੱਚ ਸਨਰੂਫ ਦੇ ਨੁਕਸਾਨ ਬਾਰੇ, ਟਰੈਫਿਕ ਨਿਯਮਾਂ ਬਾਰੇ, ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸਬੰਧੀ, ਅੰਡਰਏਜ ਡਰਾਇਵਿੰਗ ਨਾ ਕਰਣ ਬਾਰੇ, ਵੱਧੇ ਹੋਏ ਜੁਰਮਾਨੇ ਤੇ ਮਾਂ ਬਾਪ ਦੇ ਖਿਲਾਫ ਕਨੂੰਨੀ ਕਾਰਵਾਈ ਬਾਰੇ, ਐਪ ਬਾਰੇ ਦੱਸਿਆ, ਸਾਇਬਰ ਕ੍ਰਾਇਮ ਬਾਰੇ, ਲੇਨ ਡਰਾਇਵਿੰਗ ਬਾਰੇ, ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਬਾਰੇ, ਪ੍ਰੈਸ਼ਰ ਹਾਰਨ ਦੀ ਵਰਤੋਂ ਨਾ ਕਰਨ ਬਾਰੇ ਵਾਤਾਵਰਣ ਦੀ ਸੁਰੱਖਿਅਤ ਬਾਰੇ ਅਤੇ ਨਸ਼ਿਆ ਦੇ ਮਾੜੇ ਪ੍ਰਭਾਵ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। ਵਾਹਨਾਂ ਤੇ ਹਾਈ ਸਿਕਿਓਰਿਟੀ ਨੰਬਰ ਪਲੇਟਾਂ ਲਗਵਾਉਣ, ਦੋ ਪਹੀਆ ਵਾਹਨ ਤੇ ਹੈਲਮਟ ਪਾਉਣ ਬਾਰੇ, ਵਾਹਨਾਂ ਨੂੰ ਸੜਕ ਤੇ ਖੜਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰ, ਖੱਬੇ-ਸੱਜੇ ਮੁੜਨ ਵੇਲੇ ਇੰਡੀਕੇਟਰ ਦੀ ਵਰਤੋ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ,ਬੁਲਟ ਮੋਟਰਸਾਇਕਲ ਤੇ ਪਟਾਕੇ ਨਾ ਮਾਰਨ ਅਤੇ ਨਾ ਮੌਡਿਫਾਈ ਕਰਾਨ ਦੀ ਅਪੀਲ ਕੀਤੀ।

ਸਾਰੇ ਟਰੈਫਿਕ ਨਿਯਮਾਂ ਦੀ ਇੰਨ ਬਿੰਨ ਪਾਲਣਾ ਕਰਨ ਬਾਰੇ ਤੋਂ ਜੋ ਸੜਕੀ ਹਾਦਸਿਆਂ ਨੂੰ ਘਟਾਇਆ ਜਾ ਸਕੇ। ਪੁਲਿਸ ਤੋਂ ਮਦਦ ਲੈਣ ਅਤੇ ਦੇਣ ਲਈ ਹੈਲਪਲਾਈਨ ਨੰਬਰ 112 ਅਤੇ 181 ਤੇ ਕਾਲ ਕਰਨ ਬਾਰੇ, ਇਸ ਦੇ ਨਾਲ ਸਾਈਬਰ ਕ੍ਰਾਈਮ ਲਈ 1930 ਤੇ ਕਾਲ ਕਰਨ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਮੁੰਨਾ ਲਾਲ ਪੁਰੀ ਸ ਸ ਸ ਸਕੂਲ ਦੇ ਪ੍ਰਿੰਸੀਪਲ ਮੈਡਮ ਜੋਤੀ ਸੋਨੀ ਅਤੇ ਸਰਕਾਰੀ ਹਾਈ ਸਕੂਲ ਦੇ ਪ੍ਰਿੰਸੀਪਲ ਮੈਡਮ ਰੂਬੀ ਬੰਗੜ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ



**ਲੁਧਿਆਣਾ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਸਰੀਨ ਵੱਲੋਂ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਲੁਧਿਆਣਾ ਵਿਖੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਹੁੰ ਚੁਕਾਈ। ਉਨ੍ਹਾਂ ਨਸ਼ਿਆਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਅਤੇ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

ਇਹ ਸਮਾਗਮ ਸਥਾਨਕ ਬੱਚਤ ਭਵਨ ਵਿਖੇ ਹੋਇਆ ਜਿਸ ਵਿੱਚ ਨਸ਼ਿਆਂ ਦੀ ਰੋਕਥਾਮ ਅਤੇ ਨਸ਼ਾ ਮੁਕਤ ਸਮਾਜ ਦੀ ਉਸਾਰੀ ਲਈ ਸਮੂਹਿਕ ਯਤਨਾਂ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ।

ਮੇਜਰ ਸਰੀਨ ਨੇ ਮਿਸਾਲੀ ਵਿਅਕਤੀਆਂ ਦੀ ਮਹੱਤਤਾ ’ਤੇ ਚਾਨਣ ਪਾਇਆ ਜਿਹੜੇ ਖੁਦ ਇਸ ਨਰਕ ਵਿੱਚੋਂ ਬਾਹਰ ਆਏ ਹਨ ਅਤੇ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਨਸ਼ੇ ਤੋਂ ਪਾਸਾ ਵੱਟਣ ਲਈ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਦੇਸ਼ ਦੇ ਵਿਕਾਸ ਵਿੱਚ ਨੌਜਵਾਨ ਪੀੜ੍ਹੀ ਦੀ ਅਹਿਮ ਭੂਮਿਕਾ ’ਤੇ ਜ਼ੋਰ ਦਿੱਤਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਸਮਾਜ ਵਿੱਚ ਚੌਕਸੀ ਵਧਾਉਣ ਦਾ ਸੱਦਾ ਦਿੱਤਾ।

ਨੌਜਵਾਨਾਂ ਤੋਂ ਤਹਿਦਿਲੋਂ ਸਹਿਯੋਗ ਮੰਗਦਿਆਂ, ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪ੍ਰਸ਼ਾਸਨ ਨਾਲ ਤਾਲਮੇਲ ਬਣਾ ਕੇ ਨਸ਼ਿਆਂ ਵਿਰੁੱਧ ਇਕਜੁੱਟ ਹੋ ਕੇ ਕੰਮ ਕਰਨ ਲਈ ਕਿਹਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਇਹ ਜੰਗ ਹਰ ਪੰਜਾਬੀ ਦਾ ਮਿਸ਼ਨ ਹੋਣਾ ਚਾਹੀਦਾ ਹੈ।

## ਆਜ਼ਾਦੀ ਦਿਵਸ ਦੀਆਂ ਤਿਆਰੀਆਂ ਸਬੰਧੀ ਰਿਹਰਸਲ ਕਰਵਾਈ ਗਈ



**ਬਟਾਲਾ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦੀ ਦਿਵਸ ਮਨਾਉਣ ਦੀਆਂ ਤਿਆਰੀਆਂ ਪੂਰੇ ਜੋਸ਼ ਲੂ’ਤੇ ਉਤਸ਼ਾਹ ਨਾਲ ਕੀਤੀਆਂ ਜਾ ਰਹੀਆਂ ਹਨ। ਡਾ. ਸ਼ਾਇਰੀ ਭੰਡਾਰੀ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤਹਿਸੀਲਦਾਰ ਜਗਤਾਰ ਸਿੰਘ ਦੀ ਅਗਵਾਈ ਹੇਠ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਚੱਲ ਰਹੀਆਂ ਰਿਹਰਸਲਾਂ ਦਾ ਜਾਇਜ਼ਾ ਲਿਆ ਗਿਆ। ਕੱਲ੍ਹ 16 ਅਗਸਤ ਨੂੰ ਸਵੇਰੇ 9 ਵਜੇ ਸਰਕਾਰੀ ਬਹੁ-ਤਕਨੀਕੀ ਕਾਲਜ ਦੇ ਰਾਜੀਵ ਗਾਂਧੀ ਸਟੇਡੀਅਮ ਬਟਾਲਾ ਵਿਖੇ 15 ਅਗਸਤ ਨੂੰ ਹਿੱਸਾ ਲੈਣ ਵਾਲੀ ਪਰੇਡ ਦੀ ਫੁੱਲ ਡਰੈੱਸ ਹੋਵੇਗੀ।

ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਵਿਖੇ ਆਜ਼ਾਦੀ ਦਿਵਸ ਮੌਕੇ ਪੇਸ਼ ਕੀਤੇ ਜਾਣ ਵਾਲੇ ਸੱਭਿਆਚਰਕ ਸਮਾਗਮ ਲਈ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵਲੋਂ ਦੇਸ਼ ਭਗਤੀ ਤੇ ਅਧਾਰਿਤ ਸ਼ਾਨਦਾਰ ਕੋਰੀਓਗ੍ਰਾਫੀ, ਸੋਲੋ ਡਾਂਸ, ਗਰੁੱਪ ਗੀਤ ਤੇ ਭੰਗੜੇ ਆਦਿ ਦੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਸ਼ਸ਼ੀ ਭੂਸ਼ਨ ਵਰਮਾ ਐਮ ਡੀ ਐਫ.ਸੀ ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਹਰਜਿੰਦਰ ਸਿੰਘ ਕਲਸੀ ਡੀਪੀਆਰਓ, ਡਾ. ਸਤਿੰਦਰਜੀਤ ਕੌਰ ਅਤੇ ਸਕੂਲਾਂ ਦੇ ਨੁਮਾਇੰਦੇ ਮੌਜੂਦ ਸਨ।

## ਆਈਕੋਨਿਕ ਵੂਮੈਨ ਕਲੱਬ ਵੱਲੋਂ ਧੂਮਧਾਮ ਅਤੇ ਮਨਾਇਆ ਤੀਜ ਦਾ ਤਿਉਹਾਰ



**ਡੇਰਾ ਬਸੀ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਆਈਕੋਨਿਕ ਵੂਮੈਨ ਕਲੱਬ ਡੇਰਾਬੱਸੀ ਵਲੋ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ। ਕਲੱਬ ਦੀ ਅਹੁਦੇਦਾਰ ਦਵਿੰਦਰ ਕੌਰ ਚੱਢਾ, ਗੀਤੂ ਸਿਧਾਣਾ, ਨਵਪ੍ਰੀਤ ਕੌਰ ਕੋਹਲੀ ਨੇ ਫਨ ਗੇਮਜ਼, ਤੰਬੋਲਾ ਅਤੇ ਗਿੱਧਾ ਕਰਵਾਇਆ।

ਪੰਜਾਬੀ ਪਹਿਰਾਵੇ ਵਿੱਚ ਔਰਤਾਂ ਨੇ ਬੋਲੀਆ ਪਾ ਧਮਾਲ ਕੀਤੀ ਅਤੇ ਗਿੱਧਾ ਵੀ ਪਾਇਆ। ਕਲੱਬ ਦੀ ਪ੍ਰਬੰਧਕਾਂ ਨਵਪ੍ਰੀਤ ਕੌਰ ਕੋਹਲੀ ਵਲੋ ਮਹਿਲਾਵਾਂ ਨਾਲ ਆਪਣੇ 20ਸਾਲਾਂ ਕੈਰੀਅਰ ਦੇ ਤਜੁਰਬੇ ਸਾਂਝੇ ਕੀਤੇ । ਉਨ੍ਹਾ ਕਿਹਾ ਕਿ ਸਾਨੂੰ ਪੰਜਾਬੀਆਂ ਨੂੰ ਅਪਣੇ ਸਭਿਆਚਾਰ ਪੱਖੋਂ ਅਮੀਰ ਵਿਰਸੇ ਤੇ ਮਾਣ ਹੈ। ਸਾਡਾ ਸੱਭਿਆਚਾਰਕ ਭਾਈਚਾਰਾ ਕੁਝ ਹਦ ਤਕ ਸਭਿਆਚਾਰ ਤੇ ਧਰਮਾਂ-ਤਿਉਹਾਰਾਂ ਬਾਰਾਂ-ਮਾਹਾਂ ਨਾਲ ਜੁੜਿਆ ਹੋਇਆ ਹੈ।

## ਸਰਕਾਰੀ ਸਕੂਲ ਨਸ਼ਿਆਂ ਖਿਲਾਫ ਕੀਤਾ ਪ੍ਰੇਰਿਤ

**ਫਾਜ਼ਿਲਕਾ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸਰਕਾਰੀ ਸਕੂਲ ਓਡੀਆਂ ਤੇ ਬਾਂਡੀ ਵਾਲਾ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਵੈਨ ਰਾਹੀਂ ਵਿਦਿਆਰਥੀਆਂ ਨੂੰ ਨਾਟਕ ਦਾ ਆਯੋਜਨ ਕਰਕੇ ਪ੍ਰੇਰਿਤ ਕੀਤਾ ਗਿਆ। ਪ੍ਰਜਾਪਤੀ ਇਸ਼ਵਰੀਆ ਵਿਸ਼ਵ ਵਿਦਿਆਲਿਆ ਮਾਉਂਟ ਆਬੂ ਵਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਵੈਨ ਚਲਾਈ ਗਈ ਹੈ ਜ਼ੋ ਵੱਖ—ਵੱਖ ਏਰੀਆ ਵਿਚ ਜਾ ਕੇ ਜਾਗਰੂਕਤਾ ਨਾਟਕ ਦਾ ਆਯੋਜਨ ਕਰਕੇ ਨਸ਼ਿਆਂ ਖਿਲਾਫ ਵਿਦਿਆਰਥੀ ਵਰਗ ਤੇ ਜਨਹਿਤ ਨੂੰ ਪ੍ਰੇਰਿਤ ਕਰ ਰਹੀ ਹੈ।

ਪ੍ਰਿਆਦੀਦੀ ਦੀ ਅਗਵਾਈ ਹੇਠ ਚਲਾਈ ਜਾ ਰਹੇ ਜਾਗਰੂਕਤਾ ਵੈਨ ਦੇ ਮਾਰਫਤ ਫਿਲਮੀ ਨਾਟਕ ਰਾਹੀਂ ਵਿਦਿਆਰਥੀ ਨੂੰ ਆਪਣੇ ਅੰਦਰ ਨੂੰ ਜਗਾਉਣ ਦਾ ਸੁਨੇਹਾ ਦਿੱਤਾ ਕਿ ਉਠੋ ਤੇ ਨਸ਼ਿਆਂ ਖਿਲਾਫ ਲੜੋ ਤੇ ਹੋਰਾਂ ਨੂੰ ਵੀ ਪ੍ਰੇਰਿਤ ਕਰੋ ਕਿ ਨਸ਼ਿਆਂ ਦੀ ਦਲਦਲ ਵਿਚ ਜਾਉਣ ਤੋਂ ਬਚਿਆ ਜਾਵੇ ।

## ਦੇਸ਼ ਭਗਤੀ ਅਤੇ ਸੱਭਿਆਚਾਰ ਪੇਸ਼ਕਾਰੀਆਂ ਨੂੰ ਦਰਸਾਉਦੀ ਵਿਦਿਆਰਥੀਆਂ ਦੀ ਦੂਜੀ ਰਿਹਸਲ ਕਰਵਾਈ

**ਸ੍ਰੀ ਅਨੰਦਪੁਰ ਸਾਹਿਬ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸੁਤੰਤਰਤਾ ਦਿਵਸ ਸਮਾਰੋਹ ਸ੍ਰੀ ਅਨੰਦਪੁਰ ਸਾਹਿਬ ਦੇ ਚਰਨ ਗੰਗਾ ਸਟੇਡੀਅਮ ਵਿਚ ਧੂਮ-ਧਾਮ ਨਾਲ ਮਨਾਇਆ ਜਾਵੇਗਾ, ਜਿਸਦੀਆਂ ਤਿਆਰੀਆ ਸਬੰਧੀ ਅੱਜ ਦੂਜੀ ਰਿਹਸਲ ਕਰਵਾਈ ਗਈ। ਇਹ ਜਾਣਕਾਰੀ



ਚੋਣ ਕਮੇਟੀ ਨੇ ਅੱਜ ਅਜਾਦੀ ਦਿਵਸ ਸਮਾਰੋਹ ਦੀ ਦੂਜੀ ਰਿਹਸਲ ਮੌਕੇ ਪੇਸ਼ਕਾਰੀਆਂ ਦਾ ਜਾਇਜਾ ਲੈਣ ਮੌਕੇ ਦਿੱਤੀ। ਉਹਨਾਂ ਕਿਹਾ ਕਿ ਇਸ ਸਮਾਰੋਹ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਕੂਲਾਂ ਦੇ ਵਿਦਿਆਰਥੀਆਂ ਵਲੋਂਸੱਭਿਆਚਾਰਕਅਤੇਦੇਸ਼ਭਗਤੀਦੇਪ੍ਰੋਗਰਾਮ ਦੀਆਂ ਪੇਸ਼ਕਾਰੀਆਂ ਦਿੱਤੀਆ ਗਈਆਂ।

## ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਿਦਿਆਰਥੀਆਂ ਦਾ ਜਾਗਰੂਕ ਹੋਣਾ ਜਰੂਰੀ- ਢਿੱਲੋਂ

**ਮਾਛੀਵਾੜਾ ਸਾਹਿਬ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ ਵਿੱਚ ਮਾਪਿਆਂ ਅਤੇ ਬੱਚਿਆਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਟਰੈਫਿਕ ਪੁਲਸ ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾ ਰਹੇ ਹਨ। ਟਰੈਫਿਕ ਪੁਲਿਸ ਮਾਛੀਵਾੜਾ ਸਾਹਿਬ ਵੱਲੋਂ ਬਲਾਕ ਦੇ ਹਰ ਸਕੂਲ ਵਿੱਚ ਜਾ ਕੇ ਬੱਚਿਆਂ ਨੂੰ ਟਰੈਫਿਕ ਨਿਯਮਾਂ ਬਾਰੇ ਦੱਸਿਆ ਜਾ ਰਿਹਾ। ਇਸੇ ਲੜੀ ਤਹਿਤ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝੜੌਦੀ ਵਿਖੇ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ , ਮੋਬਾਇਲ ਦੀ ਦੁਰਵਰਤੋਂ ਅਤੇ ਫਾਸਟ ਫੂਡ ਦੇ ਨੁਕਸਾਨ ਸਬੰਧੀ ਜਾਗਰੂਕਤਾ ਸੈਮੀਨਾਰ ਲਾਇਆ ਗਿਆ। ਟ੍ਰੈਫਿਕ ਇੰਚਾਰਜ ਇੰਦਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦੋਪਹੀਆ ਵਾਹਨ ਚਲਾਉਣ ਸਮੇਂ ਸਾਨੂੰ ਸਾਰੇ ਦਸਤਾਵੇਜ਼ ਪੂਰੇ ਰੱਖਣੇ ਚਾਹੀਦੇ ਹਨ ਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਨਵੇਂ ਨਿਯਮ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਨਾਂ ਦੇ ਲਾਇਸੰਸ ਨਹੀ ਬਣੇ ਹੋਏ ਹਨ, ਉਹ ਇਸ ਨਿਯਮ ਨੂੰ ਨਾ ਤੋੜਨ ਕਿਉਂਕਿ ਇਸ ਨਾਲ 25000 ਰੁਪਏ ਜੁਰਮਾਨਾ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਤਿੰਨ ਸਾਲ ਦੀ ਸਜ਼ਾ ਜਾਂ ਦੋਵੇਂ ਹੋ ਸਕਦੇ ਹਨ।ਜਿਸ। ਵਿਅਕਤੀ ਦੇ ਨਾਮ ਮੋਟਰਸਾਈਕਲ ਜਾਂ ਕਾਰ ਦੀ ਆਰਸੀ ਹੋਵੇਗੀ ਉਸ ਨੂੰ ਜੇਲ੍ਹ ਵੀ ਜਾਣਾ ਪੈ ਸਕਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਬੱਚੇ ਨੂੰ ਜਿਹਨਾਂ ਦੀ ਉਮਰ 18 ਸਾਲ ਤੋਂ ਘੱਟ ਹੈ ਉਹਨਾਂ ਨੂੰ ਦੋ ਪਹੀਆ ਜਾਂ ਚਾਰ ਪਹੀਆ ਵਾਹਨ ਨਾ ਚਲਾਣ ਦੇਣ। ਐਨਜੀਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਬੱਚਿਆਂ ਨੂੰ ਫਾਸਟ ਫੂਡ ਦੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਆ ਦੱਸਿਆ ਕਿ ਖਤਰਨਾਕ ਕੈਮੀਕਲਾਂ ਨਾਲ ਤਿਆਰ ਹੋਣ ਵਾਲੇ ਇਹ ਫਾਸਟ ਫੂਡ ਸਾਡੇ ਸਰੀਰ ਵਿੱਚ ਜਾ ਕੇ ਬੁਰਾ ਅਸਰ ਪਾਉਂਦੇ ਹਨ। ਇਸ ਲਈ ਸਾਨੂੰ ਸਾਦਾ ਅਤੇ ਘਰ ਵਿੱਚ



ਬਣਿਆ ਹੋਇਆ ਸ਼ਾਕਾਹਾਰੀ ਭੋਜਨ ਹੀ ਖਾਣਾ ਚਾਹੀਦਾ ਹੈ। ਐਨ.ਜੀ.ਓ. ਮੈਂਬਰ ਜਗਤਾਰ ਸਿੰਘ ਜੱਸੋਵਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਮੋਬਾਇਲ ਦੀ ਵਰਤੋਂ ਨਾ ਕਰਦਿਆਂ ਉਹ ਹੀ ਸਮਾਂ ਆਪਣੀ ਪੜ੍ਹਾਈ ਅਤੇ ਘਰ ਦੇ ਕੰਮਾਂ ਵਿੱਚ ਲਗਾਉਣਾ ਚਾਹੀਦਾ ਹੈ ਕਿਉਂਕਿ ਮੋਬਾਇਲ ਜਿੱਥੇ ਸਾਡੇ ਦਿਮਾਗ ਉੱਤੇ ਬੁਰਾ ਅਸਰ ਪਾਉਂਦਾ ਹੈ।

ਉਹਨਾਂ ਕਿਹਾ ਕਿ ਮੋਬਾਇਲ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ ਤੇ ਇਸ ਸਮੇਂ ਨੂੰ ਕਿਤਾਬਾਂ ਨਾਲ ਜੋੜ ਕੇ ਸਾਨੂੰ ਆਪਣੀ ਸਫਲਤਾ ਵੱਲ ਮਿਹਨਤ ਕਰਦਿਆਂ ਹੋਇਆ ਕਦਮ ਅੱਗੇ ਵਧਾਉਣਾ ਚਾਹੀਦਾ ਹੈ। ਸਕੂਲ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਅਤੇ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਮੇਂ ਸਮੇਂ ਤੇ ਵਿਦਿਆਰਥੀਆਂ ਨੂੰ ਵੱਖ-ਵੱਖ ਸਮਾਜਿਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਰਹਿਣ ਲਈ ਉਹ ਐਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਅਤੇ ਟਰੈਫਿਕ ਇੰਚਾਰਜ ਇੰਦਰਜੀਤ ਸਿੰਘ ਢਿੱਲੋਂ ਦਾ ਸੰਸਥਾ ਵੱਲੋਂ ਧੰਨਵਾਦ ਪ੍ਰਗਟ ਕਰਦੇ ਹਨ। ਉਹਨਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੱਸੀਆਂ ਗਈਆਂ ਹਦਾਇਤਾਂ ਨੂੰ ਮੰਨਦੇ ਹੋਏ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚੋ ਆਪਣਾ ਵੱਡਮੁੱਲਾ ਯੋਗਦਾਨ ਜਰੂਰ ਪਾਉਣ। ਇਸ ਮੌਕੇ ਸਹਾਇਕ ਥਾਣੇਦਾਰ ਅਜਮੇਰ ਸਿੰਘ ਅਤੇ ਸਕੂਲ ਕੋਆਰਡੀਨੇਟਰ ਮਾਸਟਰ ਸਤੀਸ਼ ਕੁਮਾਰ, ਵੰਦਨਾ ਪ੍ਰੀਹਾਰ, ਰਾਜਵਿੰਦਰ ਕੌਰ ਢਿੱਲੋ ,ਰਾਜਵੰਤ ਕੌ,ਰ ਸੀਮਾ ਰਾਣੀ ,ਨਵੀਨ ਸ਼ਰਮਾ, ਸ਼ਰਨਜੀਤ ਸਿੰਘ ,ਜਰਨੈਲ ਸਿੰਘ, ਸ਼ਮਸ਼ੇਰ ਸਿੰਘ ,ਹਰਵਿੰਦਰ ਸਿੰਘ ਵੀ ਮੌਜੂਦ ਸਨ।

## ਦਿਨ-ਦਿਹਾੜੇ ਮੈਡੀਕਲ ਸਟੋਰ ਦੇ ਮਾਲਕ ਨੂੰ ਤੇਜ਼ਧਾਰ ਚੀਜ਼ ਦਿਖਾ ਕੇ ਲੁਟੇਰਿਆਂ ਨੇ ਉਸ ਤੋਂ ਖੋਹਿਆ ਸੋਨਾ

**ਡੇਰਾ ਬਸੀ, 16 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਵਿੱਚ ਲੁਟੇਰਿਆਂ ਵੱਲੋਂ ਕਦੇ ਬੰਦੂਕ ਦੀ ਨੋਕ ਤੇ ਕਦੇ ਚਾਕੂ ਦੀ ਨੋਕ ਤੇ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ ਅਤੇ ਇਹਨਾਂ ਬੇਖੌਫ ਲੁਟੇਰਿਆਂ ਨੂੰ ਜਿੱਥੇ ਪੁਲਿਸ ਦਾ ਕੋਈ ਡਰ ਨਹੀਂ ਹੈ ਉੱਥੇ ਉਹ ਦਿਨ ਦਿਹਾੜੇ ਇਹਨਾਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਸੋਮਵਾਰ ਦੁਪਹਿਰ ਨੂੰ ਵੀ ਦੋ ਨਕਾਬਪੋਸ਼ ਨੌਜਵਾਨਾਂ ਨੇ ਡੇਰਾਬੱਸੀ ਹੈਬਤਪੁਰ ਰੋਡ ਤੇ ਸਥਿਤ ਕੈਮਿਸਟ ਦੀ ਦੁਕਾਨ ਦੀ ਮਹਿਲਾ ਮਾਲਕ ਨੂੰ ਤੇਜ਼ਧਾਰ ਚੀਜ਼ ਦਿਖਾ ਕੇ ਉਸ ਦੇ ਗਲੇ ਚੋਂ ਚੇਨ ਅਤੇ ਸੋਨੇ ਦੀਆਂ ਚੂੜੀਆਂ ਖੋਹ ਲਈਆਂ। ਪੀੜਤਾ ਨੇ ਇਸ ਮਾਮਲੇ ਸਬੰਧੀ ਪੁਲਿਸ ਕੋਲ ਐਫਆਈਆਰ ਦਰਜ ਕਰਵਾਈ ਹੈ। ਪੁਲਿਸ ਨੇ ਆਸਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਪੀੜਤ ਦੀਪਿਕਾ ਪਤਨੀ ਰੋਹਿਤ ਮਲਹੋਤਰਾ ਵਾਸੀ ਡੇਰਾਬੱਸੀ ਨੇ ਦੱਸਿਆ ਕਿ ਉਸ ਦੀ ਹੈਬਤਪੁਰ ਰੋਡ ਤੇ ਗੁਲਮੋਹਰ ਸਿਟੀ ਸੁਸਾਇਟੀ ਦੇ ਸਾਹਮਣੇ ਗ੍ਰੇਸ ਮੈਡੀਕਲ ਸਟੋਰ ਦੇ ਨਾਂ ਦੀ ਦੁਕਾਨ ਹੈ। ਉਸ ਨੇ ਦੱਸਿਆ ਕਿ ਦੁਪਹਿਰ ਕਰੀਬ 2.30 ਵਜੇ ਮੋਟਰਸਾਈਕਲ ’ਤੇ ਮੂੰਹ ਢੱਕੇ ਦੋ ਨੌਜਵਾਨ ਦੁਕਾਨ ’ਤੇ ਆਏ ਅਤੇ ਉਨ੍ਹਾਂ ਨੇ ਇਨਸੁਲਿਨ ਮੰਗੀ, ਜਿਸ ’ਤੇ ਦੀਪਿਕਾ ਨੇ ਕਿਹਾ ਕਿ ਇਹ ਦਵਾਈ ਨਹੀਂ ਹੈ। ਉਸ ਸਮੇਂ ਦੁਕਾਨ ਤੇ ਇਕ ਹੋਰ ਨੌਜਵਾਨ ਵੀ ਖੜ੍ਹਾ ਸੀ, ਜੋ ਦਵਾਈ ਸਪਲਾਈ ਕਰਨ ਆਇਆ ਸੀ, ਜਿਸ ਨੂੰ ਦੇਖ ਕੇ ਦੋਵੇਂ ਦੋਸ਼ੀ ਉਥੋਂ ਫ਼ਰਾਰ ਹੋ ਗਏ ।

ਪੰਜ ਮਿੰਟ ਬਾਅਦ ਜਦੋਂ ਔਰਤ ਦੁਕਾਨ ਚ ਇਕੱਲੀ ਸੀ ਤਾਂ ਦੋਵੇਂ ਦੋਸ਼ੀ ਫਿਰ ਦੁਕਾਨ ਤੇ ਆਏ ਅਤੇ ਪੈਰਾਸੀਟਾਮੋਲ ਦੀ ਦਵਾਈ ਮੰਗੀ। ਜਦੋਂ ਉਹ ਦਵਾਈ ਦੇਣ ਲੱਗੀ ਤਾਂ ਦੋਸ਼ੀਆਂ ਨੇ ਪੇਪਰ ਕਟਰ ਕੱਢ ਲਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਦੀਪਿਕਾ ਨੂੰ ਧੱਕਾ ਦੇ ਕੇ ਦੁਕਾਨ ਦੇ ਪਿਛਲੇ ਪਾਸੇ ਲੈ ਗਏ। ਉਨ੍ਹਾਂ ਨੇ ਔਰਤ ਦੀ ਕੁੱਟਮਾਰ ਕਰਦੇ ਹੋਏ ਉਸ ਦੇ ਹੱਥਾਂ ਦੀ ਚੇਨ, ਮੁੰਦਰੀ ਅਤੇ ਦੋ ਸੋਨੇ ਦੀਆਂ ਚੂੜੀਆਂ ਖੋਹ ਲਈਆਂ ਅਤੇ ਮੋਟਰਸਾਈਕਲ ’ਤੇ ਫ਼ਰਾਰ ਹੋ ਗਏ। ਜਾਂਦੇ ਸਮੇਂ ਮੁਲਜ਼ਮ ਕਾਹਲੀ ਨਾਲ ਆਪਣੇ ਨਾਲ ਲਿਆਂਦੇ ਤਿੱਖੇ ਕਾਗਜ਼ ਦੇ ਕਟਰ ਨੂੰ ਉਥੇ ਹੀ ਛੱਡ ਗਿਆ। ਪੀੜਤ ਔਰਤ ਨੇ ਰੌਲਾ ਪਾ ਕੇ ਉਨ੍ਹਾਂ ਦਾ ਪਿੱਛਾ ਕੀਤਾ ਪਰ ਮੁਲਜ਼ਮ ਭੱਜਣ ਵਿੱਚ ਕਾਮਯਾਬ ਹੋ ਗਿਆ।

ਉਸ ਨੇ ਇਸ ਮਾਮਲੇ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਗੁਆਂਢੀ ਦੁਕਾਨ ਵਿੱਚ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਵਿੱਚ ਦੋ ਨੌਜਵਾਨ ਮੋਟਰਸਾਈਕਲ ’ਤੇ ਆਉਂਦੇ ਦਿਖਾਈ ਦੇ ਰਹੇ ਹਨ।

ਏਐਸਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਆਸਪਾਸ ਲੱਗੇ ਸੀਸੀਟੀਵੀ ਫੁਟੇਜ ਨੂੰ ਸਕੈਨ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਅਜ਼ਰਬੈਜਾਨ ਭੇਜਣ ਦੇ ਨਾਂ 'ਤੇ 27 ਲੋਕਾਂ ਨਾਲ 35 ਲੱਖ ਰੁਪਏ ਦੀ ਠੱਗੀ

**ਏਜੰਸੀਆਂ**

ਚੰਡੀਗੜ੍ਹ 16 ਅਗਸਤ। ਇੱਥੇ ਸੈਕਟਰ-32 ਸਥਿਤ ਵੀਜ਼ਾ ਕੰਪਨੀ ਦੇ ਮਾਲਕ ਅਤੇ ਮੁਲਾਜ਼ਮਾਂ ਨੇ ਤਰਖਾਣ ਅਤੇ ਮਜ਼ਦੂਰੀ ਦੇ ਕੰਮ ਲਈ ਅਜ਼ਰਬੈਜਾਨ ਭੇਜਣ ਦੇ ਨਾਂ 'ਤੇ 27 ਲੋਕਾਂ ਨਾਲ 35 ਲੱਖ ਰੁਪਏ ਦੀ ਠੱਗੀ ਮਾਰੀ ਹੈ। ਨਾਗਪੁਰ ਨਿਵਾਸੀ ਗਣੇਸ਼ਮਲ ਨੇ




ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਸਾਈਬਰ ਸੈੱਲ ਨੇ ਜਾਂਚ ਕਰਕੇ ਵੀਜ਼ਾ ਕੰਪਨੀ ਦੇ ਮਾਲਕ ਅਤੇ ਮੁਲਾਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਗਣੇਸ਼ਮਲ ਨੇ ਪੁਲਸ ਨੂੰ ਦੱਸਿਆ ਕਿ ਉਹ ਤਰਖਾਣ ਦਾ ਕੰਮ ਕਰਦਾ ਹੈ। ਫੇਸਬੁੱਕ 'ਤੇ ਇਸ਼ਤਿਹਾਰ ਦੇਖ ਕੇ ਉਸ ਨੇ ਸੈਕਟਰ-32 ਸਥਿਤ ਵੀਜ਼ਾ ਕੰਪਨੀ ਨੂੰ ਫੋਨ ਕੀਤਾ, ਜਿਸ ਨੂੰ ਕੁੜੀ ਗ਼ਜ਼ਲ ਕਪੂਰ ਨੇ ਚੁੱਕਿਆ। ਉਸ ਨੇ 25 ਅਪ੍ਰੈਲ ਨੂੰ ਦਫ਼ਤਰ ਬੁਲਾਇਆ। ਦਫ਼ਤਰ ਵਿਚ ਤਿੰਨ ਕੁੜੀਆਂ ਅਤੇ ਦੋ ਮੁੰਡੇ ਕੰਮ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ 30 ਲੋਕਾਂ ਦਾ ਇਕ ਗਰੁੱਪ ਅਜ਼ਰਬੈਜਾਨ ਭੇਜਿਆ ਜਾਣਾ ਹੈ, ਜਿਸ ਵਿਚ ਤਰਖਾਣ ਅਤੇ ਮਜ਼ਦੂਰ ਸ਼ਾਮਲ ਹਨ। ਉਨ੍ਹਾਂ ਨੇ ਪ੍ਰਤੀ ਵਿਅਕਤੀ ਇਕ ਲੱਖ 35 ਹਜ਼ਾਰ ਰੁਪਏ ਮੰਗੇ ਅਤੇ ਅਜ਼ਰਬੈਜਾਨ ਪਹੁੰਚ ਕੇ ਕੰਮ ਦਿਵਾਉਣ ਦਾ ਦਾਅਵਾ ਕੀਤਾ। ਸ਼ਿਕਾਇਤਕਰਤਾ ਨੇ ਆਪਣੇ ਪਿੰਡ ਜਾ ਕੇ ਲੋਕਾਂ ਅਤੇ ਰਿਸ਼ਤੇਦਾਰਾਂ ਨੂੰ ਦੱਸਿਆ। ਇਸ ਤੋਂ ਬਾਅਦ ਕੁੜੀ ਨੂੰ ਵੀਜ਼ਾ ਲਗਵਾਉਣ ਲਈ ਪੰਜ ਲੋਕਾਂ ਦੇ ਪਾਸਪੋਰਟ ਭੇਜੇ ਗਏ। ਕੁੜੀ ਨੇ ਸਾਰਿਆਂ ਨੂੰ ਆਫਰ ਲੈਟਰ ਬਣਾ ਕੇ ਵਟਸਐਪ 'ਤੇ ਭੇਜ ਕੇ 25,000 ਰੁਪਏ ਮੰਗੇ, ਜੋ ਗੂਗਲ ਪੇਅ ਰਾਹੀਂ ਭੇਜੇ ਗਏ। ਇਸ ਤੋਂ ਬਾਅਦ 9 ਜੂਨ ਨੂੰ ਕੰਪਨੀ ਦੇ ਖਾਤੇ 'ਚ 50 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਗਏ। 10 ਜੂਨ ਨੂੰ ਪੱਪੂ ਰਾਮ, ਕਮਲ ਦਵਾਰਿਕਾ ਪ੍ਰਸਾਦ ਅਤੇ ਡਰਾਈਵਰ ਸੁਰੇਸ਼ ਇਮੀਗ੍ਰੇਸ਼ਨ ਕੰਪਨੀ ਦੇ ਦਫ਼ਤਰ ਆਏ। ਉਨ੍ਹਾਂ ਨੇ 11 ਲੱਖ 9 ਹਜ਼ਾਰ ਰੁਪਏ ਨਕਦ ਦਿੱਤੇ। 10 ਜੂਨ 1 ਲੱਖ 9 ਹਜ਼ਾਰ ਰੁਪਏ, ਸੁਰਿੰਦਰ ਦੇ ਖਾਤੇ 'ਚੋਂ 15 ਹਜ਼ਾਰ, 60 ਹਜ਼ਾਰ, 25 ਹਜ਼ਾਰ, 15 ਹਜ਼ਾਰ, 25 ਹਜ਼ਾਰ ਅਤੇ 1 ਲੱਖ 40 ਹਜ਼ਾਰ ਰੁਪਏ ਭੇਜੇ ਗਏ ਸਨ। ਦਵਾਰਿਕਾ ਪ੍ਰਸਾਦ ਦੇ ਖਾਤੇ 'ਚੋਂ ਇਕ ਲੱਖ 39 ਹਜ਼ਾਰ 999 ਰੁਪਏ ਜਮ੍ਹਾਂ ਕਰਵਾਏ ਗਏ। ਕੰਪਨੀ ਨੇ ਕਿਹਾ ਕਿ 15 ਜੂਨ ਦੀ ਟਿਕਟ ਤਿਆਰ ਹੈ। ਕੁੱਲ 27 ਲੋਕਾਂ ਨੂੰ ਵਿਦੇਸ਼ ਭੇਜਿਆ ਜਾਣਾ ਸੀ, ਪਰ ਕੰਪਨੀ ਨੇ ਜਾਅਲੀ ਟਿਕਟਾਂ ਅਤੇ ਵੀਜ਼ੇ ਦਿੱਤੇ। ਇਸ ਤੋਂ ਬਾਅਦ ਉਕਤ ਕੰਪਨੀ ਨੇ ਪੈਸੇ ਅਤੇ ਦਸਤਾਵੇਜ਼ ਦੇਣ ਤੋਂ ਇਨਕਾਰ ਕਰ ਦਿੱਤਾ। ਸਾਈਬਰ ਸੈੱਲ ਨੇ ਵੀਜ਼ਾ ਕੰਪਨੀ ਦੇ ਮਾਲਕ ਅਤੇ ਮੁਲਾਜ਼ਮਾਂ ਖ਼ਿਲਾਫ਼ 35 ਲੱਖ ਰੁਪਏ ਦੀ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।

# 5 ਲੋਕਾਂ ਨੂੰ ਜਿਊਂਦੇ ਸਾੜ ਕੇ ਕਤਲ ਕਰਨ ਵਾਲੇ ਦੋਸ਼ੀ ਨੂੰ ਕੋਰਟ ਨੇ ਸੁਣਾਈ ਸਜਾ-ਏ-ਮੌਤ

**ਸਰਦੂਲ ਸਿੰਘ**

ਮੈਨਪੁਰੀ 16 ਅਗਸਤ। ਉੱਤਰ ਪ੍ਰਦੇਸ਼ 'ਚ ਮੈਨਪੁਰੀ ਦੀ ਇਕ ਅਦਾਲਤ ਨੇ 4 ਸਾਲ ਪਹਿਲਾਂ ਇਕ ਹੀ ਪਰਿਵਾਰ ਦੇ 5 ਜੀਆਂ ਨੂੰ ਸਾੜ ਕੇ ਮਾਰਨ ਦੇ ਮਾਮਲੇ 'ਚ ਦੋਸ਼ੀ ਇਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਮੌਤ ਦੀ ਸਜਾ ਸੁਣਾਈ ਹੈ। ਜਿ਼ਲ੍ਹਾ ਸਰਕਾਰ ਦੇ ਵਕੀਲ ਪੁਸਪੇਂਦਰ ਸਿੰਘ ਚੌਹਾਨ ਨੇ ਬੁੱਧਵਾਰ ਨੂੰ ਦੱਸਿਆ ਕਿ ਕੋਤਵਾਲੀ ਥਾਣੇ ਦੇ ਪਿੰਡ ਮਾਧੋਨਗਰ ਖਰਪੜੀ 'ਚ ਚਾਰ ਸਾਲ ਪੁਰਾਣੇ ਸਮੂਹਿਕ ਕਤਲ ਦੇ ਮਾਮਲੇ 'ਚ ਜਿ਼ਲ੍ਹਾ ਅਤੇ ਸੈਸਨ ਜੱਜ ਸੁਧੀਰ ਕੁਮਾਰ ਨੇ ਮੰਗਲਵਾਰ ਨੂੰ ਦੋਸੀ ਮੁਰਾਰੀ ਕਸਯਪ ਨੂੰ ਦੋਸੀ ਪਾਇਆ ਅਤੇ ਉਸ ਨੂੰ ਮੌਤ ਦੀ ਸਜਾ ਸੁਣਾਈ। ਚੌਹਾਨ ਨੇ ਦੱਸਿਆ ਕਿ ਪਿੰਡ ਮਾਧੋਨਗਰ ਖਰਪੜੀ ਦੇ ਵਸਨੀਕ ਮੁਰਾਰੀ ਕਸਯਪ ਅਤੇ ਇਸੇ ਪਿੰਡ ਦੇ ਜਗਦੀਸ ਵਿਚਕਾਰ ਹੋਲੀ ਦੇ ਤਿਉਹਾਰ ਦੌਰਾਨ ਡੀਜੇ ਦੀ ਆਵਾਜ ਨੂੰ ਲੈ ਕੇ ਝਗੜਾ ਹੋ ਗਿਆ ਸੀ। ਇਸ ਦੌਰਾਨ ਮੁਰਾਰੀ ਨੇ ਜਗਦੀਸ ਨੂੰ ਉਸ ਦੇ ਪਰਿਵਾਰ ਸਮੇਤ ਖਤਮ ਕਰਨ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ 18 ਜੂਨ 2020 ਦੀ ਰਾਤ ਨੂੰ ਜਗਦੀਸ ਦਾ ਭਰਾ ਰਾਮ ਬਹਾਦਰ, ਉਸ ਦੀ ਪਤਨੀ ਸਰਲਾ ਦੇਵੀ, ਧੀਆਂ ਸੰਧਿਆ (17), ਸਿ਼ਖਾ (10) ਅਤੇ ਦੋਹਤਾ ਰਿਸੀ ਆਪਣੇ ਘਰ 'ਚ ਸੌਂ ਰਹੇ ਸਨ। ਅੱਧੀ ਰਾਤ ਦੇ ਕਰੀਬ ਮੁਰਾਰੀ ਰਾਮ ਬਹਾਦੁਰ ਦੇ ਘਰ ਦਾਖਲ ਹੋਇਆ ਅਤੇ ਮਿੱਟੀ ਦਾ ਤੇਲ ਪਾ ਕੇ ਘਰ ਨੂੰ ਅੱਗ ਲਗਾ ਦਿੱਤੀ। ਭੱਜਦੇ ਹੋਏ ਉਸ ਨੇ ਬਾਹਰੋਂ ਕੁੰਡੀ ਲਗਾ ਦਿੱਤੀ। ਚੌਹਾਨ ਨੇ ਦੱਸਿਆ ਕਿ ਅੱਗ ਨੇ ਪੂਰੇ ਘਰ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਪਰਿਵਾਰ ਦੇ 5 ਮੈਂਬਰ ਅੱਗ ਦੀ ਲਪੇਟ 'ਚ ਆ ਗਏ। ਜਦੋਂ ਉਨ੍ਹਾਂ ਨੇ ਮਦਦ ਲਈ ਰੌਲਾ ਪਾਇਆ ਤਾਂ



ਪਿੰਡ ਵਾਸੀ ਉਨ੍ਹਾਂ ਨੂੰ ਬਚਾਉਣ ਲਈ ਆ ਗਏ ਅਤੇ ਦਰਵਾਜਾ ਤੋੜ ਕੇ ਬੁਰੀ ਤਰ੍ਹਾਂ ਨਾਲ ਝੁਲਸੇ ਰਾਮ ਬਹਾਦਰ, ਸਰਲਾ ਦੇਵੀ, ਸੰਧਿਆ, ਸਿ਼ਖਾ ਅਤੇ ਰਿਸੀ ਨੂੰ ਜਿ਼ਲ੍ਹਾ ਹਸਪਤਾਲ ਪਹੁੰਚਾਇਆ। ਰਾਮ ਬਹਾਦਰ ਦੀ ਇਲਾਜ ਦੌਰਾਨ ਮੌਤ ਹੋ ਗਈ। ਬਾਕੀ ਜਖਮੀਆਂ ਨੂੰ ਮੈਡੀਕਲ ਕਾਲਜ ਸੈਫਈ ਲਿਜਾਇਆ ਗਿਆ, ਜਿੱਥੇ ਸੰਧਿਆ, ਸਰਲਾ, ਸਿ਼ਖਾ ਅਤੇ ਰਿਸੀ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਜਗਦੀਸ ਨੇ ਮੁਰਾਰੀ ਕਸਯਪ ਖਿ਼ਲਾਫ ਥਾਣਾ ਸਦਰ 'ਚ ਮਾਮਲਾ ਦਰਜ ਕਰਵਾਇਆ ਸੀ, ਜਿਸ 'ਚ ਸਰਲਾ, ਸੰਧਿਆ, ਸਿ਼ਖਾ, ਰਿਸੀ ਅਤੇ ਰਾਮ ਬਹਾਦੁਰ ਨੂੰ ਉਨ੍ਹਾਂ ਦੇ ਘਰ 'ਚ ਸਾੜ ਕੇ ਮਾਰਨ ਦਾ ਦੋਸ ਲਗਾਇਆ ਸੀ। ਜਿ਼ਲ੍ਹਾ ਅਤੇ ਸੈਸਨ ਜੱਜ ਸੁਧੀਰ ਕੁਮਾਰ ਨੇ ਦੋਹਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਮੁਰਾਰੀ ਕਸਯਪ ਨੂੰ ਸਮੂਹਿਕ ਕਤਲ ਦੇ ਦੋਸਾਂ ਤਹਿਤ ਦੋਸੀ ਕਰਾਰ ਦਿੰਦਿਆਂ ਮੌਤ ਦੀ ਸਜਾ ਸੁਣਾਈ।

### ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਲੜਨਗੇ ਸਿੱਖ

ਸ਼੍ਰੀਨਗਰ 16 ਅਗਸਤ। ਆਲ ਪਾਰਟੀ ਸਿੱਖ ਕੋਆਰਡੀਨੇਸਨ ਕਮੇਟੀ (ਏ.ਪੀ.ਐੱਸ.ਸੀ.ਸੀ.) ਨੇ ਮੰਗਲਵਾਰ ਨੂੰ ਕਿਹਾ ਕਿ ਜੰਮੂ-ਕਸਮੀਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਕੁਝ ਸੀਟਾਂ 'ਤੇ ਸਿੱਖ ਉਮੀਦਵਾਰਾਂ ਨੂੰ ਉਤਾਰਿਆ ਜਾਵੇਗਾ। ਏ.ਪੀ.ਐੱਸ.ਸੀ.ਸੀ. ਦੇ ਪ੍ਰਧਾਨ ਜਗਮੋਹਨ ਸਿੰਘ ਰੈਨਾ ਨੇ ਮੰਗਲਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ 'ਚ ਕਿਹਾ,"ਅਸੀਂ ਕਸਮੀਰ ਦੀਆਂ ਕੁਝ ਵਿਧਾਨ ਸਭਾ ਸੀਟਾਂ 'ਤੇ ਸਿੱਖ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ, ਜਿੱਥੇ ਸਾਡੇ ਭਾਈਚਾਰੇ ਦੀ ਮਜਬੂਤ ਮੌਜੂਦਗੀ ਹੈ। ਅਸੀਂ ਬਹੁਗਿਣਤੀ ਭਾਈਚਾਰੇ ਨੂੰ ਸਿੱਖ ਉਮੀਦਵਾਰਾਂ ਦਾ ਸਮਰਥਨ ਕਰਨ ਦੀ ਬੇਨਤੀ ਕਰਦੇ ਹਾਂ।" ਉਨ੍ਹਾਂ ਕਿਹਾ ਕਿ ਪਿਛਲੇ 77 ਸਾਲਾਂ 'ਚ ਭਾਈਚਾਰੇ ਦੀਆਂ ਸਿ਼ਕਾਇਤਾਂ ਦੇ ਹੱਲ ਲਈ ਇੱਥੋਂ ਦੀ ਸਰਕਾਰ ਤੋਂ ਮਦਦ ਮੰਗੀ ਗਈ ਸੀ ਪਰ ਕਿਸੇ ਨੇ ਮਦਦ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਕਦੇ ਵੀ ਬਹੁਗਿਣਤੀ ਭਾਈਚਾਰੇ ਤੋਂ ਕੁਝ ਨਹੀਂ ਮੰਗਿਆ ਪਰ ਹੁਣ ਅਸੀਂ ਸਿੱਖ ਉਮੀਦਵਾਰਾਂ ਨੂੰ ਵਿਧਾਨ ਸਭਾ 'ਚ ਭੇਜਣ ਲਈ ਉਨ੍ਹਾਂ ਦੀ ਮਦਦ ਚਾਹੁੰਦੇ ਹਾਂ, ਜਿੱਥੇ ਉਹ ਸਾਡੇ ਸਾਰਿਆਂ ਲਈ ਗੱਲ ਕਰਨਗੇ।"

## ਛੇ ਧੀਆਂ ਅਤੇ ਮਾਂ ਦੀ ਕੁੱਟਮਾਰ ਕਰਨ ਦੇ ਮਾਮਲੇ 'ਚ ਪੰਜਾਬ ਮਹਿਲਾ ਕਮਿਸ਼ਨ ਦੀ ਵੱਡੀ ਕਾਰਵਾਈ

ਚੰਡੀਗੜ੍ਹ 16 ਅਗਸਤ। ਪੰਜਾਬ ਰਾਜ ਮਹਿਲਾ ਕਮਿਸਨ ਨੇ ਮੁਕਤਸਰ ਦੇ ਇਕ ਪਿੰਡ ਵਿਚ ਛੇ ਧੀਆਂ ਅਤੇ ਉਨ੍ਹਾਂ ਦੀ ਮਾਂ ਦੀ ਕਥਿਤ ਤੌਰ 'ਤੇ ਇਕ ਵਿਅਕਤੀ ਵੱਲੋਂ ਕੁੱਟਮਾਰ ਕਰਨ ਦੀ ਘਟਨਾ ਸਬੰਧੀ ਮੀਡੀਆ ਵਿਚ ਪ੍ਰਕਾਸਿ਼ਤ ਖਬਰਾਂ ਦਾ ਸਖਤ ਨੋਟਿਸ ਲਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪੰਜਾਬ ਰਾਜ ਮਹਿਲਾ ਕਮਿਸਨ ਦੀ ਚੇਰਪਰਸਨ ਰਾਜ ਲਾਲੀ ਗਿੱਲ ਨੇ ਦੱਸਿਆ ਕਿ ਬੀਤੇ ਦਿਨੀਂ ਜਿ਼ਲ੍ਹਾ ਮੁਕਤਸਰ ਦੇ ਇਕ ਪਿੰਡ ਵਿਚ ਵਿਅਕਤੀ ਵੱਲੋਂ ਨਾਬਾਲਗ ਲੜਕੀ ਨਾਲ ਛੇੜਛਾੜ ਕੀਤੀ ਗਈ ਅਤੇ ਜਦੋਂ ਲੜਕੀ ਦੇ ਪਰਿਵਾਰ ਨੇ ਉਸਦਾ ਵਿਰੋਧ ਕੀਤਾ ਤਾਂ ਵਿਅਕਤੀ ਨੇ ਪਰਿਵਾਰ ਦੀਆਂ ਛੇ ਧੀਆਂ ਅਤੇ ਮਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ । ਇਸ ਘਟਨਾ ਉਪਰੰਤ ਇਹ ਪਰਿਵਾਰ ਹਸਪਤਾਲ ਵਿਚ ਇਲਾਜ ਲਈ ਦਾਖਲ ਵੀ ਰਿਹਾ। ਚੇਅਰਪਰਸਨ ਗਿੱਲ ਨੇ ਦੱਸਿਆ



ਕਿ ਇਸ ਮਾਮਲੇ ਵਿਚ ਸਮਾਂ ਬੀਤਣ ਦੇ ਬਾਵਜੂਦ ਵੀ ਜਿ਼ਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸੰਬੰਧਤ ਪੁਲਸ ਥਾਣੇ ਵੱਲੋਂ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਕਮਿਸਨ ਦੇ ਦਖਲ ਤੋਂ ਬਾਅਦ ਦੋਸੀ ਵਿਅਕਤੀ ਵਿਰੁੱਧ ਪੁਲਸ ਨੇ ਪਰਚਾ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਹੈ। ਚੇਅਰਪਰਸਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਹਿਲਾਵਾਂ ਵਿਰੁੱਧ ਕਿਸੇ ਤਰ੍ਹਾਂ ਦਾ ਜੁਰਮ ਬਰਦਾਸਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਮਹਿਲਾ ਨੂੰ ਉਸਦਾ ਬਣਦਾ ਮਾਣ-ਸਨਮਾਨ ਦੇਣਾ ਸੂਬਾ ਸਰਕਾਰ ਦੀ ਪਹਿਲੀ ਜਿ਼ੰਮੇਵਾਰੀ ਹੈ। ਉਨ੍ਹਾ ਦੱਸਿਆ ਕਿ ਪੁਲਸ ਨੂੰ ਹਦਾਇਤ ਕੀਤੀ ਗਈ ਹੈ ਕਿ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇ।

## ਪਤੀ ਤੇ ਦੋਸਤਾਂ ਨਾਲ ਘੁੰਮਣ ਆਈ ਕੁੜੀ ਦੀ ਹੋਟਲ 'ਚ ਮੌਤ, ਦੂਜੀ ਮੰਜਿਲ ਤੋਂ ਡਿਗਦਿਆਂ ਹੀ ਨਿਕਲੇ ਸਾਹ

ਜ਼ੀਰਕਪੁਰ 16 ਅਗਸਤ। ਦਿੱਲੀ ਤੋਂ ਚੰਡੀਗੜ੍ਹ ਅਤੇ ਹਿਮਾਚਲ ਘੁੰਮਣ ਆਈ ਵਿਆਹੁਤਾ ਦੀ ਜ਼ੀਰਕਪੁਰ ਦੇ ਹੋਟਲ ਦੀ ਦੂਜੀ ਮੰਜ਼ਿਲ ਤੋਂ ਡਿੱਗਣ ਕਾਰਨ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਦਿੱਲੀ ਵਾਸੀ ਰਿਤਿਕ ਦੀ ਪਤਨੀ ਸ੍ਰਿਸ਼ਟੀ ਵਜੋਂ ਹੋਈ ਹੈ। ਢਕੋਲੀ ਪੁਲਸ ਨੇ ਦੇਹ ਨੂੰ ਹਸਪਤਾਲ ਪਹੁੰਚਾ ਦਿੱਤਾ ਹੈ ਤੇ ਪਰਿਵਾਰਕ ਮੈਂਬਰਾਂ ਨੂੰ ਥਾਣੇ ਆ ਕੇ ਬਿਆਨ ਦੇਣ ਲਈ ਕਿਹਾ ਹੈ। ਥਾਣਾ ਇੰਚਾਰਜ ਗੁਰਮੇਹਰ ਸਿੰਘ ਅਨੁਸਾਰ ਸ੍ਰਿਸ਼ਟੀ ਪਤੀ ਤੇ ਹੋਰ ਜੋੜਿਆਂ ਨਾਲ ਆਈ ਸੀ। ਉਨ੍ਹਾਂ ਨੇ ਅਜੀਤ ਇਨਕਲੇਵ 'ਚ ਆਰ.ਐੱਸ. ਕਿੰਗਜ਼ ਹੋਟਲ 'ਚ ਕਮਰਾ ਬੁੱਕ ਕਰਵਾਇਆ ਸੀ। ਸ੍ਰਿਸ਼ਟੀ ਨੂੰ ਇਕ ਦਿਨ ਪਹਿਲਾਂ ਚੱਕਰ ਆਇਆ ਤਾਂ ਉਸ ਨੂੰ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਸੀ, ਜਿੱਥੇ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਛੁੱਟੀ ਦੇ ਦਿੱਤੀ। ਸੋਮਵਾਰ ਸਵੇਰੇ ਸ੍ਰਿਸ਼ਟੀ ਨੂੰ ਫਿਰ ਚੱਕਰ ਆਇਆ ਤੇ ਉਹ ਉੱਠ ਕੇ ਦੂਜੀ ਮੰਜ਼ਿਲ 'ਤੇ ਬਣੇ ਕਮਰੇ ਦੀ ਬਾਲਕੋਨੀ 'ਤੇ ਬੈਠ ਗਈ। ਇਸ ਦੌਰਾਨ ਰਿਤਿਕ ਹੋਰ ਜੋੜਿਆਂ ਨਾਲ ਨਾਸ਼ਤਾ ਕਰਨ ਲਈ ਹੇਠਾਂ ਰੈਸਟੋਰੈਂਟ 'ਚ ਗਿਆ। ਕੁਝ ਦੇਰ ਬਾਅਦ ਪਤਾ ਲੱਗਾ ਕਿ ਸ੍ਰਿਸ਼ਟੀ ਕਲੋਨੀ ਦੀ ਗਲੀ 'ਚ ਬਾਲਕੋਨੀ ਤੋਂ ਹੇਠਾਂ ਡਿੱਗ ਗਈ, ਜਿਸ ਨੂੰ ਰਿਤਿਕ ਨੇ ਚੁੱਕ ਕੇ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਜਾਂਚ ਤੋਂ ਬਾਅਦ ਸ੍ਰਿਸ਼ਟੀ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਰਿਤਿਕ ਦੇ ਬਿਆਨ ਦਰਜ ਕਰਨ ਤੋਂ ਬਾਅਦ ਦਿੱਲੀ ਤੋਂ ਉਸ ਦੇ ਪਰਿਵਾਰ ਮੈਂਬਰਾਂ ਨੂੰ ਬੁਲਾਇਆ, ਜੋ ਦੇਰ ਸ਼ਾਮ ਜ਼ੀਰਕਪੁਰ ਪਹੁੰਚੇ ਤੇ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸੀ. ਬੀ. ਐੱਸ. ਈ. ਦੀ ਭਰਤੀ ਲਈ ਕਰਵਾਈ ਪ੍ਰੀਖਿਆ 'ਚ ਕੜੇ ਲੁਹਾਉਣ ਦੀ ਪ੍ਰਧਾਨ ਧਾਮੀ ਨੇ ਕੀਤੀ ਨਿੰਦਾ

**ਕਿਸ਼ਨ ਪਾਲ**

ਅੰਮ੍ਰਿਤਸਰ 16 ਅਗਸਤ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀ. ਬੀ. ਐੱਸ. ਈ. ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਕਰਵਾਈ ਗਈ ਪ੍ਰੀਖਿਆ ਦੌਰਾਨ ਚੰਡੀਗੜ੍ਹ ਦੇ ਸੈਕਟਰ 7 ਸਥਿਤ ਨਿੱਜੀ ਸਕੂਲ ਵਿਖੇ ਬਣੇ ਕੇਂਦਰ ਵਿਖੇ ਸਿੱਖ ਉਮੀਦਵਾਰਾਂ ਦੇ ਕੜੇ ਲੁਹਾਉਣ ਦੀ ਹਰਕਤ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਸੀ. ਬੀ. ਐੱਸ. ਈ. ਦੇ ਅਧਿਕਾਰੀ ਦੇ ਅਹੁਦੇ ਲਈ ਭਰਤੀ ਪ੍ਰੀਖਿਆ ਵਿੱਚ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦੋਸ਼ੀ ਅਧਿਕਾਰੀਆਂ ਖਿ਼ਲਾਫ ਸਖਤ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਇਮਤਿਹਾਨ ਦੇਣ ਗਏ ਉਮੀਦਵਾਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੇਂਦਰ ਵਿੱਚ ਦਾਖਲੇ ਤੋਂ ਪਹਿਲਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਵੱਲੋਂ ਕੜੇ ਲੁਹਾਉਣ ਦੀ ਇਤਰਾਜਯੋਗ ਕਾਰਵਾਈ ਕੀਤੀ ਗਈ ਹੈ, ਜੋ ਧਾਰਮਿਕ ਅਜਾਦੀ ਦੇ ਹੱਕ ਦੀ ਉਲੰਘਣਾ ਹੈ। ਕੜਾ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ,



ਜਿਸ ਨੂੰ ਉਤਾਰਨ ਲਈ ਮਜਬੂਰ ਕਰਨਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਘਟਨਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਅੱਗੇ ਵੀ ਸਾਹਮਣੇ ਆਈਆਂ ਹਨ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਹਮੇਸ਼ਾ ਹੀ ਇਨ੍ਹਾਂ ਮਾਮਲਿਆਂ ਦੀ ਪੈਰਵਾਈ ਕੀਤੀ ਜਾਂਦੀ ਹੈ, ਪਰੰਤੂ ਸਰਕਾਰਾਂ ਮੁਕਾਬਲਾ ਇਮਤਿਹਾਨਾਂ ਦੌਰਾਨ ਸਾਰੇ ਧਰਮਾਂ ਖਾਸਕਰ ਸਿੱਖਾਂ ਦੇ ਧਾਰਮਿਕ ਸਰੋਕਾਰਾਂ ਤੇ ਅਕੀਦਿਆਂ ਪ੍ਰਤੀ ਸੰਜੀਦਾ ਨਜਰ ਨਹੀਂ ਆਉਂਦੀਆਂ। ਐਡਵੋਕੇਟ ਧਾਮੀ ਨੇ ਸਰਕਾਰਾਂ ਅਤੇ ਮੁਕਾਬਲਾ ਇਮਤਿਹਾਨ ਕਰਵਾਉਣ ਵਾਲੀਆਂ ਏਜੰਸੀਆਂ, ਕਮਿਸ਼ਨਾਂ ਤੇ ਬੋਰਡਾਂ ਨੂੰ ਸਿੱਖ ਕਕਾਰਾਂ ਪ੍ਰਤੀ ਸੰਜੀਦਾ ਪਹੁੰਚ ਅਪਨਾ ਕੇ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨਾਲ ਸਬੰਧਤ ਇਸ ਮਾਮਲੇ ਦੀ ਸਮੁੱਚੀ ਜਾਣਕਾਰੀ ਹਾਸਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ 'ਤੇ ਢੁਕਵੀਂ ਕਾਰਵਾਈ ਅੱਗੇ ਵਧਾਈ ਜਾਵੇਗੀ।

## ਸੈਂਟਰਲ ਜੇਲ੍ਹ ਇਕ ਵਾਰ ਮੁੜ ਸੁਰਖੀਆਂ 'ਚ, ਕੈਦੀਆਂ/ਹਵਾਲਾਤੀਆਂ ਤੋਂ ਮਿਲੇ 7 ਮੋਬਾਈਲ

ਲੁਧਿਆਣਾ 16 ਅਗਸਤ। ਤਾਜਪੁਰ ਰੋਡ ਦੀ ਕੇਂਦਰੀ ਜੇਲ੍ਹ ਇਕ ਵਾਰ ਫਿਰ ਸੁਰਖੀਆਂ 'ਚ ਆ ਗਈ ਹੈ, ਕਿਉਂਕਿ ਮੋਬਾਈਲਾਂ ਦੀ ਬਰਾਮਦਗੀ ਰੁਕਣ ਦਾ ਨਾਂ ਨਹੀਂ ਲੈ ਰਹੀ। ਇਸੇ ਕੜੀ ਤਹਿਤ ਚੈਕਿੰਗ ਦੌਰਾਨ ਕੈਦੀਆਂ/ਹਵਾਲਾਤੀਆਂ ਤੋਂ 7 ਮੋਬਾਈਲ ਬਰਾਮਦ ਹੋਣ 'ਤੇ ਸਥਾਨਕ ਪੁਲਸ ਨੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਹਾਇਕ ਸੁਪਰਡੈਂਟ ਹਰਮਿੰਦਰ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਬੈਰਕਾਂ ਵਿਚ ਚਲਾਈ ਜਾ ਰਹੀ ਸਰਚ ਮੁਹਿੰਮ ਦੌਰਾਨ ਕੈਦੀ ਦਕਸ਼ ਅਰੋੜਾ, ਮਨਦੀਪ ਸਿੰਘ, ਹਵਾਲਾਤੀ ਪੰਕਜ ਮਲਣ, ਕਰਣ, ਲਵਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਤੋਂ 7 ਕੀਪੈਡ ਮੋਬਾਈਲ ਬਰਾਮਦ ਕੀਤੇ ਗਏ। ਪੁਲਸ ਜਾਂਚ ਅਧਿਕਾਰੀ ਗੁਰਦਿਆਲ ਸਿੰਘ ਨੇ ਕਾਨੂੰਨੀ ਕਾਰਵਾਈ ਕਰਦੇ ਹੋਏ 52-ਏ ਪ੍ਰਿਜ਼ਨ ਐਕਟ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਹੈ। ਦੱਸਣਯੋਗ ਹੈ ਕਿ ਜੇਲ੍ਹ ਵਿਚ ਪਿਛਲੇ ਕੁਝ ਦਿਨਾਂ ਤੋਂ ਕੈਦੀਆਂ ਤੋਂ ਮੋਬਾਈਲ ਬਰਾਮਦ ਹੋਣ ਦੀਆਂ ਗਤੀਵਿਧੀਆਂ ਵਧ ਗਈਆਂ ਹਨ, ਜਿਸ ਕਾਰਨ ਸੁਰੱਖਿਆ ਪ੍ਰਣਾਲੀ ਸ਼ੱਕ ਦੇ ਘੇਰੇ ਵਿਚ ਆ ਰਹੀ ਹੈ। ਜੇਲ੍ਹ ਦੇ ਅਧਿਕਾਰੀ ਸਮੇਂ-ਸਮੇਂ 'ਤੇ ਸੁਰੱਖਿਆ ਦੇ ਕਰੜੇ ਪ੍ਰਬੰਧਾਂ ਦੇ ਦਾਅਵੇ ਵੀ ਕਰਦੇ ਹਨ।

## ਅਦਾਲਤ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 14 ਦਿਨ ਲਈ ਭੇਜਿਆ ਜੇਲ੍ਹ

ਜਲੰਧਰ 16 ਅਗਸਤ। ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਮਾਣਯੋਗ ਅਦਾਲਤ ਵੱਲੋਂ 14 ਦਿਨਾਂ ਦੀ ਜੂਡੀਸ਼ੀਅਲ ਕਸਟਡੀ 'ਤੇ ਭੇਜ ਦਿੱਤਾ ਗਿਆ ਹੈ। ਆਸ਼ੂ ਹੁਣ 14 ਦਿਨ ਜੇਲ੍ਹ ਵਿਚ ਰਹਿਣਗੇ ਤੇ 14 ਦਿਨ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਦੱਸ ਦਈਏ ਕਿ ਭਾਰਤ ਭੂਸ਼ਣ ਆਸ਼ੂ ਨੂੰ ਈ.ਡੀ. ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਈ.ਡੀ. ਅਧਿਕਾਰੀਆਂ ਵੱਲੋਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸਣ ਆਸ਼ੂ ਨੂੰ ਅੱਜ ਸਖਤ ਸੁਰੱਖਿਆ ਵਿਚਕਾਰ ਮਾਨਯੋਗ ਵਧੀਕ ਜਿ਼ਲਾ ਅਤੇ ਸੈਸਨ ਜੱਜ ਧਰਮਿੰਦਰ ਪਾਲ ਸਿੰਗਲਾ ਦੀ ਅਦਾਲਤ ਵਿਚ ਭਾਰੀ ਪੁਲਸ ਸੁਰੱਖਿਆ ਵਿਚ ਪੇਸ ਕੀਤਾ ਗਿਆ। ਦੱਸ ਦਈਏ ਕਿ ਈ.ਡੀ. ਵੱਲੋਂ ਆਸ਼ੂ ਨੂੰ 1 ਅਗਸਤ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਅਧਿਕਾਰੀਆਂ ਨੇ ਆਸ਼ੂ ਨੂੰ ਪਿਛਲੇ 10 ਦਿਨਾਂ ਦੇ ਰਿਮਾਂਡ 'ਤੇ ਲਿਆ ਹੋਇਆ ਸੀ ਤੇ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਸੀ। ਆਸ਼ੂ ਪੰਜਾਬ ਵਿਚ ਕਾਂਗਰਸ ਸਰਕਾਰ ਵੇਲੇ ਮੰਤਰੀ ਸਨ ਤੇ ਉਸ ਵੇਲੇ ਹੋਏ ਟੈਂਡਰ ਘਪਲੇ ਮਾਮਲੇ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਈ.ਡੀ. ਦੇ ਵਕੀਲ ਅਜੇ ਪਠਾਨਿਆਂ ਅਤੇ ਹੋਰਨਾਂ ਮੌਜੂਦ ਵਕੀਲਾਂ ਵੱਲੋਂ ਅਦਾਲਤ ਵਿਚ ਭਾਰਤ ਭੂਸਣ ਆਸੂ ਵੱਲੋਂ ਕੀਤੇ ਗਏ ਕਰੋੜਾਂ ਰੁਪਏ ਦੇ ਘਪਲੇ ਨੂੰ ਲੈ ਕੇ ਦਸਤਾਵੇਜ ਪੇਸ ਕੀਤੇ ਗਏ। ਜਿੱਥੇ ਅਦਾਲਤ ਨੇ ਦੋਵੇਂ ਪੱਖਾਂ ਦੇ ਵਕੀਲਾਂ ਦੀ ਬਹਿਸ ਸੁਣਨ ਉਪਰੰਤ ਸਾਬਕਾ ਮੰਤਰੀ ਭਾਰਤ ਭੂਸਣ ਆਸੂ ਨੂੰ 14 ਦਿਨਾਂ ਲਈ ਜੂਡੀਸੀਅਲ ਹਿਰਾਸਤ ਵਿਚ ਜੇਲ੍ਹ ਭੇਜੇ ਜਾਣ ਦਾ ਹੁਕਮ ਸੁਣਾਇਆ ਹੈ।

## ਇਕ ਹੋਰ ਮੰਦਭਾਗੀ ਘਟਨਾ, ਨਸ਼ੇ ਦਾ ਟੀਕਾ ਲਗਾਉਂਦਿਆਂ ਹੀ ਨੌਜਵਾਨ ਦੀ ਮੌਤ

ਬਠਿੰਡਾ 16 ਅਗਸਤ। ਚਿੱਟੇ ਦੀ ਓਵਰਡੋਜ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਸਹਾਰਾ ਜਨਸੇਵਾ ਨੂੰ ਸਥਾਨਕ ਬਠਿੰਡਾ ਬਾਦਲ ਰੋਡ 'ਤੇ ਬਾਦਲ ਓਵਰਬ੍ਰਿਜ 'ਤੇ ਪੁਲ ਹੇਠਾਂ ਇਕ ਨੌਜਵਾਨ ਦੀ ਲਾਸ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਣ 'ਤੇ ਸੰਸਥਾ ਦੀ ਹੈਲਪਲਾਈਨ ਟੀਮ ਰਜਿੰਦਰ ਕੁਮਾਰ ਐਂਬੂਲੈਂਸ ਲੈ ਕੇ ਮੌਕੇ 'ਤੇ ਪਹੁੰਚ ਗਈ। ਨੌਜਵਾਨ ਮ੍ਰਿਤਕ ਪਿਆ ਸੀ ਅਤੇ ਉਸ ਦੀ ਬਾਂਹ ਵਿਚ ਇਕ ਸਰਿੰਜ ਲੱਗੀ ਹੋਈ ਸੀ। ਉਸ ਦਾ ਸਕੂਟਰ ਵੀ ਨੇੜੇ ਹੀ ਖੜ੍ਹਾ ਸੀ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਚੌਕੀ ਵਰਧਮਾਨ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ। ਮ੍ਰਿਤਕ ਦੇ ਸਕੂਟਰ 'ਚੋਂ ਆਰ. ਸੀ. ਅਤੇ ਸਰਿੰਜ ਨੂੰ ਪੁਲਸ ਨੇ ਆਪਣੇ ਕਬਜੇ 'ਚ ਲੈ ਲਿਆ।

## ਚੋਰਾਂ ਨੇ ਬੰਦ ਪਏ ਘਰ ਦੇ ਤਾਲੇ ਤੋੜ ਕੇ ਲੱਖਾਂ ਦੇ ਗਹਿਣੇ ਤੇ ਹਜਾਰਾਂ ਦੀ ਨਕਦੀ ਕੀਤੀ ਚੋਰੀ

ਜਲੰਧਰ 16 ਅਗਸਤ। ਥਾਣਾ ਨੰ. 2 ਦੇ ਇਲਾਕੇ 'ਚ ਹਰ ਰੋਜ ਚੋਰੀ ਅਤੇ ਲੁੱਟਖੋਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਤੇ ਪੁਲਸ ਇਨ੍ਹਾਂ ਨੂੰ ਰੋਕਣ 'ਚ ਨਾਕਾਮ ਸਾਬਤ ਹੋ ਰਹੀ ਹੈ। ਇਸ ਤਰ੍ਹਾਂ ਚੋਰਾਂ ਨੇ ਸੁੱਕਰਵਾਰ ਨੂੰ ਦਾਨਾ ਮੰਡੀ ਨੇੜੇ ਸਥਿਤ ਗੋਪਾਲ ਨਗਰ 'ਚ ਇਕ ਬੰਦ ਘਰ ਨੂੰ ਨਿਸਾਨਾ ਬਣਾ ਕੇ ਘਰ ਦੇ ਤਾਲੇ ਤੋੜ ਕੇ ਲੱਖਾਂ ਦੇ ਗਹਿਣੇ ਅਤੇ ਨਕਦੀ ਚੋਰੀ ਕਰਕੇ ਫਰਾਰ ਹੋ ਗਏ। ਚੋਰ ਜਿਸ ਸਮੇਂ ਘਰ ਅੰਦਰ ਦਾਖਲ ਹੋਏ ਤਾਂ ਪੂਰਾ ਪਰਿਵਾਰ ਸਹਿਰ ਤੋਂ ਬਾਹਰ ਕਿਸੇ ਰਿਸਤੇਦਾਰ ਦੇ ਘਰ ਗਿਆ ਹੋਇਆ ਸੀ। ਚੋਰੀ ਦੀ ਸੂਚਨਾ ਮਿਲਣ ਤੋਂ ਬਾਅਦ ਪਰਿਵਾਰ ਨੇ ਚੋਰੀ ਦੀ ਸਿ਼ਕਾਇਤ ਥਾਣਾ ਨੰ. 2 ਦੀ ਪੁਲਸ ਨੂੰ ਦਿੱਤੀ। ਚੋਰੀ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਅਣਪਛਾਤੇ ਦੋਸੀਆਂ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸਿ਼ਕਾਇਤ 'ਚ ਗੋਪਾਲ ਨਗਰ ਵਾਸੀ ਭਰਤ ਸਰਮਾ ਨੇ ਦੱਸਿਆ ਕਿ ਵੀਰਵਾਰ ਰਾਤ ਉਹ ਆਪਣੇ ਪਰਿਵਾਰ ਨਾਲ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ। ਸੁੱਕਰਵਾਰ ਸਵੇਰੇ ਜਦੋਂ ਅਸੀਂ ਘਰ ਆਏ ਤਾਂ ਦੇਖਿਆ ਕਿ ਦਰਵਾਜੇ ਦੇ ਤਾਲੇ ਟੁੱਟੇ ਹੋਏ ਸਨ। ਅੰਦਰ ਜਾ ਕੇ ਵੇਖਿਆ ਤਾਂ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਉਨ੍ਹਾਂ ਜਦ ਸਾਮਾਨ ਦੀ ਜਾਂਚ ਕੀਤੀ ਤਾਂ ਅੰਦਰ ਅਲਮਾਰੀ 'ਚ ਰੱਖੇ ਲੱਖਾਂ ਰੁਪਏ ਦੇ ਗਹਿਣੇ ਤੇ ਨਕਦੀ ਗਾਇਬ ਸੀ।

## ਰਾਹਤ ਨਾਲੋਂ ਵੱਧ ਆਫਤ ਲੈ ਕੇ ਆਇਆ ਮੀਂਹ, ਪੰਜਾਬ ਸਣੇ ਇਨ੍ਹਾਂ ਸੂਬਿਆਂ ਲਈ ਮੁੜ ਜਾਰੀ ਹੋ ਗਿਆ ਅਲਰਟ

**ਏਜੰਸੀਆਂ**

ਜਲੰਧਰ 16 ਅਗਸਤ। ਪੰਜਾਬ, ਹਰਿਆਣਾ ਤੇ ਹਿਮਾਚਲ ਸਣੇ ਦੇਸ਼ ਦੇ ਕਈ ਸੂਬਿਆਂ 'ਚ ਭਾਰੀ ਮੀਂਹ ਦਾ ਕਹਿਰ ਦੇਖਣ ਨੂੰ ਮਿਲਿਆ ਹੈ, ਜਿਸ ਨਾਲ ਸੜਕਾਂ, ਬੱਸ ਅੱਡਿਆਂ ਸਣੇ ਅਨੇਕਾਂ ਜਨਤਕ ਥਾਵਾਂ 'ਤੇ ਪਾਣੀ ਹੀ ਪਾਣੀ ਹੋ ਗਿਆ ਅਤੇ ਵਾਹਨ ਰਾਹ ਵਿਚਾਲੇ ਹੀ ਬੰਦ ਹੁੰਦੇ ਨਜਰ ਆਏ। ਇਸ ਬਾਰਿਸ਼ ਕਾਰਨ ਉੱਤਰ ਭਾਰਤ ਦੇ ਤਾਪਮਾਨ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ, ਜਿਸ ਕਾਰਨ ਗਰਮੀ ਤੋਂ ਕਾਫੀ ਹੱਦ ਤੱਕ ਰਾਹਤ ਮਿਲੀ ਹੈ। ਰਾਜਧਾਨੀ ਦਿੱਲੀ 'ਚ ਵੱਧ ਤੋਂ ਵੱਧ 32 ਡਿਗਰੀ ਅਤੇ ਘੱਟੋ-ਘੱਟ 26 ਡਿਗਰੀ ਤੱਕ ਪਹੁੰਚ ਗਿਆ ਹੈ। ਇਹ ਭਾਰੀ ਬਾਰਿਸ਼ ਰਾਹਤ ਨਾਲੋਂ ਜਿ਼ਆਦਾ ਮੁਸ਼ਕਿਲਾਂ ਲੈ ਕੇ ਆਈ, ਕਿਉਂਕਿ ਲੋਕਾਂ ਦਾ ਘਰੋਂ ਨਿਕਲਣਾ ਵੀ ਔਖਾ ਹੋ ਰਿਹਾ ਸੀ। ਘਰਾਂ ਤੱਕ ਪਾਣੀ ਆ ਗਿਆ ਸੀ ਤੇ ਗਲੀਆਂ-ਨਾਲੀਆਂ ਤੋਂ ਇਲਾਵਾ ਸੜਕਾਂ ਨੇ ਵੀ ਛੱਪੜਾਂ ਦਾ ਰੂਪ ਧਾਰ ਲਿਆ ਸੀ। ਕਈ ਸੂਬਿਆਂ 'ਚ ਮੀਂਹ ਦੇ ਕਹਿਰ ਨਾਲ ਆਮ ਜਨਤਾ ਨੂੰ ਭਾਰੀ ਪ੍ਰੇਸ਼ਾਨੀ ਝਲਣੀ ਪਈ। ਉਥੇ ਹੀ ਹਿਮਾਚਲ ਦੇ ਕਿਨੌਰ 'ਚ ਬੱਦਲ ਫੱਟਣ ਕਾਰਨ ਤਬਾਹੀ ਦਾ ਮੰਜਰ ਦੇਖਣ ਨੂੰ ਮਿਲਿਆ। ਮੋਹਲੇਧਾਰ ਮੀਂਹ ਵਿਚ ਮੌਸਮ ਵਿਭਾਗ ਵੱਲੋਂ ਕਈ ਸੂਬਿਆਂ 'ਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਮਾਨਸੂਨ ਸੀਜਨ ਦੌਰਾਨ ਹੁਣ ਤੱਕ ਪੰਜਾਬ 'ਚ ਬਹੁਤਾ ਮੀਂਹ ਨਹੀਂ ਦੇਖਣ ਨੂੰ ਮਿਲਿਆ ਸੀ ਪਰ ਇਸ ਮੀਂਹ ਨਾਲ ਪਿਛਲੀ ਸਾਰੀ ਕਸਰ ਨਿਕਲ




ਗਈ। ਲਗਾਤਾਰ ਕਈ ਘੰਟਿਆਂ ਤਕ ਪਏ ਮੀਂਹ ਕਾਰਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਪਾਣੀ ਭਰਿਆ ਦੇਖਣ ਨੂੰ ਮਿਲਿਆ ਤੇ ਮੀਂਹ ਦਾ ਪਾਣੀ ਲੋਕਾਂ ਦੇ ਘਰਾਂ ਤਕ ਪਹੁੰਚ ਗਿਆ। ਪੰਜਾਬ 'ਚ ਘੱਟੋ ਘੱਟ ਤਾਪਮਾਨ 24 ਡਿਗਰੀ ਦੇ ਕਰੀਬ ਪਹੁੰਚ ਗਿਆ, ਜੋ ਕਿ ਰਾਹਤ ਲੈ ਕੇ ਆਇਆ। ਉਥੇ ਹੀ ਹਿਮਾਚਲ 'ਚ ਮੋਹਲੇਧਾਰ ਮੀਂਹ ਨਾਲ ਤਬਾਹੀ ਮਚੀ ਹੋਈ ਹੈ ਅਤੇ ਕਿਨੌਰ ਦੇ ਖਾਬ 'ਚ ਬੱਦਲ ਫੱਟਣ ਨਾਲ ਬਿਆਸ ਦਰਿਆ ਦੇ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉੱਪਰ ਪਹੁੰਚ ਚੁੱਕਾ ਹੈ। ਮੌਸਮ ਵਿਭਾਗ ਵੱਲੋਂ ਸੂਬਿਆਂ ਦੇ ਕਈ ਜਿ਼ਲ੍ਹਿਆਂ 'ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਪੂਰੇ ਸੂਬੇ 'ਚ ਨਦੀ-ਨਾਲੇ ਚੜ੍ਹੇ ਹੋਏ ਹਨ ਅਤੇ ਕਈ ਥਾਵਾਂ 'ਤੇ ਸੜਕਾਂ ਤੇ ਬੱਸ ਸਟੈਂਡ ਪੂਰੀ ਤਰ੍ਹਾਂ ਜਲਮਗਨ ਹੋ ਗਏ ਹਨ। ਮੰਡੀ, ਸਿਰਮੌਰ, ਸ਼ਿਮਲਾ ਅਤੇ ਕੁੱਲੂ ਦੇ ਵੱਖ-ਵੱਖ ਇਲਾਕਿਆਂ 'ਚ ਹੜ੍ਹ ਦੇ ਖਤਰੇ ਪ੍ਰਤੀ ਸੁਚੇਤ ਕੀਤਾ ਗਿਆ ਹੈ। ਹਰਿਆਣਾ 'ਚ ਮੀਂਹ ਤੋਂ ਬਾਅਦ ਵੱਧ ਤੋਂ ਵੱਧ ਤਾਪਮਾਨ 34 ਡਿਗਰੀ ਜਦਕਿ ਘੱਟ ਤੋਂ ਘੱਟ ਤਾਪਮਾਨ 24 ਡਿਗਰੀ ਰਿਕਾਰਡ ਕੀਤਾ ਗਿਆ। ਇਥੇ ਵੀ ਕਈ ਸ਼ਹਿਰਾਂ 'ਚ ਮੋਹਰੇਧਾਰ ਮੀਂਹ ਕਾਰਨ ਸੜਕਾਂ 'ਤੇ ਪਾਣੀ ਭਰ ਗਿਆ। ਇਸ ਤੋਂ ਇਲਾਵਾ ਦਿੱਲੀ 'ਚ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਦੇਸ਼ ਦੇ 20 ਤੋਂ ਵੱਧ ਸੂਬਿਆਂ 'ਚ ਮੀਂਹ ਪੈਣ ਦੀ ਸੰਭਾਵਨਾ ਜਤਾਈ ਹੈ। ਵਿਭਾਗ ਮੁਤਾਬਕ ਅੱਜ ਪੰਜਾਬ, ਦਿੱਲੀ, ਹਰਿਆਣਾ, ਉੱਤਰਾਖੰਡ ਤੋਂ ਇਲਾਵਾ ਉੱਤਰੀ ਪੂਰਬੀ ਸੂਬਿਆਂ 'ਚ ਭਾਰੀ ਬਾਰਿਸ਼ ਦਾ ਆਰੇਂਜ ਅਲਰਟ ਜਾਰੀ ਕੀਤਾ ਹੈ।

# 3 ਸਤੰਬਰ ਤੋਂ ਸ਼ੁਰੂ ਹੋਣਗੇ ਹੁਸ਼ਿਆਰਪੁਰ 'ਚ 'ਖੇਡਾਂ ਵਤਨ ਪੰਜਾਬ ਦੀਆਂ-2024' ਖੇਡ ਮੁਕਾਬਲੇ: ਕੋਮਲ ਮਿੱਤਲ

**ਏਜੰਸੀਆਂ**

ਹੁਸ਼ਿਆਰਪੁਰ 16 ਅਗਸਤ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿਚ 3 ਸਤੰਬਰ ਤੋਂ 7 ਸਤੰਬਰ ਤੱਕ ਬਲਾਕ ਪੱਧਰੀ ਚੱਲਣ ਵਾਲੇ 'ਖੇਡਾਂ ਵਤਨ ਪੰਜਾਬ ਦੀਆਂ-2024'ਖੇਡ ਮੁਕਾਬਲਿਆਂ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਸਾਰਿਆਂ ਨੂੰ ਖੇਡ ਆਯੋਜਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਗੇਤੇ ਤੌਰ 'ਤੇ ਤਿਆਰੀਆਂ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਨਾਲ ਐੱਸ. ਪੀ. (ਹੈੱਡਕੁਆਰਟਰ) ਮਨੋਜ ਠਾਕੁਰ, ਐੱਸ. ਡੀ. ਐੱਮ. ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ, ਐੱਸ. ਡੀ. ਐੱਮ. ਗੜ੍ਹਸ਼ੰਕਰ ਸ਼ਿਵਰਾਜ ਸਿੰਘ ਬੱਲ, ਐੱਸ. ਡੀ. ਐੱਮ. ਦਸੂਹਾ ਪ੍ਰਦੀਪ ਬੈਂਸ, ਐੱਸ. ਡੀ. ਐੱਮ. ਮੁਕੇਰੀਆਂ ਅਸ਼ੋਕ ਕੁਮਾਰ, ਐੱਸ. ਡੀ. ਐੱਮ. ਟਾਂਡਾ ਵਿਓਮ ਭਾਰਦਵਾਜ ਅਤੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਖੇਡ ਮੁਕਾਬਲਿਆਂ ਦੀ ਸ਼ੁਰੂਆਤ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ 'ਤੇ ਸੰਗਰੂਰ ਵਿਚ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਇਨ੍ਹਾਂ ਖੇਡ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖੇਡ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਇਹ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ੇ ਵਰਗੀਆਂ ਬੁਰਾਈਆਂ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡ ਮੁਕਾਬਲਿਆਂ ਵਿਚ ਰਜਿਸਟਰੇਸ਼ਨ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪੋਰਟਲ 5... ਸਥਾਪਿਤ ਕੀਤਾ ਗਿਆ ਹੈ, ਜਿੱਥੇ ਖਿਡਾਰੀ 28 ਅਗਸਤ ਤੱਕ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ-2024'ਤਹਿਤ ਵੱਖ-ਵੱਖ ਬਲਾਕ ਪੱਧਰ 'ਤੇ ਖੇਡ ਮੁਕਾਬਲੇ ਹੋਣਗੇ, ਜਿਸ ਤੋਂ ਬਾਅਦ ਸੂਬਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਖੇਡ ਮੁਕਾਬਲਿਆਂ ਵਿਚ ਅੰਡਰ 14, 17, 21 ਤੋਂ ਇਲਾਵਾ ਵੱਖ-ਵੱਖ ਉਮਰ ਵਰਗ 21-30, 31-40, 41-50, 51-60 ਤੇ 61-70 ਤੇ 70 ਸਾਲ ਤੋਂ ਵੱਧ ਉਮਰ ਵਰਗ ਦੇ ਵਿਅਕਤੀ ਹਿੱਸਾ ਲੈ ਸਕਦੇ ਹਨ। ਕੋਮਲ ਮਿੱਤਲ ਨੇ ਦੱਸਿਆ ਕਿ ਪਹਿਲੇ ਪੜਾਅ ਵਿਚ 3 ਸਤੰਬਰ ਤੋਂ 5 ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਬਲਾਕ ਤਲਵਾੜਾ ਵਿਚ ਭਵਨੌਰ, ਬਲਾਕ ਮੁਕੇਰੀਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਰਾਮ ਸਹਾਏ ਅਤੇ ਕੈਂਪ ਗਰਾਊਂਡ ਮੁਕੇਰੀਆਂ, ਬਲਾਕ ਟਾਂਡਾ ਵਿਚ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਟਾਂਡਾ, ਬਲਾਕ ਹੁਸ਼ਿਆਰਪੁਰ-2 ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਅਤੇ ਬਲਾਕ ਗੜ੍ਹਸ਼ੰਕਰ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਵਿਚ ਖੇਡ ਮੁਕਾਬਲੇ ਕਰਵਾਏ ਜਾਣਗੇ। ਇਸੇ ਤਰ੍ਹਾਂ ਦੂਸਰੇ ਪੜਾਅ ਵਿਚ 6 ਸਤੰਬਰ ਤੋਂ 7 ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਬਲਾਕ ਭੂੰਗਾ ਵਿਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਅਤੇ ਖਾਲਸਾ ਕਾਲਜ ਗੜ੍ਹਦੀਵਾਲਾ, ਬਲਾਕ ਹਾਜੀਪੁਰ ਵਿਚ ਪਿੰਡ ਰੈਲੀ ਅਤੇ ਪਿੰਡ ਨੰਗਲ ਬਿਹਾਲਾ, ਬਲਾਕ ਦਸੂਹਾ ਵਿਚ ਕੈਂਪ ਗਰਾਊਂਡ ਦਸੂਹਾ, ਬਲਾਕ ਹੁਸ਼ਿਆਰਪੁਰ-1 ਵਿਚ ਆਊਟਡੋਰ ਸਟੇਡੀਅਮ ਹੁਸ਼ਿਆਰਪੁਰ ਅਤੇ ਬਲਾਕ ਮਾਹਿਲਪੁਰ ਵਿਚ ਸਕਰਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਮਾਹਿਲਪੁਰ ਅਤੇ ਸ੍ਰੀ ਗੁਰੂ ਗੋਬਿੰਦ ਖਾਲਸਾ ਕਾਲਜ ਮਾਹਿਲਪੁਰ ਵਿਚ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ-2024 ਦੀ ਟੋਰਚ ਰਿਲੇਅ ਰੈਲੀ 23 ਅਗਸਤ ਸ਼ਾਮ ਨੂੰ ਹੁਸ਼ਿਆਰਪੁਰ ਪਹੁੰਚੇਗੀ ਅਤੇ 24 ਸਵੇਰੇ 7 ਵਜੇ ਜ਼ਿਲ੍ਹੇ ਦੇ ਖਿਡਾਰੀਆਂ ਵੱਲੋਂ ਵੱਖ-ਵੱਖ ਸਥਾਨਾਂ ਤੋਂ ਮਸ਼ਾਲ ਰਿਲੇਅ ਰੈਲੀ ਕੱਢਦੇ ਹੋਏ ਜਲੰਧਰ ਲਈ ਰਵਾਨਾ ਕਰ ਦਿੱਤੀ ਜਾਵੇਗੀ। ਇਸ ਮੌਕੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੁਖਵੀਰ ਕੌਰ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ, ਜ਼ਿਲਾ ਸਿੱਖਿਆ ਅਫ਼ਸਰ (ਸ) ਲਲਿਤਾ ਰਾਣੀ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।



## ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲੇ ਜਾਣ 'ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਬਿਆਨ ਆਇਆ ਸਾਹਮਣੇ

ਅੰਮ੍ਰਿਤਸਰ 16 ਅਗਸਤ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਨਿਸਾਨ ਸਾਹਿਬ ਦੇ ਪੁਸਾਕੇ ਦੇ ਰੰਗ ਠੀਕ ਕਰਨ ਦੇ ਸਬੰਧ ਵਿਚ ਉਨ੍ਹਾਂ ਦੇ ਹਵਾਲੇ ਨਾਲ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖਬਰਾਂ ਦਾ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਲੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀਂ ਇੰਗਲੈਂਡ ਦੌਰੇ ਦੌਰਾਨ ਉਨ੍ਹਾਂ ਨੂੰ ਕੁਝ ਸਿੰਘ ਮਿਲੇ ਸਨ, ਜਿਨ੍ਹਾਂ ਨੇ ਨਿਸਾਨ ਸਾਹਿਬ ਦੇ ਪੁਸਾਕੇ ਦੇ ਰੰਗ ਸਬੰਧੀ ਸਵਾਲ ਕੀਤੇ। ਇਸ ਦੇ ਸਬੰਧ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਦੱਸਿਆ ਸੀ ਕਿ ਨਿਸਾਨ ਸਾਹਿਬ ਦੇ ਪੁਸਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫੈਸਲਾ ਨਹੀਂ ਕੀਤਾ ਬਲਕਿ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਲਿਖਿਆ ਹੈ ਕਿ ਨਿਸਾਨ ਸਾਹਿਬ ਦੇ ਪੁਸਾਕੇ 'ਬਸੰਤੀ ਜਾਂ ਸੁਰਮਈ' ਰੰਗ ਦੇ ਹੋਣੇ ਚਾਹੀਦੇ ਹਨ। ਇਸ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਨਿਸਾਨ ਸਾਹਿਬ ਦਾ ਰੰਗ ਸਹੀ ਕੀਤਾ ਗਿਆ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਨਿਸਾਨ ਸਾਹਿਬ ਦੇ ਪੁਸਾਕੇ ਦੇ ਰੰਗ ਨੂੰ ਲੈ ਕੇ ਸੰਗਤ ਵਲੋਂ ਪ੍ਰਗਟਾਈ ਜਾ ਰਹੀ ਦੁਬਿਧਾ ਨੂੰ ਦੂਰ ਕਰਨ ਦੇ ਸਬੰਧ ਵਿਚ 15 ਜੁਲਾਈ 2024 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਹੋਇਆ ਆਦੇਸ ਪੱਤਰ ਪੜ੍ਹ ਕੇ ਵੀ ਸੁਣਾਇਆ ਸੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਹਵਾਲੇ ਨਾਲੇ ਸੱਚਾਈ ਤੋਂ ਦੂਰ ਫੈਲਾਈਆਂ ਜਾ ਰਹੀਆਂ ਖਬਰਾਂ ਬਿਲਕੁਲ ਝੂਠੀਆਂ ਅਤੇ ਗੁੰਮਰਾਹਕੁੰਨ ਹਨ ਅਤੇ ਸੰਗਤ ਸੁਚੇਤ ਰਹੇ।